ਉਨੀਵਾਂ ਸਾਲ
PARDES TIMES
19th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)
ਮਾਂ ਬੋਲੀ ਨੂੰ ਸਮਰਪਿਤ
www.pardestimes.com
pardestimes
ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 | No. 475 | August 4, 2025 | E-mail : info@pardestimes.com | Ph 510-938-7771

## ਆਪ ਸਰਕਾਰ ਦੇ ਖਿਲਾਫ ਪੰਜਾਬ ਵਿਚ ਫੈਲਿਆ ਰੋਹ

### ਪੰਜਾਬ ਦੀਆਂ ਸੜਕਾਂ ‘ਤੇ ਫਿਰ ਆਏ ਟਰੈਕਟਰ, ਵਿਰੋਧੀ ਪਾਰਟੀਆਂ ਸਮੇਤ ਕਿਸਾਨ ਜਥੇਬੰਦੀਆਂ ਨੇ ਸਰਕਾਰ ਖਿਲਾਫ ਵੱਡਾ ਸੰਘਰਸ਼ ਆਰੰਭ ਕੀਤਾ

ਚੰਡੀਗੜ੍ਹ- ਪੰਜਾਬ ਦੀ ਭਗਵੰਤ ਮਾਨ ਸਰਕਾਰ ਦੁਆਰਾ ਨਵੀਂ ਲੈਂਡ ਪੂਲਿੰਗ ਨੀਤੀ ਤਹਿਤ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਐਕਵਾਇਰ ਕਰਨ ਦਾ ਨੋਟਿਸ ਕੱਢਣ ਤੋਂ ਬਾਅਦ ਜਿਉਂ ਹੀ ਇਸ ’ਤੇ ਬਹਿਸ ਅਤੇ ਪਬਲਿਕ ਚਰਚਾ ਆਰੰਭ ਹੋਈ ਤਾਂ ਪੰਜਾਬ ਦੇ ਕਿਸਾਨਾਂ ਰੋਹ ਵਿਚ ਆ ਗਏ। ਹਰੇਕ ਪਿੰਡ ਵਿਚ ਕਿਸਾਨ ਸਰਕਾਰ ਦੇ ਖਿਲਾਫ ਖੁੱਲ੍ਹ ਕੇ ਸਾਹਮਣੇ ਆ ਗਏ ਅਤੇ ਵਿਰੋਧੀ ਪਾਰਟੀਆਂ ਸਮੇਤ ਕਿਸਾਨ ਜਥੇਬੰਦੀਆਂ ਨੇ ਫਿਰ ਦੁਬਾਰਾ ਦਿੱਲੀ ਮੋਰਚੇ ਵਰਗਾ ਸੰਘਰਸ਼ ਆਰੰਭ ਕਰ ਦਿੱਤਾ। ਹਾਲਾਤ ਇਹ ਹਨ ਕਿ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਰਕਰ ਲੁਕਦੇ ਫਿਰ ਰਹੇ ਹਨ ਅਤੇ ਪਿੰਡਾਂ ਵਿਚ ਵੜਨ ਤੋਂ ਵੀ ਡਰਨ ਲੱਗੇ ਹਨ। ਸਰਕਾਰ ਨੇ ਅੰਦਰਖਾਤੇ ਇਸ ਰੋਹ ਨੂੰ ਰੋਕਣ ਲਈ ਹੱਥਕੰਡੇ ਵਰਤਣੇ ਆਰੰਭ ਕਰ ਦਿੱਤੇ ਹਨ। ਪਿੰਡਾਂ ਵਿਚ ਸਰਪੰਚਾਂ ਤੋਂ ਮਤੇ ਵਾਲੇ ਰਜਿਸਟਰ ਖੋਹ ਲਏ ਹਨ, ਸਰਪੰਚਾਂ ਨੂੰ ਬੀ. ਡੀ. ਪੀ. ਓ. ਧਮਕੀਆਂ ਦੇ ਰਹੇ ਹਨ ਕਿ ਜੇਕਰ ਮਤਾ ਪਾਇਆ ਤਾਂ ਸਸਪੈਂਡ ਕਰ ਦਿੱਤਾ ਜਾਵੇਗਾ। ਪਿੰਡਾਂ ਵਿਚ ਆਮ ਆਦਮੀ ਪਾਰਟੀ ਦੇ ਖਿਲਾਫ ਲੱਗੇ ਪੋਸਟਰ ਹਨੇਰੇ-ਸਵੇਰੇ ਫੜਵਾਏ ਜਾ ਰਹੇ ਹਨ। ਪੁਲਿਸ ਦੀ ਵਰਤੋਂ ਕਰਕੇ ਲੋਕ ਰੋਹ ਨੂੰ ਦਬਾਉਣ ਦੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ। ਰੈਵੇਨਿਊ ਵਿਭਾਗ ਨੂੰ ਕਿਸਾਨਾਂ ਨੂੰ ਫਰਦਾਂ ਦੇਣ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ, ਪਟਵਾਰੀਆਂ ਦੀ ਵਰਤੋਂ ਕਰਕੇ ਕਿਸਾਨਾਂ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸੋਸ਼ਲ ਮੀਡੀਆ ਤੇ ਕਿਸਾਨ ਸ਼ਰੇਆਮ ਬਗਾਵਤ ਅਤੇ ਹਥਿਆਰ ਚੁੱਕਣ ਦੀਆਂ ਧਮਕੀਆਂ ਦੇ ਰਹੇ ਹਨ।



ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਜ਼ਰੀਏ ਪੰਜਾਬ ਸਰਕਾਰ ਦੀ ‘ਲੈਂਡ ਪੂਲਿੰਗ ਨੀਤੀ’ ਨੂੰ ਚੁਣੌਤੀ ਦਿੱਤੀ ਗਈ ਹੈ। ਪੰਜਾਬ ਸਰਕਾਰ ਵੱਲੋਂ ਨੋਟੀਫਾਈਡ ਕੀਤੀ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਪਹਿਲਾਂ ਹੀ ਸੂਬੇ ਵਿੱਚ ਵਿਰੋਧੀ ਧਿਰਾਂ ਅਤੇ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਦਾ ਬਿਗਲ ਵਜਾਇਆ ਹੋਇਆ ਹੈ। ਹੁਣ ਕਾਨੂੰਨੀ ਲੜਾਈ ਵੀ ਵਿੱਢੀ ਗਈ ਹੈ। ਸਮਾਜਿਕ ਕਾਰਕੁਨ ਨਵਿੰਦਰ ਪੀਕੇ ਸਿੰਘ ਅਤੇ ਸਮਿਤਾ ਕੌਰ ਨੇ ਜਨਤਕ ਪਟੀਸ਼ਨ ਦਾਇਰ ਕਰਕੇ ਲੈਂਡ ਪੂਲਿੰਗ ਨੀਤੀ ਨੂੰ ਚੁਣੌਤੀ ਦਿੱਤੀ ਹੈ।

ਹਾਈ ਕੋਰਟ ਦੇ ਮੁੱਖ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਹੇਠਲੇ ਡਿਵੀਜ਼ਨ ਬੈਂਚ ਨੇ ਇਸ ਪਟੀਸ਼ਨ ਦੀ ਅੱਜ ਸੁਣਵਾਈ ਕੀਤੀ। ਬੈਂਚ ਨੇ ਪਟੀਸ਼ਨਰ ਨੂੰ ਪਟੀਸ਼ਨ ’ਚ ਕੁੱਝ ਸੋਧਾਂ ਕਰਨ ਦੀ ਗੱਲ ਕਹੀ ਹੈ। ਅਗਲੀ ਸੁਣਵਾਈ 19 ਅਗਸਤ ਨੂੰ ਹੋਵੇਗੀ। ਜਨਹਿਤ ਪਟੀਸ਼ਨ ’ਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਨੇ 4 ਜੁਲਾਈ ਨੂੰ ਲੈਂਡ ਪੂਲਿੰਗ ਨੀਤੀ ਬਣਾ ਕੇ ਉਪਜਾਊ ਤੇ ਬਹੁ ਫ਼ਸਲੀ ਜ਼ਮੀਨਾਂ ਐਕੁਆਇਰ ਕਰਨ ਦੀ ਯੋਜਨਾ ਬਣਾਈ ਹੈ। ਪਟੀਸ਼ਨ ਵਿੱਚ ਲੈਂਡ ਪੂਲਿੰਗ ਨੀਤੀ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ’ਚ ਦਲੀਲ ਦਿੱਤੀ ਗਈ ਹੈ ਕਿ ਲੈਂਡ ਪੂਲਿੰਗ ਨੀਤੀ ਨਿਰਪੱਖ ਮੁਆਵਜ਼ਾ, ਪ੍ਰਭਾਵਿਤ ਪਰਿਵਾਰਾਂ ਦੇ ਮੁੜ ਵਸੇਬੇ ਅਤੇ ਇਸ ਨੀਤੀ ਕਾਰਨ ਪੈਣ ਵਾਲੇ ਸਮਾਜਿਕ ਪ੍ਰਭਾਵਾਂ ਦੀ ਅਣਦੇਖੀ ਕਰ ਰਹੀ ਹੈ। ਵਰਣਨਯੋਗ ਹੈ ਕਿ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਤਹਿਤ ਪੰਜਾਬ ਦੀ ਕਰੀਬ 65 ਹਜ਼ਾਰ ਏਕੜ ਜ਼ਮੀਨ ਐਕੁਆਇਰ ਕਰਨੀ ਹੈ, ਜਿਸ ਵਿੱਚ ਲੁਧਿਆਣਾ ਦੇ ਕਰੀਬ 50 ਪਿੰਡਾਂ ਦੀ 24 ਹਜ਼ਾਰ ਏਕੜ ਤੋਂ ਵੱਧ ਖੇਤੀ ਵਾਲੀ ਜ਼ਮੀਨ ਐਕੁਆਇਰ ਕੀਤੀ ਜਾਣੀ ਹੈ। ਪੰਜਾਬ ਸਰਕਾਰ ਜ਼ਮੀਨ ਪ੍ਰਾਪਤੀ ਪਿੱਛੇ ਸ਼ਹਿਰੀ ਵਿਕਾਸ ਅਤੇ ਉਦਯੋਗਿਕ ਵਿਕਾਸ ਦਾ ਹਵਾਲਾ ਦੇ ਰਹੀ ਹੈ।

ਪਟੀਸ਼ਨਰਾਂ ਦਾ ਕਹਿਣਾ ਹੈ ਕਿ ਇਸ ਨੀਤੀ ਕਰਕੇ ਹਜ਼ਾਰਾਂ ਕਿਸਾਨ ਪਰਿਵਾਰਾਂ ਦੀ ਰੋਜ਼ੀ-ਰੋਟੀ ਦਾ ਮਸਲਾ ਖੜ੍ਹਾ ਹੋ ਜਾਣਾ ਹੈ। ਪੰਜਾਬ ਦੀ ਖੇਤੀ ਹੇਠੋਂ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਵੀ ਨਿਕਲ ਜਾਣੀ ਹੈ। ਪਟੀਸ਼ਨਰਾਂ ਅਨੁਸਾਰ ਇਸ ਨੀਤੀ ਵਿੱਚ ਹੋਰ ਵੀ ਕਈ ਨੁਕਸ ਹਨ। ਲੈਂਡ ਪੂਲਿੰਗ ਨੀਤੀ ਭੂਮੀ ਪ੍ਰਾਪਤੀ, ਪੁਨਰਵਾਸ ਐਕਟ, 2013 ਦੀ ਮੂਲ ਭਾਵਨਾ ਦੇ ਖ਼ਿਲਾਫ਼ ਭੁਗਤਦੀ ਹੈ। ਪਟੀਸ਼ਨਰਾਂ ਦਾ ਕਹਿਣਾ ਹੈ ਕਿ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਦੇ ਖੁੱਸਣ ਮਗਰੋਂ ਇਕੱਲਾ ਕਿਸਾਨ ਨਹੀਂ ਬਲਕਿ ਇਸ ਜ਼ਮੀਨ ’ਤੇ ਨਿਰਭਰ ਹੋਰਨਾਂ ਤਬਕਿਆਂ ਦਾ ਰੁਜ਼ਗਾਰ ਵੀ ਪ੍ਰਭਾਵਿਤ ਹੋਵੇਗਾ, ਜਿਸ ਦੀ ਸੁਰੱਖਿਆ ਲਈ ਨੀਤੀ ਖ਼ਾਮੋਸ਼ ਹੈ। ਪਟੀਸ਼ਨ ’ਚ ਕਿਹਾ ਗਿਆ ਹੈ ਕਿ ਪੰਜਾਬ ਦੇ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਪੰਜਾਬ ਸਰਕਾਰ ਇਸ ਨੀਤੀ ਦੇ ਫ਼ਾਇਦੇ ਦੱਸ ਕੇ ਇਸ ਨੂੰ ਅੱਗੇ ਵਧਾ ਰਹੀ ਹੈ।

## ਖਾਲਸਾ ਕਾਲਜ ਅਲੂਮਨੀ ਦੀ ਅਗਲੀ ਮਿਲਣੀ ਅਗਸਤ 15 ਨੂੰ




ਖਾਲਸਾ ਕਾਲਜ ਅਲੂਮਨੀ ਦੀ ਅਗਲੀ ਮਿਲਣੀ ਅਗਸਤ 15, 2025 ਦਿਨ ਸ਼ੁੱਕਰਵਾਰ ਨੂੰ ਟਰੇਸੀ ਦੇ ਇੰਪੀਰੀਅਲ ਸਪਾਈਸ ਰੈਸਟੋਰੈਂਟ ਅਤੇ ਬਾਰ, ਟਰੇਸੀ ਵਿਖੇ ਹੋਵੇਗੀ। ਸਮਾਂ ਬਾਅਦ ਦੁਪਹਿਰ ਦੋ ਵਜੇ ਤੋਂ 5 ਵਜੇ ਤੱਕ ਹੋਵੇਗਾ। ਆਓ ਇਕ ਵਾਰ ਫਿਰ ਕਾਲਜ ਵੇਲੇ ਦੀਆਂ ਯਾਦਾਂ ਤਾਜ਼ਾ ਕਰੀਏ। ਚਾਹ ਦੇ ਕੱਪ ਨੂੰ ਅੱਧਾ ਹਿੱਸਾ ਕਰਕੇ ਕਿਵੇਂ ਪੀਂਦੇ ਸੀ, ਕਿਵੇਂ ਦੋ ਸਮੋਸੇ ਪਲੇਟ ਲੈ ਕੇ ਇਕ-ਇਕ ਖਾ ਲੈਂਦੇ ਸੀ ਜਾਂ ਤੁਹਾਡੀ ਉਹ ਯਾਦ ਜਿਹਨਾਂ ਨੂੰ ਤੁਸੀਂ ਹਾਲੇ ਤੱਕ ਕਿਸੇ ਨੂੰ ਨਹੀਂ ਦੱਸ ਸਕੇ।

ਆਓ ਖਾਲਸਾ ਕਾਲਜ ਜਲੰਧਰ/ਅੰਮ੍ਰਿਤਸਰ ਦੇ ਸਾਰੇ ਉਹ ਵਿਦਿਆਰਥੀ, ਜੋ ਕਿਸੇ ਸਾਲ ’ਚ ਕਿੰਨੇ ਸਾਲ ਤੱਕ ਵੀ ਜੇ ਪੜ੍ਹੇ ਹਨ, ਉਹ ਇਸ ਮਿਲਣੀ ’ਚ ਪਿਆਰ ਸਤਿਕਾਰ ਸਹਿਤ ਆ ਕੇ ਸਾਰਿਆਂ ਨਾਲ ਬੈਠ ਕੇ ਯਾਦਾਂ ਤਾਜ਼ਾ ਕਰ ਸਕਦੇ ਹਨ।

ਐਤਕੀ ਸਾਰੇ ਮਿਲ ਕੇ ਬਿਜ਼ਨਸ ਵਾਲੇ ਭਰਾਵਾਂ/ਭੈਣਾਂ ਲਈ ਵੀ ਅਲੱਗ ਵਟਸਐਪ ਗਰੁੱਪ ਵੀ ਬਣਾਵਾਂਗੇ। ਹੋਰ ਕਿਸੇ ਤਰ੍ਹਾਂ ਦੇ ਕੰਮਕਾਰ ਵਾਲਿਆਂ ਦਾ ਵਟਸਐਪ ਗਰੁੱਪ ਵੀ ਬਣਾਇਆ ਜਾਵੇਗਾ। ਸਭ ਦਾ ਧੰਨਵਾਦ

ਵੱਲੋਂ ਖਾਲਸਾ ਕਾਲਜ ਅਲੂਮਨੀ
Whatsapp Group
khalsa College Alumni
510-938-7771

## ਗੁਰਬਾਣੀ ਬਾਰੇ ਗਲਤ ਜਾਣਕਾਰੀ ਦਾ ਸ਼੍ਰੋਮਣੀ ਕਮੇਟੀ ਨੇ ਨੋਟਿਸ ਲਿਆ

ਅੰਮ੍ਰਿਤਸਰ-ਵੱਖ-ਵੱਖ ਗੁਰਬਾਣੀ ਐਪਸ ਉੱਤੇ ਗੁਰਬਾਣੀ ਦੀ ਗਲਤ ਪੇਸ਼ਕਾਰੀ, ਇੰਟਰਨੈੱਟ ਰਾਹੀਂ ਆ ਰਹੀਆਂ ਧਮਕੀਆਂ ਅਤੇ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਮੰਚਾਂ ਰਾਹੀਂ ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰਮਤਿ ਬਾਰੇ ਗਲਤ ਜਾਣਕਾਰੀ ਦੇਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਵੱਡੀ ਸਿਰਦਰਦੀ ਬਣ ਰਿਹਾ ਹੈ। ਦੇਸ਼-ਵਿਦੇਸ਼ ਦੀ ਸਿੱਖ ਸੰਗਤ ਵੱਲੋਂ ਮਿਲ ਰਹੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਅੱਜ ਸ਼੍ਰੋਮਣੀ ਕਮੇਟੀ ਨੇ ਅਜਿਹੇ ਵੱਖ-ਵੱਖ ਏਆਈ ਪਲੇਟਫਾਰਮਾਂ ਦੇ ਪ੍ਰਬੰਧਕਾਂ ਨੂੰ ਈ-ਮੇਲ ਪੱਤਰ ਭੇਜ ਕੇ ਇਸ ਸਬੰਧੀ ਇਤਰਾਜ਼ ਪ੍ਰਗਟਾਇਆ ਹੈ। ਜਿਹੜੇ ਏਆਈ ਪਲੇਟਫਾਰਮਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਈ-ਮੇਲਜ਼ ਭੇਜੀਆਂ ਗਈਆਂ ਹਨ, ਉਨ੍ਹਾਂ ਵਿੱਚ ਚੈਟ ਜੀਪੀਟੀ, ਡੀਪਸੀਕ, ਗਰੋਕ, ਜੈਮਿਨੀ ਏਆਈ, ਮੈਟਾ, ਗੂਗਲ, ਵੀਓ 3, ਡਿਸਕ੍ਰਿਪਟ, ਰਨਵੇਅ ਐੱਮਐੱਲ, ਪਿਕਟੋਰੀ, ਮਜਿਸਟੋ, ਇਨਵੀਡਿਓ, ਡੈਲ-ਈ 2, ਮਿੱਡਜਰਨੀ, ਡੀਪਏਆਈ ਅਤੇ ਹੋਰ ਸ਼ਾਮਲ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਧਰਮ ਦੀਆਂ ਆਪਣੀਆਂ ਮੌਲਿਕ ਪਰੰਪਰਾਵਾਂ ਹਨ, ਜਿਨ੍ਹਾਂ ਵਿੱਚ ਤਬਦੀਲੀ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਤਕਨੀਕੀ ਯੁੱਗ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਿੱਖ ਗੁਰੂ ਸਾਹਿਬਾਨ ਦੇ ਇਤਿਹਾਸ ਤੇ ਤਸਵੀਰਾਂ ਨਾਲ ਛੇੜ-ਛਾੜ ਕੀਤੇ ਜਾਣ ਨਾਲ ਸਿੱਖ ਹਿਰਦਿਆਂ ਨੂੰ ਡੂੰਘੀ ਸੱਟ ਵੱਜੀ ਹੈ।

## ਚਲਦੇ-ਚਲਦੇ

ਵਿਦੇਸ਼ ਮੰਤਰਾਲੇ ਨੇ ਪੰਜਾਬ ਦੇ ਬਿਜਲੀ ਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੂੰ ਅਮਰੀਕਾ ਜਾਣ ਦੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸ੍ਰੀ ਈਟੀਓ ਨੇ 4 ਤੋਂ 6 ਅਗਸਤ ਤੱਕ ਅਮਰੀਕਾ ਦੇ ਬੋਸਟਨ ਵਿੱਚ ਹੋਣ ਵਾਲੇ ਨੈਸ਼ਨਲ ਕਾਨਫ਼ਰੰਸ ਆਫ਼ ਸਟੇਟ ਲੈਜਿਸਲੇਚਰਜ਼ (ਐੱਨਸੀਐੱਸਐੱਲ) ਲੈਜਿਸਲੇਟਿਵ ਸੰਮੇਲਨ-2025 ਵਿੱਚ ਸ਼ਮੂਲੀਅਤ ਕਰਨ ਲਈ ਜਾਣਾ ਸੀ। ਇਸ ਤੋਂ ਪਹਿਲਾਂ ਵੀ ਵਿਦੇਸ਼ ਮੰਤਰਾਲੇ ਨੇ ਕਈ ਵਾਰ ਪੰਜਾਬ ਦੇ ਆਗੂਆਂ ਨੂੰ ਵਿਦੇਸ਼ ਦੌਰੇ ਦੀ ਮਨਜ਼ੂਰੀ ਨਹੀਂ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੂੰ ਅਮਰੀਕਾ ਦੇ ਬੋਸਟਨ ਵਿੱਚ ਹੋਣ ਵਾਲੇ ਤਿੰਨ ਦਿਨਾ ਉਕਤ ਸੰਮੇਲਨ ਵਿੱਚ ਸ਼ਾਮਲ ਹੋਣ ਦਾ ਸੱਦਾ ਮਿਲਿਆ ਹੈ। ਇਹ ਸੰਮੇਲਨ ਦੁਨੀਆ ਭਰ ਵਿੱਚ ਵਿਧਾਨਕ ਆਗੂਆਂ, ਸਟਾਫ਼ ਮਾਹਿਰਾਂ ਤੇ ਨੀਤੀ ਘਾੜਿਆਂ ਦੇ ਸਭ ਤੋਂ ਵੱਡੇ ਸੰਮੇਲਨਾਂ ਵਿੱਚੋਂ ਇੱਕ ਹੈ। ਇਹ ਬੇਮਿਸਾਲ ਮੌਕਿਆਂ ਨਾਲ ਭਰਪੂਰ ਮਾਹੌਲ ਪ੍ਰਦਾਨ ਕਰਦਾ ਹੈ। ਪੰਜਾਬ ਸਰਕਾਰ ਨੇ ਵਿਦੇਸ਼ ਮੰਤਰਾਲੇ ਤੋਂ ਕੈਬਨਿਟ ਮੰਤਰੀ ਦੇ ਅਮਰੀਕਾ ਦੌਰੇ ਲਈ ਕੁਝ ਦਿਨ ਪਹਿਲਾਂ ਪ੍ਰਵਾਨਗੀ ਮੰਗੀ ਸੀ।

Mann Insurance Brokers Inc.
ਕਮਰਸ਼ੀਅਲ ਟਰੱਕਾਂ, ਲਿਮੋਜ਼ੀਨ, ਵੈਨ (Van) ਵਾਸਤੇ ਚੰਗੇ ਰੇਟਾਂ ’ਤੇ ਜਲਦੀ ਇੰਸ਼ੋਰੈਂਸ ਲੈਣ ਲਈ ਇਕ ਵਾਰ ਭਰਾਵਾਂ ਨੂੰ ਜ਼ਰੂਰ ਫੋਨ ਕਰੋ। ਬਹੁਤ ਹੀ ਮਿਲਣਸਾਰ ਏਜੰਸੀ ਵਾਲੇ ਭਰਾਵਾਂ ਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ।

Phone:- 510-487-1000
LIC:- OF 34231
32146 Alvarado Blvd, Union City, CA 94587

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ
ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ

TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704


Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਵਿਰੋਧੀ ਧਿਰ ਅਤੇ ਧਨਖੜ ਦਾ ਮੁੱਦਾ



ਰਾਧਿਕਾ ਰਾਮਸ਼ੇਸਨ

ਕਾਂਗਰਸ ਦੀ ਅਗਵਾਈ ਹੇਠਲੇ 'ਇੰਡੀਆ' ਗੱਠਜੋੜ ਨੂੰ ਸ਼ਾਇਦ ਸੰਸਦ ਦੇ ਚੱਲ ਰਹੇ ਮੌਨਸੂਨ ਸੈਸ਼ਨ ਵਿੱਚ ਲੋੜੋਂ ਵੱਧ ਭਰੋਸੇਮੰਦ ਜਾਪ ਰਹੀ ਭਾਜਪਾ ਨੂੰ ਘੇਰਨ ਲਈ ਮੁੱਦਾ ਮਿਲ ਗਿਆ ਹੈ। ਵਿਰੋਧੀ ਧਿਰ ਦਾ ਗੱਠਜੋੜ ਅਪ੍ਰੇਸ਼ਨ ਸਿੰਧੂਰ, ਪਹਿਲਗਾਮ ਕਤਲੇਆਮ ਅਤੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਵਰਗੇ ਜਿਨ੍ਹਾਂ ਮੁੱਦਿਆਂ ਵਿੱਚ ਰੁੱਝਿਆ ਹੋਇਆ ਹੈ, ਉਹ ਬੇਚੈਨ ਕਰਨ ਵਾਲੇ ਸਵਾਲਾਂ ਦੇ ਘੇਰੇ ਵਿੱਚ ਹਨ ਪਰ ਸਰਕਾਰ ਦਾ ਮੰਨਣਾ ਸੀ ਕਿ ਉਹ ਇਨ੍ਹਾਂ ਤੂਫ਼ਾਨਾਂ ਦਾ ਸਾਹਮਣਾ ਕਰ ਸਕਦੀ ਹੈ। ਲੰਘੇ ਸੋਮਵਾਰ, ਜਿਸ ਦਿਨ ਸੰਸਦ ਖੁੱਲ੍ਹੀ, ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਸਿਹਤ ਨਾਲ ਜੁੜੇ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਪੱਛਮੀ ਬੰਗਾਲ ਦੇ ਰਾਜਪਾਲ ਹੁੰਦਿਆਂ, ਉਨ੍ਹਾਂ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਤੂੰ-ਤੂੰ ਮੈਂ-ਮੈਂ ਹੋਈ ਤੇ ਬਾਅਦ ਵਿੱਚ ਰਾਜ ਸਭਾ ਦੀ ਪ੍ਰਧਾਨਗੀ ਕਰਦੇ ਹੋਏ ਉਨ੍ਹਾਂ ਕਾਂਗਰਸ ਅਤੇ ਵਿਰੋਧੀ ਧਿਰ ਨੂੰ ਵੀ ਚੰਗੇ ਹੱਥ ਦਿਖਾਏ ਸਨ। ਸੋਮਵਾਰ ਦੇ ਦਿਨ ਸਦਨ ਵਿੱਚ ਉਹ ਮੌਜੂਦ ਸਨ ਅਤੇ ਬਿਜ਼ਨਸ ਸਲਾਹਕਾਰ ਕਮੇਟੀ (ਬੀਏਸੀ) ਦੀ ਮੀਟਿੰਗ ਵਿੱਚ ਸ਼ਾਮਿਲ ਹੋਏ ਪਰ ਦਿਨ ਢਲਦਿਆਂ ਉਨ੍ਹਾਂ ਦਾ ਅਸਤੀਫ਼ਾ ਆ ਗਿਆ ਜੋ ਕਿਸੇ ਧਮਾਕੇ ਤੋਂ ਘੱਟ ਨਹੀਂ ਸੀ।



ਧਨਖੜ ਦੇ ਭਾਜਪਾ ਵਿੱਚ ਦਾਖ਼ਲੇ ਨੂੰ 'ਇਨਾਮੀ ਕੈਚ' ਵਜੋਂ ਪ੍ਰਚਾਰਿਆ ਗਿਆ ਸੀ ਅਤੇ ਉਨ੍ਹਾਂ ਨੂੰ ਕਾਂਗਰਸ ਤੋਂ ਦਰਾਮਦ ਕੀਤੇ ਜਾਟ ਆਗੂ ਵਜੋਂ ਪੇਸ਼ ਕੀਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਉਨ੍ਹਾਂ ਨਾਲ 'ਹਮਦਰਦੀ' ਜਤਾਈ ਜਦੋਂਕਿ ਵਿਰੋਧੀ ਧਿਰ ਨੇ ਉਸੇ ਸ਼ਖ਼ਸ ਨੂੰ ਆਸਰਾ ਦਿੱਤਾ ਜਿਸ ਖ਼ਿਲਾਫ਼ ਰਾਜ ਸਭਾ ਦੇ ਚੇਅਰਮੈਨ ਵਜੋਂ ਉਨ੍ਹਾਂ ਦੇ 'ਪੱਖਪਾਤੀ' ਵਿਹਾਰ ਕਰ ਕੇ ਉਨ੍ਹਾਂ ਨੂੰ 'ਹਟਾਉਣ' ਦਾ ਨੋਟਿਸ ਦਿੱਤਾ ਗਿਆ ਸੀ ਜੋ ਇਹ ਦਰਸਾਉਂਦਾ ਹੈ ਕਿ ਸਿਆਸੀ ਵਫ਼ਾਦਾਰੀ ਹੁਣ ਚਲੰਤ ਸਥਿਤੀ ਵਿੱਚ ਬਹੁਤੀ ਪ੍ਰਸੰਗਕ ਨਹੀਂ ਰਹਿ ਗਈ।

ਵਿਰੋਧੀ ਧਿਰ ਨੇ ਧਿਆਨ ਦਿਵਾਇਆ ਸੀ ਕਿ ਧਨਖੜ ਨੇ ਮੰਗਲਵਾਰ ਨੂੰ ਬੀਏਸੀ ਦੀ ਮੀਟਿੰਗ ਸੱਦੀ ਸੀ ਅਤੇ ਉਮੀਦ ਕੀਤੀ ਜਾ ਰਹੀ ਸੀ ਕਿ ਉਹ ਨਿਆਂਪਾਲਿਕਾ ਨਾਲ ਸਬੰਧਿਤ ਕੁਝ ਵੱਡੇ ਐਲਾਨ ਕਰਨਗੇ। ਨਿਆਂਪਾਲਿਕਾ ਨਾਲ ਸਬੰਧਿਤ ਵਿਸ਼ੇ ਧਨਖੜ ਦੇ ਚਹੇਤਿਆਂ ਵਿਸ਼ਿਆਂ 'ਚ ਸ਼ਾਮਿਲ ਸਨ। ਸੁਪਰੀਮ ਕੋਰਟ ਦੇ ਸਾਬਕਾ ਵਕੀਲ ਧਨਖੜ ਨੇ ਰਾਸ਼ਟਰੀ ਨਿਆਇਕ ਨਿਯੁਕਤੀ ਕਮਿਸ਼ਨ (ਐਨਜੇਏਸੀ) ਐਕਟ ਰੱਦ ਕਰਨ ਵਾਲੇ ਸੁਪਰੀਮ ਕੋਰਟ ਦੇ 2015 ਦੇ ਫ਼ੈਸਲੇ ਨੂੰ ਸੰਸਦੀ ਪ੍ਰਭੂਸੱਤਾ ਨਾਲ 'ਗੰਭੀਰ ਛੇੜਛਾੜ' ਅਤੇ ਲੋਕਾਂ ਦੇ ਫ਼ਤਵੇ ਦੀ ਉਲੰਘਣਾ ਦੀ ਸਪੱਸ਼ਟ ਮਿਸਾਲ ਕਰਾਰ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਸੰਸਦ ਦਾ ਫ਼ਰਜ਼ ਹੈ ਕਿ ਇਸ ਮੁੱਦੇ ਨੂੰ ਉਠਾਵੇ ਅਤੇ ਵਿਸ਼ਵਾਸ ਜਤਾਇਆ ਸੀ ਕਿ ਉਹ ਅਜਿਹਾ ਕਰੇਗੀ। ਕੀ ਇਹ ਐਨਜੇਏਸੀ ਐਕਟ ਨਾਲ ਸਬੰਧਿਤ ਉਨ੍ਹਾਂ ਦੇ ਉਡੀਕੇ ਜਾਣ ਵਾਲੇ ਐਲਾਨਾਂ 'ਚੋਂ ਇੱਕ ਸੀ ਜੋ ਸਰਕਾਰ ਨੂੰ ਨਿਆਂਪਾਲਿਕਾ ਨਾਲ ਯੁੱਧ ਵਰਗੀ ਸਥਿਤੀ ਵਿੱਚ ਲਿਆ ਖੜ੍ਹਾ ਕਰ ਦਿੰਦੇ? ਉਨ੍ਹਾਂ ਦੇ ਹੋਰ ਵਿਵਾਦਪੂਰਨ ਦਾਅਵਿਆਂ ਵਿੱਚ ਇਨ੍ਹਾਂ ਪਲੈਟਫਾਰਮਾਂ (ਸੰਵਿਧਾਨਕ ਸੰਸਥਾਵਾਂ) ਤੋਂ ਨਿਕਲਣ ਵਾਲੇ ਉਲਟ ਰੂਪ ਵਿੱਚ ਚੁਣੌਤੀਪੂਰਨ ਰੁਖ਼/ਵਿਹਾਰ ਜਾਂ ਸਲਾਹ ਦੇ ਆਦਾਨ ਪ੍ਰਦਾਨ ਦੇ ਜਨਤਕ ਪ੍ਰਦਰਸ਼ਨ ਨੂੰ ਦਰਸਾਉਣ ਅਤੇ ਠੰਢ-ਠੰਢੌਲੇ ਦਾ ਸੱਦਾ ਸੀ। ਇਹ ਸਮਝਣ ਲਈ ਕਿ ਇਸ ਨਾਲ ਕੇਂਦਰ ਨੂੰ ਸ਼ਰਮਿੰਦਗੀ ਕਿਉਂ ਹੋਈ ਹੋਵੇਗੀ, ਵਿਰੋਧੀ ਧਿਰ ਸੰਵਿਧਾਨਕ ਸੰਸਥਾਵਾਂ ਦੇ ਕੰਮਕਾਜ ਵਿੱਚ ਕਥਿਤ ਸਰਕਾਰੀ ਦਖ਼ਲਅੰਦਾਜ਼ੀ ਉਪਰ ਸਦਨ ਵਿੱਚ ਚਰਚਾ ਕਰਨ 'ਤੇ ਜ਼ੋਰ ਦੇ ਰਹੀ ਸੀ। ਸੰਸਦ ਅਤੇ ਵਿਧਾਨਪਾਲਿਕਾ ਦੀ ਪ੍ਰਭੂਤਾ ਬਰਕਰਾਰ ਰੱਖਣ ਅਤੇ ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ ਨੂੰ ਆਪਣੀ ਸੀਮਾ ਦੇ ਅੰਦਰ ਰਹਿਣ ਦੀ ਲੋੜ ਉੱਪਰ ਜ਼ੋਰ ਦੇਣ ਦੇ ਧਨਖੜ ਦੇ ਦਾਅਵੇ ਵਿਵਾਦਪੂਰਨ ਹੋ ਸਕਦੇ ਸਨ। ਨਵੀਂ ਦਿੱਲੀ ਵਿੱਚ ਹਾਈ ਕੋਰਟ ਦੇ ਇੱਕ ਜੱਜ ਦੇ ਸਰਕਾਰੀ ਨਿਵਾਸ ਤੋਂ ਨੋਟਾਂ ਦੀ ਬਰਾਮਦਗੀ ਤੋਂ ਬਾਅਦ ਧਨਖੜ ਨੇ ਐਨਜੇਏਸੀ ਉੱਪਰ ਬਹਿਸ ਨੂੰ ਮੁੜ ਜ਼ਿੰਦਾ ਕਰਦੇ ਹੋਏ ਕਿਹਾ ਸੀ ਕਿ ਜੇ ਸੁਪਰੀਮ ਕੋਰਟ ਨੇ ਨਿਆਂਇਕ ਨਿਯੁਕਤੀਆਂ ਦੇ ਪ੍ਰਬੰਧ ਨੂੰ ਰੱਦ ਨਾ ਕੀਤਾ ਹੁੰਦਾ ਤਾਂ "ਗੱਲ ਹੋਰ ਹੋਣੀ ਸੀ"। ਉਂਝ, ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਜੱਜਾਂ ਦੀ ਚੋਣ ਅਤੇ ਨਿਯੁਕਤੀ ਵਿੱਚ ਨਿਆਂਪਾਲਿਕਾ ਦੀ ਸਰਬਉੱਚਤਾ ਬਰਕਰਾਰ ਰੱਖਣ ਉੱਪਰ ਦ੍ਰਿੜ ਸੀ।

ਕਹਾਣੀ ਵਿੱਚ ਆਖ਼ਿਰੀ ਮੋੜ ਉਦੋਂ ਆਇਆ ਜਦੋਂ ਧਨਖੜ ਨੇ ਰਾਜ ਸਭਾ ਵਿੱਚ ਐਲਾਨ ਕੀਤਾ ਕਿ ਜੱਜ ਨੂੰ ਹਟਾਉਣ ਲਈ ਵਿਧਾਨਕ ਕਮੇਟੀ ਕਾਇਮ ਕਰਨ ਲਈ ਲੋੜੀਂਦੀ ਗਿਣਤੀ ਵਿੱਚ ਮੈਂਬਰਾਂ ਦੇ ਦਸਤਖ਼ਤਾਂ ਵਾਲਾ ਵਿਰੋਧੀ ਧਿਰ ਨੇ ਪ੍ਰਸਤਾਵ ਪੇਸ਼ ਕੀਤਾ ਹੈ। ਇਸ ਐਲਾਨ ਨੇ ਸੱਤਾ ਧਿਰ ਦੇ ਮੈਂਬਰਾਂ ਨੂੰ ਪ੍ਰੇਸ਼ਾਨ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਲੱਗਿਆ ਕਿ ਉਨ੍ਹਾਂ ਨੇ ਜੱਜ ਖ਼ਿਲਾਫ਼ ਸੱਤਾਧਾਰੀ ਗੱਠਜੋੜ ਦੇ ਇਸੇ ਤਰ੍ਹਾਂ ਦੇ ਕਦਮ ਤੋਂ ਪਹਿਲਾਂ ਹੀ ਯੋਜਨਾ ਬਣਾ ਲਈ ਸੀ। ਸਰਕਾਰੀ ਸੂਤਰਾਂ ਨੇ ਸੁਝਾਅ ਦਿੱਤਾ ਕਿ ਧਨਖੜ ਨਿਆਂਪਾਲਿਕਾ ਖ਼ਿਲਾਫ਼ ਆਪਣਾ ਹਮਲਾ ਤੇਜ਼ ਕਰਨ ਲਈ ਪ੍ਰਸਤਾਵ ਲਿਆਉਣ ਦੀ ਕਾਹਲ ਵਿੱਚ ਸਨ ਪਰ ਸਰਕਾਰ ਨੂੰ ਇਹ ਪੂਰੀ ਤਰ੍ਹਾਂ ਪਸੰਦ ਨਹੀਂ ਸੀ। ਕੇਂਦਰ ਅਸਲ ਵਿੱਚ ਇਸ ਮਾਮਲੇ ਵਿੱਚ ਥੋੜ੍ਹੀ ਮੱਠੀ ਚਾਲ ਨਾਲ ਚੱਲਣ ਦੇ ਹੱਕ ਵਿਚ ਸੀ।

ਬੇਸ਼ੱਕ, ਵਿਵਾਦ ਦੇ ਬੀਜ ਤਾਂ ਬੀਜੇ ਗਏ ਹਨ ਪਰ ਕੀ ਵਿਰੋਧੀ ਧਿਰ ਨੂੰ ਇਸ ਦਾ ਜ਼ਿਆਦਾ ਫਾਇਦਾ ਮਿਲ ਸਕਦਾ ਹੈ? 'ਇੰਡੀਆ' ਗੱਠਜੋੜ ਨੂੰ ਉਦੋਂ ਦੂਜੀ ਵਾਰ ਝਟਕਾ ਲੱਗਾ ਜਦ ਆਮ ਆਦਮੀ ਪਾਰਟੀ (ਆਪ) ਨੇ ਪਿਛਲੇ ਹਫ਼ਤੇ ਗੱਠਜੋੜ ਛੱਡ ਦਿੱਤਾ; ਪਹਿਲਾ ਝਟਕਾ ਉਦੋਂ ਲੱਗਾ ਸੀ ਜਦ ਜਨਤਾ ਦਲ (ਯੂਨਾਈਟਿਡ) ਦੇ ਨੇਤਾ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਜਨਵਰੀ 2024 ਵਿੱਚ ਮੋਰਚਾ ਤਿਆਗ ਕੇ ਭਾਜਪਾ ਦੀ ਅਗਵਾਈ ਵਾਲੇ ਐਨਡੀਏ ਵਿੱਚ ਮੁੜ ਸ਼ਾਮਿਲ ਹੋ ਗਏ ਸਨ।

ਨਿਤੀਸ਼ ਕੁਮਾਰ ਦੇ ਆਪਣੇ ਪੁਰਾਣੇ ਸਹਿਯੋਗੀ ਰਾਸ਼ਟਰੀ ਜਨਤਾ ਦਲ ਨਾਲ ਸਬੰਧ ਬਹੁਤੇ ਵਧੀਆ ਨਹੀਂ ਸਨ ਅਤੇ ਉਹ ਸੰਭਵ ਤੌਰ 'ਤੇ ਭਾਜਪਾ ਨੂੰ ਚੋਣਾਂ ਦੇ ਲਿਹਾਜ਼ ਨਾਲ ਵਧੇਰੇ ਚੰਗਾ ਭਾਈਵਾਲ ਮੰਨਦੇ ਸਨ ਪਰ 'ਆਪ' ਨੇ ਕਾਂਗਰਸ ਨੂੰ ਕਦੇ ਵੀ ਅਜਿਹਾ ਦੋਸਤ ਨਹੀਂ ਸਮਝਿਆ ਜਿਸ ਨਾਲ ਉਹ ਬਰਾਬਰੀ 'ਤੇ ਆ ਕੇ ਚੱਲ ਸਕੇ। 2025 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨਾਲ ਇਸ ਦੇ ਸਮੀਕਰਨ ਪੂਰੀ ਤਰ੍ਹਾਂ ਨੁਕਸਾਨੇ ਗਏ। ਭਾਜਪਾ ਨੇ 'ਆਪ' ਨੂੰ ਖੂੰਜੇ ਲਾ ਦਿੱਤਾ ਪਰ ਕਾਂਗਰਸ ਕੋਲ ਅਰਵਿੰਦ ਕੇਜਰੀਵਾਲ ਦੀ ਹਾਰ ਦਾ ਸੁਆਦ ਚੱਖਣ ਤੋਂ ਇਲਾਵਾ ਕੁਝ ਨਹੀਂ ਬਚਿਆ, ਉਹੀ ਸ਼ਖ਼ਸ ਜਿਸ ਨੇ ਰਾਜਧਾਨੀ ਵਿੱਚ ਕਾਂਗਰਸ ਨੂੰ ਮੁੱਕਣ ਕੰਢੇ ਲਿਆ ਖੜ੍ਹਾ ਕੀਤਾ ਸੀ।

'ਆਪ' ਵਿਰੋਧੀ ਧਿਰ ਵੱਲੋਂ ਰੱਖੀ ਵਿਰਲੀ-ਟਾਵੀਂ ਮੀਟਿੰਗ ਤੋਂ ਇੱਕ ਦਿਨ ਪਹਿਲਾਂ ਹੀ ਮੋਰਚੇ 'ਚੋਂ ਬਾਹਰ ਹੋ ਗਈ- 'ਇੰਡੀਆ' ਗੱਠਜੋੜ 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਇੱਕ ਵਾਰ ਵੀ ਇਕੱਠਾ ਨਹੀਂ ਹੋਇਆ ਸੀ। ਇਹ ਬੈਠਕ ਸੰਸਦ ਦੇ ਮੌਨਸੂਨ ਸੈਸ਼ਨ ਲਈ ਰਣਨੀਤੀ ਬਣਾਉਣ ਖ਼ਾਤਿਰ ਰੱਖੀ ਗਈ ਸੀ। ਮੀਟਿੰਗ ਦਾ ਏਜੰਡਾ ਭਾਜਪਾ ਦਾ ਸਮੂਹਿਕ ਤੌਰ 'ਤੇ ਟਾਕਰਾ ਕਰਨਾ ਸੀ; 'ਆਪ' ਦੀ ਨੀਤੀਗਤ ਸਫਾਈ ਇਹ ਸੀ ਕਿ ਵਿਰੋਧੀ ਧਿਰ ਦੇ ਪੱਖ 'ਚ ਹੁੰਦਿਆਂ ਹੋਇਆਂ ਵੀ ਇਹ ਸੰਯੁਕਤ ਉੱਦਮ ਦਾ ਹਿੱਸਾ ਨਹੀਂ ਸੀ ਕਿਉਂਕਿ ਇਹ ਕਾਂਗਰਸ ਨਾਲ ਗੱਠਜੋੜ ਕਰਨ ਜਾਂ ਨਾ ਕਰਨ ਦੀ ਔਖੀ ਬਹਿਸ 'ਚ ਪਏ ਬਿਨਾਂ ਰਾਜਾਂ 'ਚ ਆਪਣੀ ਜਗ੍ਹਾ ਬਣਾਉਣਾ ਚਾਹੁੰਦੀ ਸੀ। ਸਪੱਸ਼ਟ ਤੌਰ 'ਤੇ ਗੁਜਰਾਤ ਵਿਧਾਨ ਸਭਾ ਦੀ ਜ਼ਿਮਨੀ ਚੋਣ ਵਿੱਚ ਭਾਜਪਾ ਵਿਰੁੱਧ 'ਆਪ' ਦੀ ਹਾਲੀਆ ਜਿੱਤ ਜਿਸ ਨੇ ਕਾਂਗਰਸ ਨੂੰ ਤੀਜੇ ਸਥਾਨ 'ਤੇ ਧੱਕ ਦਿੱਤਾ, ਨੇ ਪਾਰਟੀ ਦੀਆਂ ਖਾਹਿਸ਼ਾਂ ਨੂੰ ਖੰਭ ਲਾਏ ਹਨ। ਸ਼ਨਿਚਰਵਾਰ ਦੀ 'ਇੰਡੀਆ' ਦੀ ਮੀਟਿੰਗ ਵਰਚੁਅਲ ਮੀਟਿੰਗ ਸੀ ਕਿਉਂਕਿ ਭਾਈਵਾਲ ਅੰਦਰੂਨੀ ਵਿਚਾਰ-ਚਰਚਾ ਵਿੱਚ ਰੁੱਝੇ ਹੋਏ ਸਨ ਹਾਲਾਂਕਿ ਕਾਂਗਰਸ ਪੂਰੀ ਸਮਰੱਥਾ ਨਾਲ ਮੌਜੂਦ ਸੀ ਜਿਸ ਦੇ ਨੇਤਾ ਮਲਿਕਾਰਜੁਨ ਖੜਗੇ, ਸੋਨੀਆ ਤੇ ਰਾਹੁਲ ਗਾਂਧੀ ਹਾਜ਼ਰ ਸਨ। ਇਸ ਵਿੱਚ ਡੀਐਮਕੇ ਅਤੇ ਤ੍ਰਿਣਮੂਲ ਕਾਂਗਰਸ (ਟੀਐਮਸੀ) ਦੇ ਮੁਖੀ ਅਤੇ ਮੁੱਖ ਮੰਤਰੀ, ਕ੍ਰਮਵਾਰ ਐਮਕੇ ਸਟਾਲਿਨ ਅਤੇ ਮਮਤਾ ਬੈਨਰਜੀ ਵਰਗੇ ਵੱਡੇ ਨੇਤਾ ਸ਼ਾਮਿਲ ਨਹੀਂ ਹੋਏ। ਮਮਤਾ ਨੇ ਆਪਣੇ ਭਤੀਜੇ, ਟੀਐਮਸੀ ਦੇ ਰਾਸ਼ਟਰੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਨੂੰ ਭੇਜਿਆ ਅਤੇ ਸਟਾਲਿਨ ਨੇ ਸੀਨੀਅਰ ਸੰਸਦ ਮੈਂਬਰ ਤਿਰੂਚੀ ਐਨ ਸਿਵਾ ਨੂੰ ਘੱਲਿਆ।

ਕੌਮੀ ਮੁੱਦਿਆਂ ਅਤੇ ਫੈਡਰਲ ਰੁਝੇਵਿਆਂ ਵਿਚਕਾਰ ਸੰਤੁਲਨ ਬਿਠਾਉਣਾ ਉਸਤਾਦ ਸਿਆਸੀ ਹਸਤੀਆਂ ਦੇ ਵੀ ਵੱਸ ਦੀ ਗੱਲ ਨਹੀਂ ਹੈ, ਜਦੋਂ ਤੱਕ ਇੱਕੋ ਪਾਰਟੀ ਗੱਠਜੋੜ ਵਿਚਲੀਆਂ ਬਾਕੀ ਛੋਟੀਆਂ ਧਿਰਾਂ 'ਤੇ ਆਪਣਾ ਏਜੰਡਾ ਜ਼ੋਰਦਾਰ ਢੰਗ ਨਾਲ ਨਹੀਂ ਚਲਾਉਂਦੀ। ਸੰਤੁਲਨ ਗੁਆ ਚੁੱਕੇ 'ਇੰਡੀਆ' ਗੱਠਜੋੜ ਅੰਦਰਲੀਆਂ ਕਮਜ਼ੋਰੀਆਂ ਰਿਪੋਰਟ ਹੋਈਆਂ ਚਰਚਾਵਾਂ 'ਚ ਸਾਹਮਣੇ ਆਈਆਂ ਹਨ। ਮੁੱਖ ਸਮੱਸਿਆ ਇਹ ਹੈ ਕਿ ਕਾਂਗਰਸ, ਜੋ ਗੱਠਜੋੜ ਦੀ ਅਗਵਾਈ ਕਰਦੀ ਹੈ ਅਤੇ ਭਾਰਤ 'ਚ ਵਿਆਪਕ ਮੌਜੂਦਗੀ ਵਾਲੀ ਇਕਲੌਤੀ ਪਾਰਟੀ ਹੈ, ਆਪਣੇ ਅਤੀਤ ਦਾ ਹੀ ਪਰਛਾਵਾਂ ਬਣੀ ਹੋਈ ਹੈ। ਖੇਤਰੀ ਪਾਰਟੀਆਂ ਸੋਚਦੀਆਂ ਹਨ ਕਿ ਉਨ੍ਹਾਂ ਅੰਦਰ ਭਾਜਪਾ ਨੂੰ ਹੇਠਾਂ ਲਾਉਣ ਦੀ ਸਮਰੱਥਾ ਹੈ।

ਧਨਖੜ ਮੁੱਦਾ ਇਸ ਗੱਲ ਦੀ ਅਜ਼ਮਾਇਸ਼ ਹੋਵੇਗਾ ਕਿ ਕਾਂਗਰਸ ਅਤੇ 'ਇੰਡੀਆ' ਇਸ ਹਾਲਤ ਦਾ ਕਿੰਨਾ ਕੁ ਲਾਹਾ ਲੈ ਸਕਦੇ ਹਨ- ਇਹ ਹੋਵੇਗਾ ਤਾਂ ਹੀ, ਜੇਕਰ ਇਹ ਇਕੱਠੇ ਰਹਿਣ।

# ਭਾਰਤ-ਚੀਨ ਸਬੰਧਾਂ 'ਚ ਚੁਣੌਤੀਆਂ ਹੀ ਚੁਣੌਤੀਆਂ

ਭਾਰਤ-ਚੀਨ ਰਿਸ਼ਤਿਆਂ ਨੂੰ ਲੀਹ 'ਤੇ ਲਿਆਉਣ ਲਈ ਭਾਵੇਂ ਦੋਵੇਂ ਮੁਲਕ ਯਤਨਸ਼ੀਲ ਪਰ ਇਨ੍ਹਾਂ ਨੂੰ ਨਿੱਘੇ ਬਣਾਉਣ ਵਿਚ ਅਜੇ ਵੀ ਕਈ ਅੜਿੱਕੇ ਮੌਜੂਦ ਹਨ। ਭਾਰਤ ਨੇ ਭਾਵੇਂ ਚੀਨ ਦੇ ਨਾਗਰਿਕਾਂ ਲਈ ਟੂਰਿਸਟ ਵੀਜ਼ਾ ਮੁੜ ਖੋਲ੍ਹ ਦਿੱਤਾ ਹੈ ਜਿਸ ਨੂੰ ਇਕ ਹਾਂ-ਪੱਖੀ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

ਸਰਹੱਦ 'ਤੇ ਕਈ ਸਾਲਾਂ ਦੇ ਤਣਾਅ ਤੋਂ ਬਾਅਦ ਜੇ ਭਾਰਤ ਅਤੇ ਚੀਨ ਆਪਣੇ ਸਬੰਧਾਂ ਨੂੰ ਫਿਰ ਤੋਂ ਪਟੜੀ 'ਤੇ ਲਿਆਉਣ ਦੀ ਦਿਸ਼ਾ ਵੱਲ ਵੇਖ ਰਹੇ ਹਨ ਤਾਂ ਇਹ ਵੱਡੀ ਗੱਲ ਹੈ। ਯੂਕਰੇਨ ਨਾਲ

ਮੁਖ਼ਤਾਰ ਗਿੱਲ

ਚੱਲ ਰਹੀ ਜੰਗ ਦੌਰਾਨ ਰੂਸ ਦੀ ਚੀਨ 'ਤੇ ਵਧੀ ਨਿਰਭਰਤਾ ਵੀ ਭਾਰਤ-ਚੀਨ ਸਬੰਧਾਂ ਨੂੰ ਸੁਖਾਵੇਂ ਬਣਾਉਣ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ। ਪੂਤਿਨ ਚਾਹੁੰਦੇ ਹਨ ਕਿ ਰੂਸ, ਭਾਰਤ ਤੇ ਚੀਨ ਇਕਜੁੱਟ ਹੋ ਕੇ ਟਰੰਪ ਦੇ ਮਨਸੂਬਿਆਂ 'ਤੇ ਪਾਣੀ ਫੇਰ ਸਕਦੇ ਹਨ। ਟਰੰਪ ਪੂਤਿਨ 'ਤੇ ਦਬਾਅ ਪਾ ਰਹੇ ਹਨ ਕਿ ਉਹ ਯੂਕਰੇਨ ਨਾਲ ਜੰਗਬੰਦੀ ਕਰਨ ਜਦਕਿ ਪੂਤਿਨ ਅਜਿਹਾ ਹਰਗਿਜ਼ ਨਹੀਂ ਚਾਹੁੰਦੇ। ਇਸੇ ਤੋਂ ਨਾਰਾਜ਼ ਹੋ ਕੇ ਟਰੰਪ ਨੇ ਰੂਸ ਨੂੰ ਹੋਰ ਸਖ਼ਤ ਪਾਬੰਦੀਆਂ ਦਾ ਸਾਹਮਣਾ ਕਰਨ ਅਤੇ ਭਾਰਤ, ਚੀਨ ਤੇ ਬ੍ਰਾਜ਼ੀਲ 'ਤੇ ਉਸ ਸੂਰਤ 'ਚ ਭਾਰੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ ਜੇ ਉਨ੍ਹਾਂ ਨੇ ਰੂਸ ਤੋਂ ਪੈਟਰੋਲੀਅਮ ਪਦਾਰਥ ਖ਼ਰੀਦਣੇ ਬੰਦ ਨਾ ਕੀਤੇ। ਇਸ ਬਦਲੇ ਹੋਏ ਹਾਲਾਤ ਨੂੰ ਦੇਖਦੇ ਹੋਏ ਭਾਰਤ ਤੇ ਚੀਨ ਦੁਵੱਲੇ ਸਬੰਧਾਂ ਨੂੰ ਸੁਧਾਰਨ ਵਾਲੇ ਪਾਸੇ ਤੁਰ ਪਏ ਹਨ।

ਇਸ ਸਾਲ ਦੇ ਜੂਨ ਮਹੀਨੇ ਵਿਚ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਚੀਨ ਦੇ ਸ਼ਹਿਰ ਤਿਆਨਜਿਨ ਵਿਚ 'ਸ਼ੰਘਾਈ ਸਹਿਯੋਗ ਸੰਗਠਨ'(ਐਸਸੀਓ) ਦੀ ਬੈਠਕ ਦੌਰਾਨ ਚੀਨ ਦਾ ਦੌਰਾ ਕੀਤਾ ਸੀ। ਵਿਦੇਸ਼ ਮੰਤਰੀ ਐਸ। ਜੈਸ਼ੰਕਰ ਨੇ ਚੀਨੀ ਹਮਰੁਤਬਾ ਵਾਂਗਜ਼ੀ ਨਾਲ ਵਿਆਪਕ ਗੱਲਬਾਤ ਦੌਰਾਨ ਕਿਹਾ ਕਿ ਪਿਛਲੇ ਨੌਂ ਮਹੀਨਿਆਂ ਵਿਚ ਦੁਵੱਲੇ ਸਬੰਧਾਂ ਨੂੰ ਸੁਖਾਵੇਂ ਬਣਾਉਣ ਦੀ ਦਿਸ਼ਾ 'ਚ ਪ੍ਰਗਤੀ ਤੋਂ ਬਾਅਦ ਚੀਨ ਨੂੰ ਹੁਣ ਅਸਲ ਕੰਟਰੋਲ ਰੇਖਾ 'ਤੇ ਤਣਾਅ ਘੱਟ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।



ਮਤਲਬ ਕਿ ਇਨ੍ਹਾਂ ਯਾਤਰਾਵਾਂ ਨੂੰ ਦੋ-ਪੱਖੀ ਸਬੰਧਾਂ 'ਤੇ ਜੰਮੀ ਬਰਫ਼ ਪਿਘਲਣ ਦੇ ਰੂਪ ਵਿਚ ਵੇਖਿਆ ਗਿਆ ਸੀ। ਐਸਸੀਓ ਦਸ ਮੈਂਬਰ ਮੁਲਕਾਂ ਦਾ ਇਕ ਸੰਗਠਨ ਹੈ ਜਿਸ ਵਿਚ ਭਾਰਤ, ਪਾਕਿਸਤਾਨ, ਰੂਸ ਅਤੇ ਈਰਾਨ ਆਦਿ ਦੇਸ਼ ਹਨ ਪਰ ਸਾਂਝੇ ਬਿਆਨ ਵਿਚ ਕੌਮਾਂਤਰੀ ਅੱਤਵਾਦ, ਖ਼ਾਸ ਤੌਰ 'ਤੇ ਪਾਕਿਸਤਾਨ ਦੇ ਅੱਤਵਾਦ ਦੇ ਪੋਸ਼ਕ ਵਜੋਂ ਜ਼ਿਕਰ ਨਾ ਹੋਣ ਕਰ ਕੇ ਵਿਦੇਸ਼ ਮੰਤਰੀ ਐਸ। ਜੈਸ਼ੰਕਰ ਨੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ।

ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਇਹ ਫੇਰੀ ਪਿਛਲੇ ਪੰਜਾਂ ਸਾਲਾਂ ਵਿਚ ਕਿਸੇ ਦਿੱਗਜ਼ ਭਾਰਤੀ ਮੰਤਰੀ ਦੀ ਪਹਿਲੀ ਚੀਨ ਯਾਤਰਾ ਸੀ। ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਨੇ ਬੀਜਿੰਗ ਵਿਚ ਚੀਨ ਦੇ ਉਪ-ਰਾਸ਼ਟਰਪਤੀ ਹਾਨ ਜੌਂਗ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਭਾਰਤ-ਚੀਨ ਸਬੰਧ ਲਗਾਤਾਰ ਸੁਖਾਵੇਂ ਬਣੇ ਰਹਿਣ ਨਾਲ ਦੋਵਾਂ ਦੇਸ਼ਾਂ ਲਈ ਫ਼ਾਇਦੇ ਵਾਲੇ ਨਤੀਜੇ ਪ੍ਰਾਪਤ ਹੋ ਸਕਦੇ ਹਨ ਅਤੇ ਮੁਸ਼ਕਲ ਆਲਮੀ ਹਾਲਾਤ ਦੇ ਮੱਦੇਨਜ਼ਰ ਦੋਵਾਂ ਗੁਆਂਢੀ ਮੁਲਕਾਂ ਵਿਚਾਲੇ ਖੁੱਲ੍ਹੀ ਵਿਚਾਰ-ਚਰਚਾ ਵੀ ਬਹੁਤ ਅਹਿਮ ਹੋ ਸਕਦੀ ਹੈ।

ਚੀਨ ਨੇ ਅਸਲ ਕੰਟਰੋਲ ਰੇਖਾ ਪਾਰ ਕਰ ਕੇ ਭਾਰਤ ਦੇ ਕੁਝ ਸੈਕਟਰਾਂ ਗਲਵਾਨ, ਡੋਗਰਾ ਹੌਟ, ਸਪ੍ਰਿੰਗਜ਼, ਪੈਂਗੋਂਗ ਝੀਲ, ਦੇਪਸਾਂਗ ਅਤੇ ਡੈਮਚੋਕ ਉੱਤੇ ਕਬਜ਼ਾ ਕਰ ਕੇ ਭਾਰਤ ਦੀ ਫ਼ੌਜ ਨੂੰ ਗਸ਼ਤ ਕਰਨ ਤੋਂ ਰੋਕ ਦਿੱਤਾ ਸੀ। ਭਾਰਤ-ਚੀਨ ਤਣਾਅ ਦੇ ਕੇਂਦਰ ਵਿਚ 3,440 ਕਿੱਲੋਮੀਟਰ ਸਰਹੱਦ ਹੈ। ਇਸ ਲੰਬੀ ਸੀਮਾ 'ਚ ਨਦੀਆਂ, ਝੀਲਾਂ, ਬਰਫ ਨਾਲ ਢੱਕੀਆਂ ਪਹਾੜੀਆਂ ਹੋਣ ਕਾਰਨ ਸੀਮਾ ਰੇਖਾ ਅਕਸਰ ਖਿਸਕਦੀ ਰਹਿੰਦੀ ਹੈ ਜਿਸ ਦੀ ਵਜ੍ਹਾ ਕਰਕੇ ਦੋਵਾਂ ਦੇਸ਼ਾਂ ਦੇ ਫ਼ੌਜੀ ਆਹਮੋ-ਸਾਹਮਣੇ ਆ ਜਾਂਦੇ ਹਨ। ਇਹ ਤਣਾਅ ਜੂਨ 2020 ਵਿਚ ਹੋਰ ਵਧ ਗਿਆ ਸੀ ਜਦੋਂ ਗਲਵਾਨ ਵਾਦੀ ਵਿਚ ਦੋਵਾਂ ਫ਼ੌਜਾਂ ਵਿਚਾਲੇ ਹਿੰਸਕ ਟਕਰਾਅ ਹੋ ਗਿਆ। ਇਹ 1975 ਤੋਂ ਬਾਅਦ ਪਹਿਲੀ ਵਾਰ ਹੋਇਆ ਜਦੋਂ ਦੋਵਾਂ ਪਾਸਿਆਂ ਦੇ ਫ਼ੌਜੀਆਂ ਦੀ ਜਾਨ ਗਈ। ਇੱਕੀ ਅਕਤੂਬਰ ਨੂੰ ਰੂਸ ਦੇ ਸ਼ਹਿਰ ਕਜ਼ਾਨ ਦੇ ਬ੍ਰਿਕਸ ਸਿਖਰ ਸੰਮੇਲਨ ਦੌਰਾਨ ਭਾਰਤੀ ਪੀਐਮ ਮੋਦੀ ਦੀ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਸੰਖੇਪ ਜਿਹੀ ਮੀਟਿੰਗ ਦੌਰਾਨ ਭਾਰਤ-ਚੀਨ ਸਰਹੱਦ 'ਤੇ ਤਣਾਅ ਘਟਾਉਣ ਲਈ ਸਹਿਮਤੀ ਬਣੀ ਸੀ।

ਹਕੀਕਤ ਇਹ ਹੈ ਕਿ ਭਾਰਤ ਚੀਨ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਪਿਛਲੇ ਸਾਲ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ 127 ਅਰਬ ਡਾਲਰ ਤੋਂ ਜ਼ਿਆਦਾ ਦਾ ਵਪਾਰ ਹੋਇਆ। ਭਾਰਤ ਖ਼ਾਸ ਤੌਰ 'ਤੇ ਚੀਨ ਤੋਂ ਆਉਣ ਵਾਲੇ ਦੁਰਲਭ ਖਣਿਜਾਂ 'ਤੇ ਨਿਰਭਰ ਹੈ। ਇਸ ਲਈ ਸਰਹੱਦੀ ਇਲਾਕਿਆਂ ਵਿਚ ਸ਼ਾਂਤੀ ਬਣਾਈ ਰੱਖਣ ਦੇ ਫਲਸਰੂਪ ਆਰਥਿਕ ਰਿਸ਼ਤਿਆਂ ਨੂੰ ਬਿਹਤਰ ਬਣਾਉਣਾ ਬਹੁਤ ਜ਼ਰੂਰੀ ਹੈ। ਤਾਇਵਾਨ ਨੂੰ ਵੀ ਧਿਆਨ ਵਿਚ ਰੱਖਦਿਆਂ ਹੋਇਆਂ ਚੀਨ ਵੀ ਹੁਣ ਭਾਰਤ ਦਾ ਇਸਤੇਮਾਲ ਉਸ ਦੇ ਵਧਦੇ ਪ੍ਰਭਾਵ ਨੂੰ ਸੰਤੁਲਿਤ ਕਰਨ ਲਈ ਕਰ ਰਿਹਾ ਹੈ।

ਅਮਰੀਕਾ ਤੇ ਉਸ ਦੇ ਸਹਿਯੋਗੀਆਂ ਉੱਤੇ ਭਾਰਤ ਦਾ ਸੰਤੁਲਨ ਬਣਾਉਣ ਲਈ ਚੀਨ ਸਰਹੱਦੀ ਵਿਵਾਦ ਤੋਂ ਇਲਾਵਾ ਦੂਸਰੇ ਮੁੱਦਿਆਂ 'ਚ ਵੀ ਸੁਧਾਰ ਚਾਹੁੰਦਾ ਹੈ। ਚੀਨ ਚਾਹੁੰਦਾ ਹੈ ਕਿ ਭਾਰਤ ਨਾਲ ਬਰਾਮਦ ਤੇ ਨਿਵੇਸ਼ ਨੂੰ ਵਧਾਵਿਆ ਜਾਵੇ ਅਤੇ ਭਾਰਤ ਚੀਨੀ ਇੰਜੀਨੀਅਰਾਂ ਤੇ ਕਾਮਿਆਂ 'ਤੇ ਵੀਜ਼ੇ ਦੀਆਂ ਪਾਬੰਦੀਆਂ ਹਟਾਈਆਂ ਜਾਣ। ਇਸ ਦਾ ਦੋਵਾਂ ਦੇਸ਼ਾਂ ਨੂੰ ਫ਼ਾਇਦਾ ਹੋਵੇਗਾ। ਰਣਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਭਾਰਤ ਨੂੰ ਚੀਨ ਦੇ ਹਮਲਾਵਰ ਹੋਣ ਦੀ ਸੂਰਤ ਵਿਚ ਉਸ ਦੇ ਖ਼ਿਲਾਫ਼ ਲੋਹੇ ਦੀ ਕੰਧ ਵਾਂਗ ਵੇਖਦਾ ਹੈ ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਵੱਈਏ ਨੂੰ ਵੇਖਦਿਆਂ ਹੁਣ ਭਾਰਤ ਨੂੰ ਇਹ ਲੱਗਦਾ ਹੈ ਕਿ ਨੇੜ ਭਵਿੱਖ ਵਿਚ ਚੀਨ ਨਾਲ ਕਿਸੇ ਸੰਘਰਸ਼ ਦੀ ਸਥਿਤੀ 'ਚ ਅਮਰੀਕਾ ਭਾਰਤ ਦਾ ਸੁਹਿਰਦਤਾ ਨਾਲ ਸਹਿਯੋਗ ਨਹੀਂ ਕਰੇਗਾ। ਟਰੰਪ ਪ੍ਰਸ਼ਾਸਨ ਦੇ ਦੂਸਰੇ ਕਾਰਜਕਾਲ ਵਿਚ 'ਕੁਆਡ' ਯਾਨੀ ਕੁਆਡਰੀਲੇਟਰਲ ਸਕਿਉਰਿਟੀ ਡਾਇਲਾਗ, ਜਿਸ ਵਿਚ ਅਮਰੀਕਾ, ਜਾਪਾਨ, ਆਸਟ੍ਰੇਲੀਆ ਅਤੇ ਭਾਰਤ ਸ਼ਾਮਲ ਹਨ, ਪਿੱਛੇ ਚਲਾ ਗਿਆ ਹੈ।

ਭਾਰਤ ਦੇ ਸਿਆਸੀ ਵਿਸ਼ਲੇਸ਼ਕ ਫ਼ੂੰਚੋਨ ਸਟੋਬਦਾਨ ਮੁਤਾਬਕ, 'ਹਾਲੀਆ ਸਾਲਾਂ ਵਿਚ ਭਾਰਤ, ਚੀਨ ਨੇ 'ਸ਼ੰਘਾਈ ਸਹਿਯੋਗ ਸੰਗਠਨ' ਅਤੇ 'ਬ੍ਰਿਕਸ' ਵਰਗੇ ਉੱਭਰਦੇ ਅਰਥਵਿਵਸਥਾ ਦੇ ਸਮੂਹਾਂ ਵਿਚ ਵੀ ਆਪਣਾ ਪ੍ਰਭਾਵ ਕਾਫ਼ੀ ਵਧਾ ਲਿਆ ਹੈ। ਇਸ ਲਈ ਹੁਣ ਭਾਰਤ ਵਿਹਾਰਕ ਰਵੱਈਆ ਅਪਣਾ ਰਿਹਾ ਹੈ। ਭਾਰਤ ਘਰੇਲੂ ਕਾਰਨਾਂ ਕਰਕੇ ਇਹ ਨਹੀਂ ਚਾਹੁੰਦਾ

**(ਬਾਕੀ ਸਫਾ 22 'ਤੇ)**

# ਟਰੰਪ ਦੇ 25 ਫ਼ੀਸਦੀ ਟੈਰਿਫ ਦਾ ਭਾਰਤ 'ਤੇ ਕੀ ਪਵੇਗਾ ਅਸਰ?

ਨਵੀਂ ਦਿੱਲੀ- ਬੁੱਧਵਾਰ ਨੂੰ, ਅਮਰੀਕਾ ਨੇ ਭਾਰਤ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਐਲਾਨ ਕੀਤਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ 'ਤੇ ਟੈਰਿਫ ਲਗਾਉਣ ਦਾ ਐਲਾਨ ਕਰਦੇ ਹੋਏ ਕਿਹਾ ਕਿ ਦੋਸਤ ਹੋਣ ਦੇ ਬਾਵਜੂਦ, ਭਾਰਤ ਅਤੇ ਅਮਰੀਕਾ ਨੇ ਮੁਕਾਬਲਤਨ ਘੱਟ ਵਪਾਰ ਕੀਤਾ ਹੈ। ਭਾਰਤ ਹੁਣ ਉਨ੍ਹਾਂ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ ਜਿੱਥੋਂ ਅਮਰੀਕਾ 1 ਅਗਸਤ ਤੋਂ ਟੈਰਿਫ ਲਗਾਏਗਾ। ਟਰੰਪ ਦੇ ਟੈਰਿਫ ਨਾਲ ਕਿਹੜੇ ਖੇਤਰ ਪ੍ਰਭਾਵਿਤ ਹੋਣਗੇ? ਆ ਜਾਣਦੇ ਹਾਂ ਇਸ 'ਤੇ ਮਾਹਿਰਾਂ ਨੇ ਕੀ ਕਿਹਾ। ਬਾਜ਼ਾਰ ਮਾਹਿਰ ਅੰਬਰੀਸ਼ ਬਾਲੀਗਾ ਦਾ ਮੰਨਣਾ ਹੈ ਕਿ ਭਾਰਤ ਵੱਲੋਂ ਨਿਰਯਾਤ ਕੀਤੇ ਜਾਣ ਵਾਲੇ ਸਾਰੇ ਸਾਮਾਨ ਅਤੇ ਖੇਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ। ਉਦਾਹਰਣ ਵਜੋਂ, ਆਟੋ ਕੰਪੋਨੈਂਟ ਬਣਾਉਣ ਵਾਲੀਆਂ ਕੰਪਨੀਆਂ, ਟੈਕਸਟਾਈਲ ਉਦਯੋਗ, ਧਾਤ ਅਤੇ ਫਾਰਮਾ ਕੰਪਨੀਆਂ ਟਰੰਪ ਦੇ ਟੈਰਿਫ ਤੋਂ ਪ੍ਰਭਾਵਿਤ ਹੋ ਸਕਦੀਆਂ ਹਨ। ਭਾਰਤ ਤੋਂ ਆਯਾਤ ਕੀਤੇ ਜਾਣ ਵਾਲੇ ਸਾਮਾਨ ਅਮਰੀਕਾ ਵਿੱਚ ਉੱਚ ਦਰਾਂ 'ਤੇ ਉਪਲਬਧ ਹੋਣਗੇ। ਇਸ ਨਾਲ ਉਨ੍ਹਾਂ ਦੀ ਵਿਕਰੀ ਘੱਟ ਜਾਵੇਗੀ ਅਤੇ ਕੰਪਨੀਆਂ ਨੂੰ ਨੁਕਸਾਨ ਹੋਵੇਗਾ।

**ਸਮੁੰਦਰੀ ਭੋਜਨ ਦੀ ਬਰਾਮਦ ਪ੍ਰਭਾਵਿਤ ਹੋਵੇਗੀ**

ਖੇਤੀਬਾੜੀ ਅਰਥਸ਼ਾਸਤਰੀ ਅਸ਼ੋਕ ਗੁਲਾਟੀ ਨੇ ਕਿਹਾ ਕਿ ਅਮਰੀਕਾ ਦੇ ਇਸ ਟੈਰਿਫ ਨਾਲ ਭਾਰਤ ਦੇ ਸਮੁੰਦਰੀ ਭੋਜਨ, ਖਾਸ ਕਰਕੇ ਝੀਂਗਾ ਨਿਰਯਾਤ 'ਤੇ ਬੁਰਾ ਪ੍ਰਭਾਵ ਪਵੇਗਾ। ਅਮਰੀਕਾ ਨੇ ਇਕਵਾਡੋਰ 'ਤੇ ਘੱਟ ਟੈਰਿਫ ਲਗਾਇਆ ਹੈ, ਇਸ ਦਾ ਫਾਇਦਾ ਉਸਨੂੰ ਹੋਵੇਗਾ। ਭਾਰਤ ਦੇ ਸਮੁੰਦਰੀ ਭੋਜਨ ਨਿਰਯਾਤ ਦਾ ਲਗਭਗ 66% ਝੀਂਗਾ ਹੈ। ਸਾਲ 2024-25 ਵਿੱਚ, ਭਾਰਤ ਨੇ 4.88 ਬਿਲੀਅਨ ਡਾਲਰ ਦੇ ਝੀਂਗਾ ਨਿਰਯਾਤ ਕੀਤੇ। ਭਾਰਤ ਦੇ ਝੀਂਗਾ ਨਿਰਯਾਤ ਦਾ ਲਗਭਗ ਅੱਧਾ ਹਿੱਸਾ ਸਿਰਫ ਅਮਰੀਕਾ ਨੂੰ ਹੁੰਦਾ ਹੈ।

ਗੁਲਾਟੀ ਦੇ ਅਨੁਸਾਰ, ਇਹ ਟੈਰਿਫ ਭਾਰਤ ਦੇ ਟੈਕਸਟਾਈਲ ਨਿਰਯਾਤ ਨੂੰ ਵੀ ਪ੍ਰਭਾਵਿਤ ਕਰੇਗਾ। ਇੰਗਲੈਂਡ ਨਾਲ ਮੁਕਤ ਵਪਾਰ ਸਮਝੌਤੇ (FTA) ਤੋਂ ਸਾਨੂੰ ਜੋ ਲਾਭ ਮਿਲੇ ਹਨ, ਉਹ ਅਮਰੀਕੀ ਟੈਰਿਫ ਕਾਰਨ ਬੇਅਸਰ ਹੋ ਜਾਣਗੇ।

ਅਮਰੀਕਾ ਵੱਲੋਂ ਲਗਾਏ ਗਏ 25% ਟੈਰਿਫ 'ਤੇ, ਫੈਡਰੇਸ਼ਨ ਆਫ ਇੰਡੀਅਨ ਐਕਸਪੋਰਟ ਆਰਗੇਨਾਈਜ਼ੇਸ਼ਨਜ਼ (FIEO) ਦੇ ਡੀਜੀ ਅਤੇ ਸੀਈ ਡਾ. ਅਜੇ ਸਹਾਏ ਨੇ ਕਿਹਾ, "ਭਾਰਤ 'ਤੇ ਲਗਾਈ ਗਈ 25% ਡਿਊਟੀ ਥੋੜ੍ਹੀ ਜ਼ਿਆਦਾ ਹੈ। ਅਸੀਂ ਅਮਰੀਕਾ ਨਾਲ ਦੁਵੱਲੇ ਵਪਾਰ ਸਮਝੌਤੇ 'ਤੇ ਗੱਲ ਕਰ ਰਹੇ ਹਾਂ। ਇਸ ਤੋਂ ਇਲਾਵਾ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਕੀ ਜੁਰਮਾਨਾ ਲਗਾਇਆ ਜਾਵੇਗਾ।"

ਉਨ੍ਹਾਂ ਅੱਗੇ ਕਿਹਾ, "ਇਸ ਡਿਊਟੀ ਦੇ ਐਲਾਨ ਤੋਂ ਬਾਅਦ, ਭਾਰਤੀ ਨਿਰਯਾਤਕਾਂ ਅਤੇ ਅਮਰੀਕੀ ਆਯਾਤਕਾਂ ਵਿਚਕਾਰ ਗੱਲਬਾਤ ਹੋਵੇਗੀ। ਸਾਨੂੰ ਇਹ ਦੇਖਣਾ ਹੋਵੇਗਾ ਕਿ ਇਸ ਡਿਊਟੀ ਨੂੰ ਕਿਸ ਹੱਦ ਤੱਕ ਜਜ਼ਬ ਕੀਤਾ ਜਾ ਸਕਦਾ ਹੈ। ਅਸੀਂ ਅਮਰੀਕੀ ਆਯਾਤਕਾਂ ਨਾਲ ਲੰਬੇ ਸਮੇਂ ਦੇ ਸਬੰਧਾਂ ਬਾਰੇ ਗੱਲ ਕਰ ਸਕਦੇ ਹਾਂ, ਕਿਉਂਕਿ ਕੁਝ ਮਹੀਨਿਆਂ ਵਿੱਚ ਭਾਰਤ ਅਤੇ ਅਮਰੀਕਾ ਵਿਚਕਾਰ ਇੱਕ ਦੁਵੱਲਾ ਵਪਾਰ ਸਮਝੌਤਾ ਹੋਵੇਗਾ, ਜਿਸ ਨਾਲ ਇਸ ਡਿਊਟੀ ਵਿੱਚ ਕਾਫ਼ੀ ਕਮੀ ਆਵੇਗੀ।"



**87 ਬਿਲੀਅਨ ਡਾਲਰ ਦੇ ਨਿਰਯਾਤ ਪ੍ਰਭਾਵਿਤ ਹੋਣਗੇ**

ਨਵੇਂ ਅਮਰੀਕੀ ਟੈਰਿਫਾਂ ਦਾ ਭਾਰਤ ਦੇ ਅਮਰੀਕਾ ਨੂੰ ਹੋਣ ਵਾਲੇ ਵਪਾਰਕ ਨਿਰਯਾਤ 'ਤੇ ਅਸਰ ਪੈਣ ਦੀ ਉਮੀਦ ਹੈ, ਜੋ ਕਿ 2024 ਵਿੱਚ ਲਗਭਗ $87 ਬਿਲੀਅਨ ਸੀ। ਜਿਨ੍ਹਾਂ ਵਸਤੂਆਂ ਅਤੇ ਸੇਵਾਵਾਂ 'ਤੇ ਅਸਰ ਪੈ ਸਕਦਾ ਹੈ ਉਨ੍ਹਾਂ ਵਿੱਚ ਟੈਕਸਟਾਈਲ, ਫਾਰਮਾਸਿਊਟੀਕਲ, ਰਤਨ ਅਤੇ ਗਹਿਣੇ, ਅਤੇ ਪੈਟਰੋ ਕੈਮੀਕਲ ਵਰਗੇ ਕਿਰਤ-ਸੰਬੰਧੀ ਉਤਪਾਦ ਸ਼ਾਮਲ ਹਨ।

ਅਮਰੀਕਾ ਦਾ ਇਸ ਵੇਲੇ ਭਾਰਤ ਨਾਲ 45.7 ਬਿਲੀਅਨ ਡਾਲਰ ਦਾ ਵਪਾਰ ਘਾਟਾ ਹੈ। ਵ੍ਹਾਈਟ ਹਾਊਸ ਨੇ ਪਹਿਲਾਂ ਭਾਰਤ ਨੂੰ ਇਸਦੇ ਉੱਚ ਔਸਤ ਲਾਗੂ ਟੈਰਿਫਾਂ ਬਾਰੇ ਚੇਤਾਵਨੀ ਦਿੱਤੀ ਸੀ। ਖੇਤੀਬਾੜੀ ਉਤਪਾਦਾਂ 'ਤੇ ਦਰਾਂ ਲਗਭਗ 39% ਹਨ, ਬਨਸਪਤੀ ਤੇਲਾਂ 'ਤੇ 45% ਅਤੇ ਸੇਬ ਅਤੇ ਮੱਕੀ 'ਤੇ ਲਗਭਗ 50% ਹੋ ਗਈਆਂ ਹਨ।

**ਭਾਰਤ ਵੀ ਕਰ ਸਕਦਾ ਹੈ ਜਵਾਬੀ ਕਾਰਵਾਈ**

ਭਾਰਤ 2024 ਵਿੱਚ ਅਮਰੀਕਾ ਦੇ ਨਿਰਮਾਣ ਨਿਰਯਾਤ ਅਤੇ ਊਰਜਾ ਨਿਰਯਾਤ (ਜਿਵੇਂ ਕਿ ਤਰਲ ਕੁਦਰਤੀ ਗੈਸ, ਕੱਚਾ ਤੇਲ ਅਤੇ ਕੋਲਾ) ਨੂੰ ਭਾਰਤ ਨੂੰ 42 ਬਿਲੀਅਨ ਡਾਲਰ ਦੀ ਕਟੌਤੀ ਕਰਕੇ ਜਵਾਬੀ ਕਾਰਵਾਈ ਕਰ ਸਕਦਾ ਹੈ। ਭਾਰਤੀ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਚੀਨ ਦੇ ਮੁਕਾਬਲੇ ਅਮਰੀਕਾ ਨੂੰ ਇੱਕ ਮਹੱਤਵਪੂਰਨ ਰਣਨੀਤਕ ਭਾਈਵਾਲ ਮੰਨਦੇ ਹਨ, ਪਰ ਖੇਤੀਬਾੜੀ, ਡੇਟਾ ਗਵਰਨੈਂਸ ਅਤੇ ਸਰਕਾਰੀ ਸਬਸਿਡੀਆਂ 'ਤੇ ਆਪਣੀਆਂ ਨੀਤੀਆਂ ਨੂੰ ਬਣਾਈ ਰੱਖਣ ਦੀ ਲੋੜ ਹੈ।

**ਰਾਸ਼ਟਰੀ ਹਿੱਤ ਨਾਲ ਨਹੀਂ ਹੋਵੇਗਾ ਕੋਈ ਸਮਝੌਤਾ-ਮੋਦੀ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ 'ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਇਸ 'ਤੇ ਭਾਰਤ ਸਰਕਾਰ ਦੀ ਪਹਿਲੀ ਪ੍ਰਤੀਕਿਰਿਆ ਆਈ ਹੈ। ਸਰਕਾਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਸਰਕਾਰ ਕਿਸਾਨਾਂ, ਉੱਦਮੀਆਂ ਅਤੇ ਐਮਐਸਐਮਈ ਨੂੰ ਵਧੇਰੇ ਮਹੱਤਵ ਦੇਵੇਗੀ। ਵਣਜ ਅਤੇ ਉਦਯੋਗ ਮੰਤਰਾਲੇ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, "ਸਰਕਾਰ ਨੇ ਦੁਵੱਲੇ ਵਪਾਰ ਬਾਰੇ ਅਮਰੀਕੀ ਰਾਸ਼ਟਰਪਤੀ ਦੇ ਬਿਆਨ ਦਾ ਨੋਟਿਸ ਲਿਆ ਹੈ। ਸਰਕਾਰ ਇਸਦੇ ਪ੍ਰਭਾਵਾਂ ਦਾ ਅਧਿਐਨ ਕਰ ਰਹੀ ਹੈ।"

ਮੰਤਰਾਲੇ ਨੇ ਅੱਗੇ ਕਿਹਾ, "ਭਾਰਤ ਅਤੇ ਅਮਰੀਕਾ ਪਿਛਲੇ ਕੁਝ ਮਹੀਨਿਆਂ ਤੋਂ ਇੱਕ ਨਿਰਪੱਖ, ਸੰਤੁਲਿਤ ਅਤੇ ਆਪਸੀ ਤੌਰ 'ਤੇ ਲਾਭਦਾਇਕ ਦੁਵੱਲੇ ਵਪਾਰ ਸਮਝੌਤੇ 'ਤੇ ਪਹੁੰਚਣ ਲਈ ਗੱਲਬਾਤ ਕਰ ਰਹੇ ਹਨ। ਅਸੀਂ ਇਸ ਉਦੇਸ਼ ਲਈ ਵਚਨਬੱਧ ਹਾਂ। ਸਰਕਾਰ ਆਪਣੇ ਕਿਸਾਨਾਂ, ਉੱਦਮੀਆਂ ਅਤੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ) ਦੀ ਭਲਾਈ ਦੀ ਰੱਖਿਆ ਅਤੇ ਪ੍ਰਚਾਰ ਨੂੰ ਸਭ ਤੋਂ ਵੱਧ ਮਹੱਤਵ ਦਿੰਦੀ ਹੈ।"

**'ਰਾਸ਼ਟਰੀ ਹਿੱਤਾਂ ਦੀ ਰੱਖਿਆ ਲਈ ਕਦਮ ਚੁੱਕੇ ਜਾਣਗੇ'**

ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ, "ਸਰਕਾਰ ਆਪਣੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਲਈ ਸਾਰੇ ਜ਼ਰੂਰੀ ਕਦਮ ਚੁੱਕੇਗੀ, ਜਿਵੇਂ ਕਿ ਯੂਕੇ ਨਾਲ ਨਵੀਨਤਮ ਵਿਆਪਕ ਆਰਥਿਕ ਅਤੇ ਵਪਾਰ ਸਮਝੌਤੇ ਸਮੇਤ ਹੋਰ ਵਪਾਰ ਸਮਝੌਤਿਆਂ ਦੇ ਮਾਮਲੇ ਵਿੱਚ ਕੀਤਾ ਗਿਆ ਹੈ।"

**ਭਾਰਤ ਤੇ ਰੂਸ ਮਿਲ ਕੇ ਆਪਣੇ ਬੇਜਾਨ ਅਰਥਚਾਰਿਆਂ ਨੂੰ ਡੇਗ ਸਕਦੇ ਹਨ-ਟਰੰਪ**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ’ਤੇ 25 ਫੀਸਦ ਟੈਰਿਫ ਲਗਾਉਣ ਤੋਂ ਬਾਅਦ ਕਿਹਾ: ‘‘ਮੈਨੂੰ ਕੋਈ ਪਰਵਾਹ ਨਹੀਂ ਕਿ ਭਾਰਤ ਰੂਸ ਨਾਲ ਕੀ ਕਰਦਾ ਹੈ।’’ ਟਰੰਪ ਨੇ ਕਿਹਾ, ‘‘ਭਾਰਤ ਨਾਲ ਬਹੁਤ ਘੱਟ ਕਾਰੋਬਾਰ ਕੀਤਾ ਹੈ, ਉਨ੍ਹਾਂ ਦੇ ਟੈਰਿਫ ਬਹੁਤ ਜ਼ਿਆਦਾ ਹਨ, ਦੁਨੀਆ ਵਿੱਚ ਸਭ ਤੋਂ ਉੱਚੇ।" ਅਮਰੀਕੀ ਸਦਰ ਨੇ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਨੇ ਭਾਰਤ ਨਾਲ ਬਹੁਤ ਘੱਟ ਕਾਰੋਬਾਰ ਕੀਤਾ ਹੈ, ਅਤੇ ਰੂਸ ਅਤੇ ਅਮਰੀਕਾ ਇਕੱਠੇ ਲਗਭਗ ਕੋਈ ਕਾਰੋਬਾਰ ਨਹੀਂ ਕਰਦੇ ਹਨ। ਟਰੰਪ ਨੇ ਲਿਖਿਆ: ‘‘ਮੈਨੂੰ ਕੋਈ ਪਰਵਾਹ ਨਹੀਂ ਕਿ ਭਾਰਤ ਰੂਸ ਨਾਲ ਕੀ ਕਰਦਾ ਹੈ।

ਮੈਨੂੰ ਇਸ ਦੀ ਵੀ ਕੋਈ ਪਰਵਾਹ ਨਹੀਂ ਕਿ ਉਹ ਇਕੱਠੇ ਆਪਣੇ ਬੇਜਾਨ ਅਰਥਚਾਰਿਆਂ ਨੂੰ ਕਿਵੇਂ ਡੇਗ ਸਕਦੇ ਹਨ। ਅਸੀਂ ਭਾਰਤ ਨਾਲ ਬਹੁਤ ਘੱਟ ਕਾਰੋਬਾਰ ਕੀਤਾ ਹੈ, ਉਨ੍ਹਾਂ ਦੇ ਟੈਰਿਫ ਦੁਨੀਆ ਵਿੱਚ ਸਭ ਤੋਂ ਉੱਚੇ ਹਨ। ਰੂਸ ਅਤੇ ਅਮਰੀਕਾ ਇਕੱਠੇ ਲਗਭਗ ਕੋਈ ਕਾਰੋਬਾਰ ਨਹੀਂ ਕਰਦੇ। ਆ ਇਸ ਨੂੰ ਇਸੇ ਤਰ੍ਹਾਂ ਰੱਖੀਏ, ਅਤੇ ਰੂਸ ਦੇ ਨਾਕਾਮ ਸਾਬਕਾ ਰਾਸ਼ਟਰਪਤੀ ਦਮਿੱਤਰੀ ਮੈਦਵੇਦੇਵ, ਜੋ ਖ਼ੁਦ ਨੂੰ ਅਜੇ ਵੀ ਰਾਸ਼ਟਰਪਤੀ ਸਮਝਦੇ ਹਨ, ਨੂੰ ਆਪਣੀਆਂ ਗੱਲਾਂ ’ਤੇ ਧਿਆਨ ਦੇਣ ਲਈ ਕਹੀਏ। ਉਹ ਬਹੁਤ ਖ਼ਤਰਨਾਕ ਖੇਤਰ ਵਿੱਚ ਦਾਖਲ ਹੋ ਰਿਹਾ ਹੈ!’’


GLOBAL ADVISORS, LLC.
168 S. Hillview Drive, Milpitas, CA 95035
contact@globaladvisors.llcwww.globaladvisors.llc
Phone: 408-613-3876 / 408-600-9471
Legal Documentation Services:
Family Law, Estate Planning, Small Claims/ Civil Law, Unlawful Detainer, POA, Social Security Disability.



'Sara'- Saraswatee
Consultant
**Income Tax Preparation:** Strategic individual and business tax filings, tax planning, IRS audit, sales & use tax, and new company formation.
**Financial Accounting & Management:** Strategic accounting & reporting services, which are scalable, tactical, and team-driven.
**Immigration Consulting:** Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others
**Live-Scan and Notary**
GLOBAL ADVISORS, LLC
contact@globaladvisors.llc 408-613-3876 / 408-600-9471



Eden's Liquor &
NEW YORK PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99
Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more
Everyday Special
1 Large 14" Toppings Pizza
$21.99 *
FREE 2LT SODA
Best Deal
1X-Large 18" 1 Topping Pizza
$22.99 *
FREE 2LT SODA
King Kong Deal
1 King Kong 2 Toppings PIZZA
$37.99 *
FREE 2LT SODA
* Minimum Delivery $30.00
* Price subject to change without notice
* Taxes applied on all prices and deals
Sun - Thu 11AM - 10PM
Fri - Sat 11AM - 11PM
EdensLiquorandPizza.com

# ਸੰਪਾਦਕੀ

## ਲੈਂਡ ਪੂਲਿੰਗ ਬਣੀ ਆਪ ਦੇ ਗਲੇ ਦੀ ਹੱਡੀ

ਪੰਜਾਬ ਵਿਚ ਲੈਂਡ ਪੂਲਿੰਗ ਨੀਤੀ ਲਿਆ ਕੇ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਅਤੇ ਅਰਵਿਦ ਕੇਜਰੀਵਾਲ ਬੁਰੀ ਤਰ੍ਹਾਂ ਫਸ ਗਏ ਹਨ। ਹੁਣ ਇਹ ਨੀਤੀ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਬਣ ਚੁੱਕੀ ਹੈ। ਦਰਅਸਲ ਜਦੋਂ ਇਹ ਨੀਤੀ ਦਾ ਐਲਾਨ ਕੀਤਾ ਤਾਂ ਲੋਕਾਂ ਨੂੰ ਆਸ ਸੀ ਕਿ ਲੈਂਡ ਪੂਲਿੰਗ ਐਕਟ-2013 ਦੇ ਤਹਿਤ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ, ਜਿਸ ਬਦਲੇ ਕਿਸਾਨਾਂ ਨੂੰ ਜ਼ਮੀਨ ਦੀ ਕੀਮਤ ਤੋਂ 4 ਗੁਣਾਂ ਜ਼ਿਆਦਾ ਮੁਆਵਜ਼ਾ ਮਿਲਦਾ ਹੈ ਅਤੇ ਕਿਸਾਨਾਂ ਦੇ ਇਤਰਾਜ਼ ਲੈਣ ਦੇ ਨਾਲ 80 ਫੀਸਦੀ ਜ਼ਮੀਨ ਮਾਲਕਾਂ ਦੀ ਸਹਿਮਤੀ ਵੀ ਹੋਣੀ ਚਾਹੀਦੀ ਹੈ ਪਰ ਇਸ ਸਰਕਾਰ ਨੇ ਸਿੱਧਾ ਹੀ 1995 ਦਾ ਐਕਟ ਲਾਗੂ ਕਰ ਦਿੱਤਾ, ਜੋ ਕਿ ਸਰਕਾਰ ਨੂੰ ਜ਼ਮੀਨ ਐਕਵਾਇਰ ਕਰਨ ਤੇ ਪੂਰੀ ਤਾਨਾਸ਼ਾਹੀ ਦਿੰਦਾ ਹੈ। ਜਦੋਂ ਕਿਸਾਨਾਂ ਨੂੰ ਇਸ ਦੀ ਸਮਝ ਆਈ ਤਾਂ ਲੋਕ ਰੋਹ ਸਿਖਰ ’ਤੇ ਪਹੁੰਚ ਗਿਆ। ਪੰਜਾਬ ਦੇ ਸਾਰੇ ਪਿੰਡਾਂ ਵਿਚ ਕਿਸਾਨੀ ਦੇ ਕੰਨ ਖੜ੍ਹੇ ਹੋ ਗਏ ਅਤੇ ਜੋ ਜ਼ਮੀਨਾਂ ਨੋਟੀਫਾਈ ਕੀਤੀਆਂ ਗਈਆਂ ਹਨ, ਉਹਨਾਂ ਇਲਾਕਿਆਂ ਦੇ ਕਿਸਾਨਾਂ ਨੇ ਸਰਕਾਰ ਨੂੰ ਖੁੱਲ੍ਹੀ ਚੁਣੌਤੀ ਦੇ ਦਿੱਤੀ ਕਿ ਜ਼ਮੀਨ ਵਿਚ ਵੜ ਕੇ ਦਿਖਾਓ, ਜਾਂ ਅਸੀਂ ਨਹੀਂ ਜਾਂ ਤੁਸੀਂ ਨਹੀਂ। ਜਦੋਂ ਪੰਜਾਬ ਦਾ ਮਾਹੌਲ ਬਹੁਤ ਜ਼ਿਆਦਾ ਗਰਮਾ ਗਿਆ ਤਾਂ ਵਿਰੋਧੀ ਪਾਰਟੀ ਅਤੇ ਕਿਸਾਨ ਜਥੇਬੰਦੀਆਂ ਵੀ ਅੱਗੇ ਆਈਆਂ ਅਤੇ ਇਕ ਵੱਡਾ ਸੰਘਰਸ਼ ਆਰੰਭ ਹੋ ਗਿਆ। ਕਈ ਕਿਸਮ ਦੇ ਸ਼ੰਕੇ ਆਰੰਭ ਹੋ ਗਏ ਕਿਉਂਕਿ ਸਰਕਾਰ 1995 ਦੇ ਐਕਟ ਤਹਿਤ ਐਕਵਾਇਰ ਕਰ ਰਹੀ ਹੈ ਤਾਂ ਸੰਭਵ ਹੈ ਕਿ ਸਰਕਾਰ ਧੱਕੇਸ਼ਾਹੀ ਹੀ ਕਰੇਗੀ। ਅਸਲ ਵਿਚ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕ ਇੱਛਾਵਾਂ ਦੀ ਪੂਰਤੀ ਨਹੀਂ ਕਰ ਸਕੀ ਅਤੇ ਨਾ ਹੀ ਕੀਤੇ ਵਾਅਦੇ ਪੂਰੇ ਕਰ ਸਕੀ। ਇਸ ਕਰਕੇ ਕਦੀ ਬੇਅਦਬੀ ਬਿਲ ਅਤੇ ਕਦੀ ਪਾਣੀਆਂ ਦਾ ਮਸਲਾ ਭਖਾ ਕੇ ਲੋਕਾਂ ਦਾ ਧਿਆਨ ਭਟਕਾਉਣਾ ਚਾਹੁੰਦੀ ਹੈ ਅਤੇ ਪਰਦੇ ਪਿੱਛੇ ਕਿਸਾਨਾਂ ਦੀਆਂ ਜ਼ਮੀਨਾਂ ਹਥਿਆ ਕੇ ਵੱਡੇ ਬਿਲਡਰਾਂ ਨੂੰ ਵੇਚ ਕੇ ਪੈਸੇ ਇਕੱਠੇ ਕਰਨਾ ਚਾਹੁੰਦੀ ਹੈ। ਹੁਣ ਸਰਕਾਰ ਬੁਰੀ ਤਰ੍ਹਾਂ ਫਸ ਚੁੱਕੀ ਹੈ ਅਤੇ ਇਸ ਸਰਕਾਰ ਕੋਲ ਇਸ ਬਿਲ ਨੂੰ ਵਾਪਸ ਲੈਣ ਤੋਂ ਇਲਾਵਾ ਕੋਈ ਚਾਰਾ ਬਚਦਾ ਨਜ਼ਰ ਨਹੀਂ ਆ ਰਿਹਾ। ਜਿਸ ਕਿਸਮ ਦਾ ਕਿਸਾਨ ਅੰਦੋਲਨ ਮੋਦੀ ਸਰਕਾਰ ਦੇ ਖਿਲਾਫ ਖੜ੍ਹਾ ਹੋਇਆ ਸੀ, ਉਸ ਤੋਂ ਵੀ ਵੱਡਾ ਅੰਦੋਲਨ ਆਰੰਭ ਹੋ ਗਿਆ ਮਹਿਸੂਸ ਹੁੰਦਾ ਹੈ। ਪਰ ਸਮੱਸਿਆ ਇਕ ਹੋਰ ਵੀ ਹੈ, ਜੇਕਰ ਇਹ ਸਰਕਾਰ ਬਿਲ ਵਾਪਸ ਨਹੀਂ ਲੈਂਦੀ ਅਤੇ ਚਲੀ ਜਾਂਦੀ ਹੈ ਤਾਂ ਸ਼ੰਕੇ ਇਹ ਵੀ ਹਨ ਕਿ ਕੋਈ ਹੋਰ ਪਾਰਟੀ ਦੀ ਸਰਕਾਰ ਕਿਸਾਨਾਂ ਨਾਲ ਇਮਾਨਦਾਰੀ ਦਿਖਾਵੇਗੀ ਕਿ ਨਹੀਂ, ਕਿਉਂਕਿ ਪੰਜਾਬ ਦੇ ਲੋਕ ਤਾਂ ਸਿੱਧੇ ਤੌਰ ’ਤੇ ਇਹ ਕਹਿ ਰਹੇ ਹਨ ਕਿ ਸਾਨੂੰ ਕਿਸੇ ਵੀ ਸਿਆਸਤਦਾਨ ਤੇ ਇਤਬਾਰ ਨਹੀਂ ਰਹਿ ਗਿਆ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਰਿਹਾਇਸ਼ ਲਈ ਭੂਮੀ ਲੈਣ ਨਾਲ ਜੁੜੇ ਸਵਾਲ



ਡਾ. ਐਸ. ਐਸ. ਛੀਨਾ

ਪੰਜਾਬ ਖੇਤੀ ਵਿਭਾਗ ਨਾਲ ਇਕ ਅਹਿਮ ਵਿਭਾਗ ਭੂਮੀ ਸੰਭਾਲ ਮਹਿਕਮਾ ਹੈ। ਇਸ ਮਹਿਕਮੇ ਦਾ ਕੰਮ ਹੈ- ਭੂਮੀ ਦੀ ਸੰਭਾਲ ਕਰਨਾ, ਬੰਜਰ ਜ਼ਮੀਨ ਨੂੰ ਖੇਤੀ ਯੋਗ ਬਣਾਉਣਾ, ਜ਼ਮੀਨ ਬਚਾਉਣ ਲਈ ਨਹਿਰੀ ਤੇ ਟਿਊਬਵੈਲ ਦੇ ਨਾਲਿਆਂ ਦੀ ਜਗ੍ਹਾ ਸੀਮੈਂਟ ਦੇ ਨਾਲੇ ਪਾ ਕੇ ਉਪਰ ਵਾਲੀ ਜ਼ਮੀਨ ਤੋਂ ਖੇਤੀ ਕਰਨਾ ਤੇ ਉਹ ਜ਼ਮੀਨ ਜਿਹੜੀ ਪਾਣੀ ਦੇ ਖਲਾਰ ਵਿੱਚ ਵਿਹਲੀ ਰਹਿਣੀ ਸੀ, ਉਸ ਉੱਤੇ ਵੀ ਖੇਤੀ ਕਰਨਾ, ਕੱਲਰ ਖ਼ਤਮ ਕਰ ਕੇ ਜ਼ਮੀਨ ਉਪਜਾਊ ਬਣਾਉਣੀ ਅਤੇ ਕਈ ਹੋਰ ਕੰਮ ਕਰਨੇ। ਹੁਣ ਪੰਜਾਬ ਸਰਕਾਰ ਨੇ ਸ਼ਹਿਰਾਂ ਨੇੜੇ ਪਿੰਡਾਂ ਦੀਆਂ ਉਪਜਾਊ ਜ਼ਮੀਨਾਂ ਖਰੀਦ ਕੇ ਫਿਰ ਘਰ ਬਣਾਉਣ ਲਈ ਵੇਚਣ ਦੇ ਫੈਸਲੇ ’ਤੇ ਕਈ ਤਰ੍ਹਾਂ ਦੇ ਸਵਾਲ ਉਠਣੇ ਸੁਭਾਵਿਕ ਸਨ।

ਪੰਜਾਬ ਨੂੰ ਮੁਲਕ ਦਾ ਖੇਤੀ ਸੂਬਾ ਕਿਹਾ ਜਾਂਦਾ ਹੈ ਕਿਉਂ ਜੋ ਤਕਰੀਬਨ 99.5 ਫ਼ੀਸਦ ਜ਼ਮੀਨ ’ਤੇ ਖੇਤੀ ਕੀਤੀ ਜਾ ਸਕਦੀ ਹੈ; ਮੁਲਕ ਪੱਧਰ ’ਤੇ ਇਹ ਸਿਰਫ 46 ਫ਼ੀਸਦ ’ਤੇ ਕੀਤੀ ਜਾ ਸਕਦੀ ਹੈ। ਫਿਰ ਸਾਰੀ ਦੀ ਸਾਰੀ ਖੇਤੀ ਜ਼ਮੀਨ ਨੂੰ ਪਾਣੀ ਦੀ ਸਿੰਜਾਈ ਸੰਭਵ ਹੈ। ਭਾਰਤ ਦੀ ਪੱਧਰ ’ਤੇ ਇਹ ਸਿਰਫ 42 ਫ਼ੀਸਦ ’ਤੇ ਹੀ ਮਿਲਦੀ ਹੈ। ਤਕਰੀਬਨ ਹਰ ਫ਼ਸਲ ਦੀ ਉਪਜ ਭਾਰਤ ਵਿੱਚ ਮਿਲਣ ਵਾਲੀਆਂ ਫ਼ਸਲਾਂ ਤੋਂ ਜ਼ਿਆਦਾ ਹੈ। ਡੇਅਰੀ ਜੋ ਖੇਤੀ ਦਾ ਅਹਿਮ ਸਹਾਇਕ ਪੇਸ਼ਾ ਹੈ, ਉਸ ਦਾ ਪ੍ਰਾਂਤ ਦੇ ਘਰੇਲੂ ਉਤਪਾਦਨ ਵਿੱਚ ਯੋਗਦਾਨ 9 ਫ਼ੀਸਦ ਹੈ, ਮੁਲਕ ਭਰ ਦੀ ਪੱਧਰ ’ਤੇ ਇਹ ਸਿਰਫ 5 ਫ਼ੀਸਦ ਹੈ। ਪੰਜਾਬ ਕੋਲ ਮੁਲਕ ਦਾ ਸਿਰਫ 1.5 ਫ਼ੀਸਦ ਖੇਤਰ ਹੋਣ ਦੇ ਬਾਵਜੂਦ ਇਹ ਮੁਲਕ ਦੇ ਅਨਾਜ ਭੰਡਾਰ ਵਿੱਚ ਤਕਰੀਬਨ 60 ਫ਼ੀਸਦ ਦਾ ਹਿੱਸਾ ਪਾਉਂਦਾ ਰਿਹਾ ਹੈ ਭਾਵੇਂ ਪੰਜਾਬ ਵਿੱਚ ਮੁਲਕ ਦੀ 2.5 ਫ਼ੀਸਦ ਵਸੋਂ ਰਹਿੰਦੀ ਹੈ ਜਿਸ ਵਿੱਚ 47 ਲੱਖ ਪਰਵਾਸੀ ਹਨ ਜਿਹੜੇ ਪੰਜਾਬ ਦੇ ਉਦਯੋਗ ਅਤੇ ਖੇਤੀ ਵਿੱਚ ਕੰਮ ਕਰਦੇ ਹਨ।



ਇਸ ਵਿੱਚ ਸ਼ੱਕ ਨਹੀਂ ਕਿ ਇਕੱਠੀ ਜ਼ਮੀਨ ਖਰੀਦੀ ਜਾਵੇ ਤਾਂ ਸਸਤੀ ਪੈਂਦੀ ਹੈ। ਫਿਰ ਇਕੱਠਾ ਮਟੀਰੀਅਲ ਬਹੁਤ ਸਸਤਾ ਪੈਂਦਾ ਹੈ ਅਤੇ ਖਰੀਦਦਾਰਾਂ ਨੂੰ ਸਸਤੇ ਘਰ ਮਿਲ ਜਾਂਦੇ ਹਨ। ਜਿਸ ਤਰ੍ਹਾਂ ਪਹਿਲਾਂ ਹੀ ਜ਼ਮੀਨਾਂ ਨੂੰ ਕਲੋਨੀਆਂ ਵਿੱਚ ਬਦਲਣ ਵਾਲੇ ਡੀਲਰ ਕਰ ਰਹੇ ਹਨ ਪਰ ਇਸ ਹਾਲਤ ਵਿੱਚ ਉਹ ਘਰ ਸਸਤੇ ਨਹੀਂ ਮਿਲਣਗੇ ਕਿਉਂ ਜੋ ਪੁੱਡਾ (ਪੰਜਾਬ ਹਾਊਸਿੰਗ ਡਿਵੈਲਪਮੈਂਟ ਅਥਾਰਟੀ) ਜਿਸ ਨੇ ਇਹ ਜ਼ਮੀਨ ਪ੍ਰਾਪਤ ਕਰ ਕੇ ਕਾਲੋਨੀਆਂ ਬਣਾਉਣੀਆਂ ਹਨ, ਉਨ੍ਹਾਂ ਨੇ ਇਸ ਵਿੱਚ ਪਾਰਕਿੰਗ, ਦੁਕਾਨਾਂ, ਪਾਰਕਾਂ ਅਤੇ ਸਮਾਜਿਕ ਸੰਸਥਾਵਾਂ ਲਈ ਖੇਤਰ ਛੱਡ ਕੇ ਛੋਟੇ ਤੇ ਵੱਡੇ ਪਲਾਟ ਕੱਟ ਕੇ ਫਿਰ ਉਨ੍ਹਾਂ ’ਤੇ ਘਰ ਬਣਾ ਕੇ ਉਨ੍ਹਾਂ ਦੀ ਵਿਕਰੀ ਕਰਨੀ ਹੈ। ਉਹ ਘਰ ਖੇਤੀ ਵਾਲੀ ਜ਼ਮੀਨ ਤੋਂ 10 ਗੁਣਾ ਤੋਂ ਵੀ ਜ਼ਿਆਦਾ ਮੁੱਲ ਪਾ ਕੇ ਮਿਲਣਗੇ। ਸਰਕਾਰ ਦੇ ਇਸ਼ਤਿਹਾਰ ਤੋਂ ਜਾਪਦਾ ਹੈ ਕਿ ਲੁਧਿਆਣਾ ਜਿਸ ਦੇ ਨਜ਼ਦੀਕ 24000 ਏਕੜ, ਮੁਹਾਲੀ ਜਿਸ ਦੇ ਨਜ਼ਦੀਕ 6000 ਏਕੜ ਅਤੇ ਹੋਰ ਸ਼ਹਿਰਾਂ ਵਿੱਚ ਵੀ ਵੱਡੀ ਮਾਤਰਾ ਵਿੱਚ ਜ਼ਮੀਨ ਪ੍ਰਾਪਤ ਕਰਨੀ ਹੈ ਪਰ ਇਸ ਲਈ ਇੰਨੀ ਵੱਡੀ ਮੰਗ ਆਈ ਕਿੱਥੋਂ ਹੈ, ਉਸ ਦਾ ਵੇਰਵਾ ਨਹੀਂ ਦਿੱਤਾ ਗਿਆ। ਇੱਥੇ ਇੱਕ ਅਹਿਮ ਤੱਥ ਇਹ ਹੈ ਕਿ ਨਵੇਂ ਘਰਾਂ ਦੀ ਵਧੇਰੇ ਲੋੜ ਤਾਂ ਪਿੰਡਾਂ ਵਿੱਚ ਹੈ, ਖਾਸ ਕਰ ਕੇ ਮਜ਼ਦੂਰ ਤਬਕੇ ਨੂੰ ਜਿਨ੍ਹਾਂ ਕੋਲ ਸਿਰ ਲੁਕੋਣ ਲਈ ਛੱਤ ਵੀ ਨਹੀਂ। ਇਹ ਲੋਕ ਦਹਾਕਿਆਂ ਤੋਂ ਆਪਣਾ ਘਰ ਬਣਾਉਣ ਲਈ ਮਾੜਾ-ਮੋਟਾ ਪਲਾਟ ਵੀ ਨਹੀਂ ਖਰੀਦ ਸਕੇ ਹਨ।

ਭੂਮੀ ਦੀ ਖਰੀਦ-ਵੇਚ ਅਤੇ ਖੇਤੀ ਵਾਲੀ ਜ਼ਮੀਨ ਘਰਾਂ ਵਿੱਚ ਬਦਲਣ ਵਾਲੇ ਵਪਾਰ ਵਿੱਚ ਬਾਕੀ ਸਭ ਵਪਾਰਾਂ ਤੋਂ ਜ਼ਿਆਦਾ ਲਾਭ ਹੋਇਆ ਹੈ। 1950 ਵਿੱਚ ਜਿਹੜੀ ਜ਼ਮੀਨ 2 ਰੁਪਏ ਗਜ਼ ਮਿਲਦੀ ਸੀ, ਅੱਜ ਉਹ 2 ਲੱਖ ਰੁਪਏ ਗਜ਼ ਵਿਕਦੀ ਹੈ। ਇਸੇ ਅਨੁਪਾਤ ਨਾਲ ਹੋਰ ਰਿਹਾਇਸ਼ੀ ਕਾਲੋਨੀਆਂ ਦੀਆਂ ਜ਼ਮੀਨਾਂ ਵਿਕੀਆਂ ਹਨ। ਰੀਅਲ ਅਸਟੇਟ ਦੇ ਵਪਾਰੀਆਂ ਨੇ ਇਸ ਵਪਾਰ ਵਿੱਚੋਂ ਵੱਡੀ ਕਮਾਈ ਕੀਤੀ ਹੈ। ਪੰਜਾਬ ਵਿੱਚ ਸ਼ਹਿਰੀਕਰਨ ਤੇਜ਼ੀ ਨਾਲ ਵਧਿਆ ਹੈ। ਅੱਜ ਕੱਲ੍ਹ ਪੰਜਾਬ ਦੀ 42 ਫ਼ੀਸਦ ਵਸੋਂ ਸ਼ਹਿਰਾਂ ਵਿੱਚ ਰਹਿ ਰਹੀ ਹੈ; ਬਾਕੀ ਮੁਲਕ ਵਿੱਚ ਇਹ ਅਨੁਪਾਤ ਅਜੇ ਵੀ 30 ਫ਼ੀਸਦ ਤੋਂ ਥੱਲੇ ਹੈ। ਪੰਜਾਬ ਹੀ ਉਹ ਸੂਬਾ ਹੈ ਜਿਸ ਦੇ ਸ਼ਹਿਰੀਕਰਨ ਤੋਂ ਬਾਅਦ ਸਭ ਤੋਂ ਵੱਧ ਲੋਕ ਵਿਦੇਸ਼ ਪਰਵਾਸ ਕਰ ਕੇ ਗਏ ਹਨ ਅਤੇ ਉਹ ਆਪਣੀਆਂ ਬਚਤਾਂ ਘਰਾਂ, ਖਾਸਕਰ ਖੁੱਲ੍ਹੇ ਘਰਾਂ ’ਤੇ ਲਾਉਂਦੇ ਹਨ।

ਘਰ ਬਣਾ ਕੇ ਵੇਚਣੇ ਚੰਗੀ ਗੱਲ ਹੈ ਪਰ ਇਹ ਜ਼ਰੂਰੀ ਸੀ ਕਿ ਖੇਤੀ ਵਾਲੀ ਉਪਜਾਊ ਜ਼ਮੀਨ ਨੂੰ ਘਰਾਂ ਵਿੱਚ ਬਦਲਣ ਤੋਂ ਪਹਿਲਾਂ ਇਹ ਅੰਦਾਜ਼ਾ ਲਾਇਆ ਜਾਂਦਾ ਕਿ ਕਿੰਨੇ ਲੋਕਾਂ ਨੂੰ ਘਰਾਂ ਦੀ ਜ਼ਰੂਰਤ ਹੈ। ਸਵਾਲ ਇਹ ਵੀ ਹੈ: ਕੀ ਇਹ ਘਰ ਲੋੜਵੰਦਾਂ ਨੂੰ ਮਿਲਣਗੇ? ਜਾਂ ਫਿਰ ਪਹਿਲਾਂ ਵਾਂਗ ਇਨ੍ਹਾਂ ਘਰਾਂ ਦਾ ਲਾਭ ਵਪਾਰੀ ਹੀ ਲੈ ਜਾਣਗੇ। ਪਿਛਲੇ ਕੁਝ ਸਮੇਂ ਤੋਂ ਹਰ ਸ਼ਹਿਰ ਦੇ ਬਾਹਰ ਵਾਲੀਆਂ ਕਲੋਨੀਆਂ ਦੇ ਪਲਾਟ ਵਿਕ ਨਹੀਂ ਰਹੇ। ਕਿਸੇ ਵੀ ਸ਼ਹਿਰ ਦੇ ਬਾਹਰ ਜਾਓ- ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ ਆਦਿ ਅਤੇ ਛੋਟੇ ਕਸਬਿਆਂ ਤੱਕ ਹਰ ਸ਼ਹਿਰ ਦੇ ਬਾਹਰ 14-15 ਕਿਲੋਮੀਟਰ ਤੱਕ ਖੇਤੀ ਵਾਲੀ ਜ਼ਮੀਨ ਵਿੱਚ ਸੜਕਾਂ, ਬਿਜਲੀ ਦੇ ਖੰਭੇ ਅਤੇ ਕਲੋਨੀਆਂ ਦੇ ਨਾਵਾਂ ਦੇ ਬੋਰਡ ਲੱਗੇ ਮਿਲਦੇ ਹਨ ਪਰ ਉਹ ਕਾਲੋਨੀਆਂ ਪਿਛਲੇ 10-12 ਸਾਲਾਂ ਤੋਂ ਇਸੇ ਤਰ੍ਹਾਂ ਬੇਆ-ਬਾਦ ਹਨ। ਲੱਖਾਂ ਏਕੜ ਜ਼ਮੀਨ ਵਿਹਲੀ ਪਈ ਹੈ ਜਿਸ ’ਤੇ ਕੋਈ ਉਪਜ ਨਹੀਂ ਹੋ ਰਹੀ। ਇਨ੍ਹਾਂ ਪਲਾਟਾਂ ਦੇ ਮਾਲਕਾਂ ਦੇ ਵੇਰਵੇ ਬੜੇ ਦਿਲਚਸਪ ਹਨ। ਇੱਕ ਤਾਂ ਲੱਖਾਂ ਏਕੜ ਜ਼ਮੀਨ ਵਿਹਲੀ ਪਈ ਹੋਣ ਕਰ ਕੇ ਲੱਖਾਂ ਲੋਕਾਂ ਦਾ ਰੁਜ਼ਗਾਰ ਖੁੱਸਿਆ; ਦੂਜਾ, ਲੱਖਾਂ ਟਨ ਉਤਪਾਦਨ 10-12 ਸਾਲ ਤੋਂ ਨਹੀਂ ਹੋ ਰਿਹਾ। ਇਹੀ ਨਹੀਂ, ਇਨ੍ਹਾਂ ਕਾਲੋਨੀਆਂ ਵਿੱਚ ਉਨ੍ਹਾਂ ਲੋਕਾਂ ਦੇ ਵੀ ਪਲਾਟ ਹਨ ਜਿਨ੍ਹਾਂ ਕੋਲ ਪਹਿਲਾਂ ਹੀ ਖ਼ੂਬਸੂਰਤ ਘਰ ਹੈ। ਵਿਦੇਸ਼ ਰਹਿਣ ਵਾਲਿਆਂ ਦੇ ਕਈ-ਕਈ ਪਲਾਟ ਹਨ। ਉਨ੍ਹਾਂ ਇਹ ਪਲਾਟ ਮਹਿੰਗੇ ਹੋਣ ਦੀ ਉਮੀਦ ਵਿੱਚ ਰੱਖੇ ਹੋਏ ਹਨ। ਇਸ ਦਾ ਅਰਥ ਹੈ, ਉਹ ਪਲਾਟ ਰਿਹਾਇਸ਼ ਲਈ ਨਹੀਂ ਬਲਕਿ ਵਪਾਰ ਲਈ ਰੱਖੇ ਹੋਏ ਹਨ।

ਰੀਅਲ ਅਸਟੇਟ ਦਾ ਵਪਾਰ ਪੰਜਾਬ ਦੀ ਕਿਸਾਨੀ ਨੂੰ ਇਕ ਹੋਰ ਢੰਗ ਨਾਲ ਵੀ ਢਾਹ ਲਾ ਰਿਹਾ ਹੈ। ਰਸਾਇਣਕ ਖਾਦਾਂ ਅਤੇ ਨਦੀਨ ਤੇ ਕੀੜੇ ਨਾਸ਼ਕ ਦਵਾਈਆਂ ਉਨ੍ਹਾਂ ਖੇਤਰਾਂ ਵਿੱਚ ਸਫਲ ਹਨ ਜਿਥੇ ਸਿੰਜਾਈ ਦੀ ਬਹੁਤਾਤ ਹੈ। ਪੰਜਾਬ ਵਿੱਚ ਮੁਲਕ ਦੇ ਮੁਕਾਬਲੇ 10 ਗੁਣਾ ਜ਼ਿਆਦਾ ਰਸਾਇਣ ਵਰਤੇ ਜਾ ਰਹੇ ਹਨ। ਜ਼ਮੀਨ ਘਟਣ ਨਾਲ ਸੰਘਣੀ ਖੇਤੀ ’ਤੇ ਜ਼ੋਰ ਹੈ, ਇਉਂ ਜ਼ਮੀਨ ਦਿਨੋ-ਦਿਨ ਕਮਜ਼ੋਰ ਹੋ ਗਈ ਹੈ। ਰਸਾਇਣ ਧਰਤੀ, ਪਾਣੀ ਅਤੇ ਹਵਾ ਵਿੱਚ ਘੁਲ ਕੇ ਖ਼ੁਰਾਕ ’ਚ ਦਾਖਲ ਹੋ ਜਾਂਦੇ ਹਨ। ਇਸੇ ਕਰ ਕੇ ਪੰਜਾਬ ਦਾ ਕੁਦਰਤੀ ਵਾਤਾਵਰਨ ਉਹ ਨਹੀਂ ਰਿਹਾ ਜਿਹੜਾ 60 ਸਾਲ ਪਹਿਲਾਂ ਸੀ। ਸ਼ਹਿਰੀਕਰਨ ਵਧਣ ਨਾਲ ਪ੍ਰਦੂਸ਼ਣ ਤੇ ਵਾਤਾਵਰਨ ਵਿਗਾੜ ਹੋਰ ਵਧੇਗਾ। ਜਿੰਨੀ ਉਪਜਾਊ ਜ਼ਮੀਨ ਕਲੋਨੀਆਂ ਲਈ ਵਰਤੀ ਜਾਵੇਗੀ, ਵਾਤਾਵਰਨ ’ਚ ਹੋਰ ਵਿਗਾੜ ਆਉਣਗੇ; ਸ਼ਹਿਰੀਕਰਨ ਦੀ ਭੀੜ ਤੇ ਪ੍ਰਦੂਸ਼ਣ ਘਟਣਗੇ ਨਹੀਂ, ਹੋਰ ਵਧਣਗੇ।

ਇੱਕ ਪਾਸੇ ਭੂਮੀ ਸੰਭਾਲ ਮਹਿਕਮਾ ਸੀਮੈਂਟ ਦੇ ਪਾਈਪ ਪਾ ਕੇ ਧਰਤੀ ਦੀ ਬਚਤ ਕਰ ਰਿਹਾ ਹੈ, ਦੂਜੇ ਪਾਸੇ ਉਪਜਾਊ ਭੂਮੀ ਨੂੰ ਇਮਾਰਤਾਂ ਵਿੱਚ ਬਦਲਣ ਲਈ ਯੋਜਨਾਵਾਂ ਘੜੀਆਂ ਜਾ ਰਹੀਆਂ ਹਨ। ਇਸੇ ਲਈ ਪੰਜਾਬ ਵਿੱਚ ਰੀਅਲ ਅਸਟੇਟ ਦੇ ਵਪਾਰ ਨੂੰ ਨਿਯਮਤ ਕਰਨ ਅਤੇ ਸਿਰਫ ਲੋੜਵੰਦਾਂ ਲਈ ਹੀ ਮਕਾਨ ਬਣਾਉਣ ਲਈ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਭਾਰਤ ਵਿੱਚ ਦੁਨੀਆ ਭਰ ਵਿੱਚ ਸਭ ਤੋਂ ਵੱਧ ਆਮਦਨ ਅਤੇ ਧਨ ਨਾ-ਬਰਾਬਰੀ ਹੈ। ਸ਼ਹਿਰਾਂ ਦੇ ਬਾਹਰਵਾਰ ਇੱਕ-ਇੱਕ ਪਰਿਵਾਰ ਕੋਲ ਏਕੜਾਂ ਵਿੱਚ ਘਰ ਹਨ; ਦੂਜੇ ਪਾਸੇ, 100 ਗਜ਼ ਦੇ ਖੇਤਰ ਵਾਲੇ ਘਰ ਵਿੱਚ ਦੋ-ਦੋ, ਤਿੰਨ-ਤਿੰਨ ਪਰਿਵਾਰ ਰਹਿ ਰਹੇ ਹਨ। ਜਦੋਂ ਪੰਜਾਬ ਦੀ ਖੇਤੀ ਜ਼ਮੀਨ ਦੀ ਉਪਰਲੀ ਹੱਦ ਮਿਥੀ ਗਈ ਸੀ ਤਾਂ ਸ਼ਹਿਰੀ ਜ਼ਮੀਨ ਦੀ ਉਪਰਲੀ ਹੱਦ ਮਿਥਣ ਦੀ ਮੰਗ ਵੀ ਉੱਠੀ ਸੀ ਜਿਸ ਨੂੰ ਉਦਯੋਗੀਕਰਨ ਵਧਾਉਣ ਕਰ ਕੇ ਰੱਦ ਕੀਤਾ ਗਿਆ ਪਰ ਰਿਹਾਇਸ਼ੀ ਘਰਾਂ ਦੀ ਉਪਰਲੀ ਹੱਦ ਜ਼ਰੂਰ ਮਿਥਣੀ ਚਾਹੀਦੀ ਹੈ।

ਇੱਕ ਅਹਿਮ ਗੱਲ ਹੋਰ, ਹਜ਼ਾਰਾਂ ਏਕੜ ਜ਼ਮੀਨ ਐਕਵਾਇਰ ਕਰਨ ਵਿੱਚ ਖੇਤੀ ਆਧਾਰਿਤ ਉਦਯੋਗਾਂ ਲਈ ਵੀ ਭੂਮੀ ਆਉਣੀ ਚਾਹੀਦੀ ਹੈ ਜਿਸ ’ਤੇ ਖੇਤੀ ਵੰਨ-ਸਵੰਨਤਾ ਨਿਰਭਰ ਕਰਦੀ ਹੈ। ਇੰਨੇ ਪਿੰਡਾਂ ਦੀ ਜ਼ਮੀਨ ਲੈਣ ਤੋਂ ਬਾਅਦ ਭੂਮੀ ਮਾਲਕਾਂ ਨੂੰ ਤਾਂ 1000 ਗਜ਼ ਦਾ ਰਿਹਾਇਸ਼ੀ ਅਤੇ 250 ਗਜ਼ ਦਾ ਵਪਾਰਕ ਪਲਾਟ ਦਿੱਤਾ ਜਾਵੇਗਾ ਪਰ ਉਹ ਲੋਕ ਜਿਹੜੇ ਜ਼ਮੀਨ ਤੋਂ ਵਿਰਵੇਂ ਹਨ, ਉਨ੍ਹਾਂ ਦੇ ਮੁੜ ਵਸੇਬੇ ਲਈ ਕੀ ਇੰਤਜ਼ਾਮ ਹੋਵੇਗਾ? ਇਹ ਲੋਕ ਸਦੀਆਂ ਤੋਂ ਉਨ੍ਹਾਂ ਪਿੰਡਾਂ ਵਿੱਚ ਰਹਿ ਰਹੇ ਹਨ।

ਇਸ ਲਈ ਇਨ੍ਹਾਂ ਗੁੰਝਲਦਾਰ ਸਵਾਲ ਦੇ ਜਵਾਬ ਲਈ ਸਰਕਾਰ ਨੂੰ ਡੂੰਘਾਈ ਨਾਲ ਵਿਚਾਰ ਕਰਨ ਤੋਂ ਬਾਅਦ ਹੀ ਜ਼ਮੀਨ ਪ੍ਰਾਪਤ (ਗ੍ਰਹਿਣ) ਕਰਨੀ ਚਾਹੀਦੀ ਹੈ।

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਰਣਜੀਤ ਕੰਦੋਲਾ | (9) ਕੁਲਦੀਪ ਸਿੰਘ ਅਟਵਾਲ | (17) ਪ੍ਰੋ. ਜਸਪਾਲ ਸਿੰਘ ਸੈਣੀ |
| (2) ਅਵਤਾਰ ਸਿੰਘ ਸਹੋਤਾ | (10) ਸੁਰਜੀਤ ਸਿੰਘ ਅਟਵਾਲ | (18) ਜਸਵੀਰ ਸਿੰਘ ਤੱਖਰ |
| (3) ਇੰਦਰਜੀਤ ਸਿੰਘ, ਹੇਵਰਡ | (11) ਭੁਪਿੰਦਰ ਸਿੰਘ ਪਦਮ | (19) ਸੁਖਵਿੰਦਰ ਭੇਲਾ |
| (4) ਜਸਵੀਰ ਸਿੰਘ ਕੁਲਾਰ | (12) ਡਾ. ਹਰਮੇਸ਼ ਕੁਮਾਰ | (20) ਰਵਿੰਦਰ ਪਾਲ |
| (5) ਗੁਰਚਰਨ ਸਿੰਘ ਮਾਨ | (13) ਸੁਰਿੰਦਰ ਸਿੰਘ ਧਨੋਆ | (21) ਅਟਾਰਨੀ ਤਨਵੀਰ ਜੋਸ਼ੀ |
| (6) ਡਾ. ਚਰਨਜੀਤ ਸਿੰਘ ਉਪਲ | (14) ਕਸ਼ਮੀਰ ਸਿੰਘ ਧੁੱਗਾ | (22) ਰੋਜ਼ੀ ਕਮਲ ਕੌਰ |
| (7) ਪਰਮਪਾਲ ਸਿੰਘ | (15) ਬਲਦੇਵ ਸਿੰਘ ਮਾਨ | (23) ਦਵਿੰਦਰ ਸਿੰਘ ਪਾਬਲਾ |
| (8) ਸ. ਮਹਿੰਗਾ ਸਿੰਘ ਸਰਪੰਚ | (16) ਰਾਜ ਬਡਵਾਲ | |



Reena Loans & Real Estate

Residential & Commercial

ਸੰਪਤੀ ਵੇਚਣ, ਖਰੀਦਣ ਸਬੰਧੀ, ਫਾਈਨੈਂਸ ਕਰਨ/ਕਰਵਾਉਣ, ਪੱਟੇ ਤੇ ਲੈਣ-ਦੇਣ, ਸੰਪਤੀ ਦਾ ਪ੍ਰਬੰਧ ਕਰਨ ਬਾਰੇ ਕਿਸੇ ਵੀ ਕਿਸਮ ਦੀ ਸਲਾਹ ਅਤੇ ਸਹਾਇਤਾ ਲਈ ਸੰਪਰਕ ਕਰੋ


ਸੰਪਰਕ ਕਰੋ

www.rlare.com

415-866-3440

reena@rlare.com

Buy, Sell, Finance, Leases, Property Management

Matrimonial

## ਵਿਆਹ/ਸ਼ਾਦੀ

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ ਸੰਪਰਕ ਕਰੋ: 510-938-7771 shaadi@pardestimes.com

### ਲੜਕੀ ਦੀ ਲੋੜ

ਅਮਰੀਕਾ ਦਾ ਜੰਮਪਲ, 27 ਸਾਲਾ, ਕੱਦ 6 ਫੁੱਟ 1 ਇੰਚ, ਸਿੱਖ (ਰਾਮਗੜ੍ਹੀਆ), Bachelor in Bio-chemistry n Molecular Biology, Masters in Bioinformatics, ਸਾਇੰਟਿਸਟ ਲਈ ਪੜ੍ਹੀ-ਲਿਖੀ, ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: (510) 774-7006 ਜਾਂ (510) 485-1133

### ਲੜਕੀ ਦੀ ਲੋੜ

37 ਸਾਲਾ ਲੜਕਾ, ਕੱਦ 5 ਫੁੱਟ 7 ਇੰਚ, ਸ਼ਰਾਬ ਸਿਗਰਟਨੋਸ਼ੀ ਰਹਿਤ, Bachelor's in physiotherapy, ਇਸ ਵਕਤ ਲੈਥਰੋਪ (ਕੈਲੇਫੋਰਨੀਆ) ਰਹਿ ਰਿਹਾ ਹੈ। ਗ੍ਰੀਨ ਕਾਰਡ ਹੋਲਡਰ, ਆਪਣਾ ਘਰ, ਲਈ ਪੜ੍ਹੀ-ਲਿਖੀ ਅਤੇ ਚੰਗੇ ਪਰਿਵਾਰਕ ਮਾਹੌਲ ਦੀ ਲੜਕੀ ਦੀ ਲੋੜ ਹੈ।
ਸੰਪਰਕ ਕਰੋ: 510-434-4263

### ਲੜਕੀ ਦੀ ਲੋੜ

ਬਹੁਤ ਹੀ ਸੋਹਣਾ ਸੁਨੱਖਾ ਲੜਕਾ, ਉਮਰ 33 ਸਾਲ, ਕੱਦ 6 ਫੁੱਟ, ਸੰਗਰ ਗੋਤ, ਨਰਸਿੰਗ ਪਾਸ, ਕੈਲੇਫੋਰਨੀਆ 'ਚ ਗੈਸ ਸਟੇਸ਼ਨ ਤੇ ਹੋਰ ਸਟੋਰਾਂ ਦਾ ਮਾਲਕ, ਲਈ ਬਰਾਬਰ ਦੀ ਪੜ੍ਹਾਈ ਵਾਲੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੁਰਜੀਤ ਜੀ ਨੂੰ 707-291-2901 ਤੇ ਸੰਪਰਕ ਕਰੋ ਜੀ।

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

### ਵਰ ਦੀ ਲੋੜ

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541

### ਵਰ ਦੀ ਲੋੜ

ਗੁਰਸਿੱਖ ਲੜਕੀ ਅਮਰੀਕਨ ਸਿਟੀਜ਼ਨ, ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਲਈ, ਜਿਸਨੇ ਐਚ. ਆਰ. ਦੀ ਗ੍ਰੈਜੂਏਸ਼ਨ ਕੈਲੇਫੋਰਨੀਆ ਤੋਂ ਕੀਤੀ ਹੋਈ ਹੈ ਅਤੇ ਸੀ.ਪੀ.ਏ. ਦਾ ਕੰਮ ਕਰ ਰਹੀ ਹੈ, ਲਈ ਬਰਾਬਰ ਦੀ ਪੜ੍ਹਾਈ ਵਾਲੇ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ 747-243-8263 ਤੇ ਸੰਪਰਕ ਕਰੋ।

# ਭੈਅ-ਸ਼ਰਮ ਦੀਆਂ ਰੋਕਾਂ ਤੋੜਦਿਆਂ

**ਜਯੋਤੀ ਮਲਹੋਤਰਾ**

ਪਹਿਲਾ, ਬਾਲਾਸੌਰ (ਉੜੀਸਾ) ਵਿੱਚ ਕਾਲਜ ਵਿਦਿਆਰਥਣ ਵੱਲੋਂ ਆਪਣੇ ਹੀ ਪ੍ਰੋਫੈਸਰ ਦੁਆਰਾ ਜਿਨਸੀ ਸਬੰਧ ਬਣਾਉਣ ਦੀ ਮੰਗ ਕਰਨ 'ਤੇ ਆਤਮ-ਹੱਤਿਆ। ਦੂਜਾ, ਟਰੱਕ 'ਚ ਸਵਾਰ ਭਗਵਾਂ ਵਸਤਰ ਅਤੇ ਭਗਵੀਂ ਸਕਰਟ ਪਹਿਨ ਕੇ ਦੋ ਔਰਤਾਂ ਵੱਲੋਂ ਕੁਝ ਪੁਰਸ਼ ਕਾਂਵੜੀਆਂ ਦਾ ਮਨੋਰੰਜਨ ਕਰਨ ਦੀ ਵਾਇਰਲ ਵੀਡੀਓ, ਇਸ ਗੱਲ ਦੀ ਬਿਹਤਰੀਨ ਮਿਸਾਲ ਹੈ ਕਿ ਜੀਵਨ ਬਾਲੀਵੁੱਡ ਦੇ ਕਿੰਨੇ ਨੇੜੇ ਆ ਗਿਆ ਹੈ। ਤੀਜਾ, ਸੁਪਰਮੈਨ ਅਤੇ ਉਸ ਦੀ ਗਰਲਫ੍ਰੈਂਡ ਲੋਇਸ ਲੇਨ ਵਿਚਕਾਰ 33 ਸਕਿੰਟ ਦੇ ਚੁੰਬਨ ਦਾ ਸੀਨ ਕੱਟਣ ਲਈ ਆਖਣਾ ਕਿਉਂਕਿ ਸੈਂਸਰ ਬੋਰਡ ਨੇ ਫ਼ੈਸਲਾ ਸੁਣਾਇਆ ਹੈ ਕਿ ਫਿਲਮ ਦਾ ਇਹ ਸੀਨ ਭਾਰਤੀ ਦਰਸ਼ਕਾਂ ਲਈ "ਕੁਝ ਜ਼ਿਆਦਾ ਹੀ ਉਕਸਾਊ" ਹੈ।

ਤੇ ਚੌਥਾ, ਹਰਿਆਣਾ ਦੇ ਭਾਜਪਾ ਆਗੂ ਅਤੇ ਰਾਜ ਸਭਾ ਮੈਂਬਰ ਸੁਭਾਸ਼ ਬਰਾਲਾ ਦੇ ਪੁੱਤਰ ਵਿਕਾਸ ਨੂੰ ਇਸ ਤੱਥ ਦੇ ਬਾਵਜੂਦ ਸਹਾਇਕ ਐਡਵੋਕੇਟ ਜਨਰਲ ਨਿਯੁਕਤ ਕਰਨਾ ਕਿ ਉਹ 2017 ਵਿੱਚ ਚੰਡੀਗੜ੍ਹ ਦੀ ਵਸਨੀਕ ਲੜਕੀ ਵਰਨਿਕਾ ਕੁੰਡੂ ਦਾ ਪਿੱਛਾ ਕਰਨ ਤੇ ਅਗਵਾ ਕਰਨ ਦੀ ਕੋਸ਼ਿਸ਼ ਕਰਨ ਦੇ ਕੇਸ ਵਿੱਚ ਮੁਲਜ਼ਮ ਹੈ। ਉਸ ਵਕਤ ਉਹ ਪੰਜ ਮਹੀਨੇ ਜੇਲ੍ਹ ਵਿੱਚ ਰਿਹਾ ਸੀ। ਇਹ ਫ਼ੌਜਦਾਰੀ ਕੇਸ ਹੈ। ਇਸ ਕੇਸ ਨੂੰ ਅੱਠ ਸਾਲ ਹੋਣ ਵਾਲੇ ਹਨ ਪਰ ਅਜੇ ਤੱਕ ਮੁਕੱਦਮੇ ਦੀ ਕਾਰਵਾਈ ਚੱਲੀ ਜਾ ਰਹੀ ਹੈ। ਸ਼ਾਇਦ ਚੰਡੀਗੜ੍ਹ ਵਿੱਚ ਨਿਆਂ ਦਾ ਪਹੀਆ ਕੁਝ ਜ਼ਿਆਦਾ ਹੀ ਮੱਠਾ ਗਿੜਦਾ ਹੈ।

ਹਰਿਆਣੇ ਵਿੱਚ ਕੋਈ ਖ਼ਾਸ ਗੱਲ ਹੋ ਸਕਦੀ ਹੈ; ਉੜੀਸਾ ਤੇ ਪੱਛਮੀ ਬੰਗਾਲ, ਦਿੱਲੀ ਤੇ ਬਾਕੀ ਭਾਰਤ ਵਿੱਚ ਵੀ ਜਿੱਥੇ ਔਰਤਾਂ ਖ਼ਿਲਾਫ਼ ਜਿਨਸੀ ਅਪਰਾਧ ਹਰ ਸਾਲ ਵਧ ਰਹੇ ਹਨ। ਸਾਡੇ ਵਿੱਚੋਂ ਬਥੇਰਿਆਂ ਨੂੰ ਦਸੰਬਰ 2012 ਵਿੱਚ ਇੱਕ ਲੜਕੀ ਨਾਲ ਹੋਇਆ ਗੈਂਗਰੇਪ ਯਾਦ ਹੋਵੇਗਾ ਜਿਸ ਨੂੰ ਅਸੀਂ 'ਨਿਰਭਯਾ' ਕਹਿੰਦੇ ਸਾਂ। ਉਸ ਦਾ ਨਾਂ ਜਯੋਤੀ ਸਿੰਘ ਸੀ। ਇਸ ਲੜਕੀ ਅੰਦਰ ਸਿਆਣਪ ਅਤੇ ਦਲੇਰੀ, ਦੋਵੇਂ ਸਨ। ਭਾਰਤ ਦੀਆਂ ਜਾਈਆਂ ਵੱਲੋਂ ਦਹਾਕਿਆਂ ਤੋਂ ਬਰਾਬਰੀ ਲਈ ਵਿੱਢੀ ਜੱਦੋਜਹਿਦ ਦੇ ਰਾਹ ਵਿੱਚ ਇਹ ਘਟਨਾ ਫ਼ੈਸਲਾਕੁਨ ਮੋੜ ਬਣ ਗਈ ਸੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮਝ ਗਏ ਸਨ ਕਿ ਦਿੱਲੀ ਗੈਂਗਰੇਪ 2014 ਦੀਆਂ ਚੋਣਾਂ ਅਤੇ ਉਸ ਤੋਂ ਬਾਅਦ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਦੀ ਹਾਰ ਦਾ ਮੁੱਖ ਕਾਰਨ ਸੀ। ਉਨ੍ਹਾਂ 'ਬੇਟੀ ਬਚਾ , ਬੇਟੀ ਪੜ੍ਹਾ ' ਦਾ ਨਾਅਰਾ ਦਿੱਤਾ ਜਿਸ ਦੀ ਗੂੰਜ ਪੂਰੇ ਦੇਸ਼ ਵਿੱਚ ਸੁਣਾਈ ਦਿੱਤੀ। ਉਨ੍ਹਾਂ ਸਰਕਾਰੀ ਯੋਜਨਾਵਾਂ ਦੇ ਲਾਭਪਾਤਰੀਆਂ ਦੇ ਰੂਪ ਵਿੱਚ ਔਰਤਾਂ ਨੂੰ ਪਹਿਲੇ ਸਥਾਨ 'ਤੇ ਰੱਖ ਕੇ ਉਨ੍ਹਾਂ ਨੂੰ ਵੋਟ ਬੈਂਕ ਅਤੇ ਕੋਟੇ ਵਿੱਚ ਤਬਦੀਲ ਕਰ ਦਿੱਤਾ- ਆਉਣ ਵਾਲੇ ਕਿਸੇ ਵੀ ਸਮੇਂ 33 ਫ਼ੀਸਦੀ ਔਰਤਾਂ ਪਾਰਲੀਮੈਂਟ ਲਈ ਚੁਣੀਆਂ ਜਾਣਗੀਆਂ, ਹਾਲਾਂਕਿ ਅਜੇ ਤੱਕ ਇਹ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋ ਸਕਿਆ ਕਿ ਇਹ ਕਦੋਂ ਹੋਵੇਗਾ। ਫਿਰ ਵੀ ਇਹ ਅਜਿਹਾ ਵਚਨ ਹੈ ਜਿਸ ਤੋਂ ਕੋਈ ਵੀ ਪਿਛਾਂਹ ਨਹੀਂ ਹਟ ਸਕਦਾ।

ਪ੍ਰਧਾਨ ਮੰਤਰੀ ਵਜੋਂ ਮੋਦੀ ਦੇ ਤੀਜੇ ਕਾਰਜਕਾਲ 'ਚ ਵੀ ਇਹ ਲੜਾਈ ਹਰ ਦਿਨ ਜਾਰੀ ਹੈ। 2012 'ਚ ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਕ, ਸਾਲ ਵਿੱਚ ਬਲਾਤਕਾਰ ਦੇ 25 ਹਜ਼ਾਰ ਕੇਸ ਦਰਜ ਕੀਤੇ ਗਏ ਸਨ। 2016 ਵਿੱਚ ਬਲਾਤਕਾਰ ਦੇ ਕੇਸਾਂ ਦੀ ਗਿਣਤੀ ਵਧ ਕੇ 39 ਹਜ਼ਾਰ ਹੋ ਗਈ ਸੀ। ਆਖ਼ਿਰੀ ਵਾਰ ਉਪਲਬਧ ਅੰਕੜੇ 2022 ਦੇ ਹਨ; ਉਸ ਸਾਲ ਬਲਾਤਕਾਰ ਦੇ 31 ਹਜ਼ਾਰ ਕੇਸ ਦਰਜ ਹੋਏ। ਵਰਨਿਕਾ ਕੁੰਡੂ ਵੱਲੋਂ ਚੰਡੀਗੜ੍ਹ ਪੁਲੀਸ ਸਟੇਸ਼ਨ ਵਿੱਚ ਵਿਕਾਸ ਬਰਾਲਾ ਖ਼ਿਲਾਫ਼ ਰਿਪੋਰਟ ਦਰਜ ਕਰਾਉਣ ਤੋਂ ਇੱਕ ਸਾਲ ਬਾਅਦ, 2018 ਵਿੱਚ ਹਰ 15 ਮਿੰਟਾਂ ਵਿੱਚ ਬਲਾਤਕਾਰ ਦੀ ਇੱਕ ਰਿਪੋਰਟ ਦਰਜ ਕਰਵਾਈ ਜਾ ਰਹੀ ਸੀ। ਅੰਕੜਿਆਂ ਵਿੱਚ ਇਹ ਵੀ ਛੁਪਿਆ ਹੋਇਆ ਹੈ ਕਿ ਸਿਆਸਤਦਾਨ ਕਿਵੇਂ ਇਸ ਤੋਂ ਬਚ ਜਾਂਦੇ ਹਨ। ਜਿਨਸੀ ਹਮਲਿਆਂ ਜਾਂ ਜਿਨਸੀ ਹਮਲਿਆਂ ਦੀ ਕੋਸ਼ਿਸ਼ ਦੇ ਮੁਲਜ਼ਮ ਅਜਿਹੇ ਸਿਆਸਤਦਾਨਾਂ ਦੀ ਸੂਚੀ 'ਚ ਵਿਕਾਸ ਬਰਾਲਾ ਦਾ ਨਾਂ ਸੱਜਰਾ ਸ਼ਾਮਿਲ ਹੋਇਆ ਹੈ। ਹੁਣ ਤੱਕ ਇਸ ਕਤਾਰ ਵਿੱਚ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਬ੍ਰਿਜਭੂਸ਼ਣ ਸ਼ਰਣ ਸਿੰਘ, ਕਾਂਗਰਸ ਵਿਧਾਇਕ ਵਿਨੈ ਕੁਲਕਰਨੀ, ਜਨਤਾ ਦਲ (ਐੱਸ) ਦੇ ਹੁਣ ਮੁਅੱਤਲੀ ਅਧੀਨ ਸਾਬਕਾ ਸੰਸਦ ਮੈਂਬਰ ਪ੍ਰਜਵਲ ਰੇਵੰਨਾ, ਭਾਜਪਾ ਦੇ ਸਾਬਕਾ ਵਿਧਾਇਕ ਕੁਲਦੀਪ ਸੇਂਗਰ ਅਤੇ ਹੋਰ ਕਈ ਸ਼ਾਮਿਲ ਹਨ।



ਸ਼ਾਇਦ ਸਿਆਸਤਦਾਨਾਂ ਨੂੰ ਲੱਗਦਾ ਹੈ ਕਿ ਉਹ ਬਚ ਸਕਦੇ ਹਨ, ਇਸ ਦਾ ਇੱਕ ਕਾਰਨ ਇਹ ਹੈ ਕਿ ਕੰਮਕਾਜ ਵਾਲੀ ਥਾਂ ਉੱਪਰ ਔਰਤਾਂ 'ਤੇ ਜਿਨਸੀ ਅੱਤਿਆਚਾਰ (ਪੀ ਐੱਸਐੱਚ) ਐਕਟ, ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਉੱਪਰ ਲਾਗੂ ਨਹੀਂ ਹੁੰਦਾ; ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਵਿੱਚ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਇਨ੍ਹਾਂ 'ਤੇ ਵੀ ਇਹ ਕਾਨੂੰਨ ਲਾਗੂ ਕੀਤਾ ਜਾਵੇ।

ਫਿਰ ਵੀ 2012 ਦੇ ਦਿੱਲੀ ਗੈਂਗਰੇਪ ਤੋਂ ਬਾਅਦ ਸਮਾਜਿਕ ਧਰਾਤਲ 'ਤੇ ਅੱਧੇ ਖਾਲੀ ਗਲਾਸ ਵਾਲੀ ਹਾਲਤ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਬਾਲਾਸੌਰ ਦੀ ਵਿਦਿਆਰਥਣ ਨੇ ਕਥਿਤ ਦੁਰਾਚਾਰੀ ਕੋਲੋਂ ਖ਼ੁਦ ਨੂੰ ਬਚਾਉਣ ਲਈ ਪ੍ਰਿੰਸੀਪਲ ਕੋਲ ਅਰਜੋਈ ਕੀਤੀ ਪਰ ਉਸ ਨੇ ਕੁਝ ਨਾ ਕੀਤਾ ਜਿਸ ਤੋਂ ਮਾਯੂਸ ਹੋ ਕੇ ਉਸ ਨੇ ਆਤਮ-ਹੱਤਿਆ ਕਰ ਲਈ: ਦੂਜੇ ਬੰਨੇ, ਵਿਕਾਸ ਬਰਾਲਾ ਦੀ ਨਿਯੁਕਤੀ ਦੀ ਖ਼ਬਰ ਆਉਣ ਤੋਂ ਬਾਅਦ ਵਰਨਿਕਾ ਕੁੰਡੂ ਨੇ ਦਲੇਰਾਨਾ ਬਿਆਨ ਦਿੱਤਾ ਹੈ।

'ਹਿੰਦੁਸਤਾਨ ਟਾਈਮਜ਼' ਨਾਲ ਗੱਲਬਾਤ ਕਰਦਿਆਂ ਵਰਨਿਕਾ ਨੇ ਆਖਿਆ, "ਕਿਸੇ ਸ਼ਖ਼ਸ ਨੂੰ ਜਨਤਕ ਅਹੁਦੇ 'ਤੇ ਨਿਯੁਕਤ ਕਰਨ ਦਾ ਫ਼ੈਸਲਾ ਮਹਿਜ਼ ਸਿਆਸੀ ਨਹੀਂ ਹੁੰਦਾ ਸਗੋਂ ਇਹ ਕਦਰਾਂ-ਕੀਮਤਾਂ ਤੇ ਮਿਆਰਾਂ ਦੀ ਝਲਕ ਵੀ ਪੇਸ਼ ਕਰਦਾ ਹੈ। ਮੈਂ ਨਿਆਂ ਲੈਣ ਲਈ ਤੁਰੀ ਹੋਈ ਹਾਂ। ਨਿਤਾਣੀਆਂ ਤੇ ਬੇਆਵਾਜ਼ ਉਨ੍ਹਾਂ ਔਰਤਾਂ ਲਈ ਕਿਸੇ ਨਾ ਕਿਸੇ ਨੂੰ ਆਵਾਜ਼ ਚੁੱਕਣੀ ਪੈਣੀ ਹੈ।"

ਵਰਨਿਕਾ ਦੀ ਕਹਾਣੀ ਇਹ ਸੀ ਕਿ ਉਹ ਅਗਸਤ 2017 ਦੀ ਇੱਕ ਰਾਤ ਕਾਰ ਰਾਹੀਂ ਆਪਣੇ ਘਰ ਵਾਪਸ ਆ ਰਹੀ ਸੀ ਜਦੋਂ ਉਸ ਨੇ ਦੇਖਿਆ ਕਿ ਕੋਈ ਕਾਰ ਉਸ ਦਾ ਪਿੱਛਾ ਕਰ ਰਹੀ ਹੈ। ਇਸ ਕਾਰ ਵਿੱਚ ਵਿਕਾਸ ਬਰਾਲਾ ਅਤੇ ਉਸ ਦਾ ਦੋਸਤ ਆਸ਼ੀਸ਼ ਸਨ। ਉਨ੍ਹਾਂ ਵਰਨਿਕਾ ਨੂੰ ਇੱਕ ਸਾਈਡ ਰੋਡ ਵੱਲ ਮੋੜ ਕੱਟਣ ਲਈ ਮਜਬੂਰ ਕੀਤਾ, ਆਪਣੀ ਕਾਰ ਅੱਗੇ ਖੜ੍ਹੀ ਕਰ ਕੇ ਉਸ ਨੂੰ ਘੇਰ ਲਿਆ ਤੇ ਉਸ ਦੀ ਕਾਰ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ। ਵਰਨਿਕਾ ਨੇ ਨੇੜਲੇ ਪੁਲੀਸ ਸਟੇਸ਼ਨ ਵਿੱਚ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰਵਾਇਆ।

ਅਗਲੇ ਮਹੀਨੇ ਇਸ ਮਾਮਲੇ ਨੂੰ ਅੱਠ ਸਾਲ ਹੋ ਜਾਣਗੇ। ਹੁਣ ਤੱਕ 102 ਵਾਰ ਸੁਣਵਾਈ ਕੀਤੀ ਜਾ ਚੁੱਕੀ ਹੈ ਪਰ ਅਜੇ ਤੱਕ ਇਹ ਕੇਸ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕਿਆ। ਉਂਝ, ਸਰਕਾਰ ਨੇ ਜਿਸ ਤਰ੍ਹਾਂ ਬੇਪ੍ਰਵਾਹੀ ਨਾਲ ਕਿਸੇ ਮੁਲਜ਼ਮ ਸ਼ਖ਼ਸ ਨੂੰ ਅਹਿਮ ਅਹੁਦੇ ਲਈ ਨਿਯੁਕਤ ਕੀਤਾ, ਉਸ ਤੋਂ ਹੈਰਤ ਜ਼ਰੂਰ ਹੁੰਦੀ ਹੈ ਕਿ ਕੀ ਨਿਆਂ ਸੱਚਮੁੱਚ ਅੰਨ੍ਹਾ ਹੈ।

ਯਕੀਨਨ, ਇਹ ਕੰਟਰੋਲ ਅਤੇ ਸਹਿਮਤੀ ਦੀ ਲੜਾਈ ਹੈ। ਤੁਸੀਂ ਕਿਸੇ ਹੋਰ ਸ਼ਖ਼ਸ ਦੀ ਸਹਿਮਤੀ ਤੋਂ ਬਿਨਾਂ ਉਸ 'ਤੇ ਕਿਸ ਹੱਦ ਤੱਕ ਆਪਣੀ ਤਾਕਤ ਦਾ ਦਾਅਵਾ ਕਰ ਸਕਦੇ ਹੋ? ਪਿਛਲੇ ਹਫ਼ਤੇ ਦੇ ਸ਼ੁਰੂ ਵਿੱਚ ਕਾਂਵੜੀਆਂ ਵਾਲੇ ਟਰੱਕ ਵਿੱਚ ਸਵਾਰ ਭਗਵੇਂ ਕੱਪੜੇ ਪਹਿਨ ਕੇ ਦੋ ਔਰਤਾਂ ਕਾਂਵੜੀਏ ਪੁਰਸ਼ਾਂ ਦੇ ਮਨੋਰੰਜਨ ਲਈ ਡਾਂਸ ਕਰ ਰਹੀਆਂ ਸਨ, ਕਿਉਂਕਿ ਉਹ ਉੱਥੇ ਇਵੇਂ ਕਰਨਾ ਚਾਹੁੰਦੀਆਂ ਹੋਣਗੀਆਂ ਤਾਂ ਕਿਸੇ ਹੋਰ ਨੂੰ ਇਹ ਦੱਸਣ ਦਾ ਹੱਕ ਨਹੀਂ ਕਿ ਉਨ੍ਹਾਂ ਨੂੰ ਕੀ ਨਹੀਂ ਕਰਨਾ ਚਾਹੀਦਾ ਜਾਂ ਉਨ੍ਹਾਂ ਨੂੰ ਕਿਸ ਤਰ੍ਹਾਂ ਦੇ ਕੱਪੜੇ ਪਾਉਣੇ ਚਾਹੀਦੇ ਹਨ। ਜੇ ਤੁਹਾਨੂੰ ਨਹੀਂ ਲਗਦਾ ਕਿ ਇਹ ਸੰਸਕਾਰੀ ਕਰਮ ਨਹੀਂ ਤਾਂ ਇਹ ਤੁਹਾਡੀ ਸਮੱਸਿਆ ਹੈ।

ਇਸੇ ਕਰ ਕੇ ਜਦੋਂ ਵਰਨਿਕਾ ਤੇ ਸਾਕਸ਼ੀ ਮਲਿਕ ਜਾਂ ਵਿਨੇਸ਼ ਫੋਗਾਟ ਜਿਹੀਆਂ ਔਰਤਾਂ ਕਿਸੇ ਜ਼ਿਆਦਤੀ ਖ਼ਿਲਾਫ਼ ਲੜਾਈ ਲਈ ਖੜ੍ਹੀਆਂ ਹੁੰਦੀਆਂ ਹਨ ਤਾਂ ਉਹ ਅਸਲ ਵਿੱਚ ਡਰ ਤੇ ਸ਼ਰਮ ਦੀਆਂ ਰੋਕਾਂ ਤੋੜ ਰਹੀਆਂ ਹੁੰਦੀਆਂ ਹਨ।

ਉਹ ਜਾਣਦੀਆਂ ਹਨ ਕਿ ਇਹ ਲੰਮਾ ਸੰਘਰਸ਼ ਹੋਵੇਗਾ, ਪਰ ਉਨ੍ਹਾਂ ਦਾ ਸਾਦਾ ਢੰਗ ਨਾਲ ਪ੍ਰਗਟਾਇਆ ਆਤਮ-ਵਿਸ਼ਵਾਸ ਵਾਕਈ ਹੈਰਾਨ ਕਰਨ ਵਾਲਾ ਹੈ- ਜਦੋਂਕਿ ਅਤੀਤ ਦਾ ਇਹ ਮੰਤਰ ਰਿਹਾ ਹੈ ਕਿ ਲੋਕ ਕੀ ਕਹਿਣਗੇ- ਉਂਝ ਵੀ ਕੁਝ ਤਾਂ ਲੋਕ ਕਹਿਣਗੇ। ਜਿੱਥੋਂ ਤੱਕ ਸੈਂਸਰ ਬੋਰਡ ਵੱਲੋਂ ਸੁਪਰਮੈਨ ਦੇ ਚੁੰਬਨ ਵਾਲਾ ਦ੍ਰਿਸ਼ ਹਟਾਉਣ ਦਾ ਸਵਾਲ ਹੈ, ਸ਼ਾਇਦ ਬੋਰਡ ਵਿੱਚ ਸ਼ਾਮਿਲ ਲੋਕਾਂ ਨੂੰ ਉਨ੍ਹਾਂ ਦੇ ਖਰਚੇ 'ਤੇ ਖੁਜਰਾਹੋ ਜਾਂ ਕੋਨਾਰਕ ਦੇ ਮੰਦਰਾਂ ਜੋ ਦੋਵੇਂ ਭਾਜਪਾ ਦੇ ਸ਼ਾਸਨ ਵਾਲੇ ਰਾਜਾਂ ਵਿੱਚ ਪੈਂਦੇ ਹਨ, ਦੇ ਦੌਰੇ 'ਤੇ ਭੇਜਿਆ ਜਾਣਾ ਚਾਹੀਦਾ ਹੈ ਤਾਂ ਕਿ ਉਹ ਦੇਖ ਸਕਣ ਕਿ ਸਾਡੇ ਪੁਰਾਤਨ ਹਿੰਦੂ ਰਾਜੇ ਰਾਣੀਆਂ, ਜੀਵਨ ਨੂੰ ਕਿਵੇਂ ਦੇਖਦੇ ਸਨ।

# ਸਭ ਦੇ ਹਿੱਤਾਂ ਦਾ ਖਿਆਲ ਰੱਖਣ ਵਾਲਾ ਵਪਾਰ ਸਮਝੌਤਾ



ਪਿਊਸ਼ ਗੋਇਲ
ਕੇਂਦਰੀ ਮੰਤਰੀ, ਭਾਰਤ

ਭਾਰਤ ਤੇ ਬ੍ਰਿਟੇਨ ਵਿਚਕਾਰ ਇਤਿਹਾਸਕ ਮੁਕਤ ਵਪਾਰ ਸਮਝੌਤੇ ਯਾਨੀ ਐੱਫਟੀਏ ’ਤੇ ਸਹਿਮਤੀ ਬਣ ਗਈ ਹੈ। ਭਾਰਤ-ਯੂਕੇ ਵਿਆਪਕ ਆਰਥਿਕ ਅਤੇ ਵਪਾਰ ਸਮਝੌਤਾ (ਸੀਈਟੀਏ) ਦੇ ਹੋਂਦ ’ਚ ਆਉਣ ਨਾਲ ਰੁਜ਼ਗਾਰ ਦੇ ਬੇਹਿਸਾਬ ਮੌਕੇ ਪੈਦਾ ਹੋਣਗੇ। ਭਾਰਤੀ ਕਿਸਾਨਾਂ, ਮਛੇਰਿਆਂ, ਕਾਰੀਗਰਾਂ ਅਤੇ ਕਿੱਤਿਆਂ ਨੂੰ ਨਵੀਂ ਆਲਮੀ ਪਛਾਣ ਮਿਲੇਗੀ। ਉੱਚ ਗੁਣਵੱਤਾ ਵਾਲੀਆਂ ਵਸਤਾਂ ਦੀਆਂ ਸਸਤੀਆਂ ਦਰਾਂ ’ਤੇ ਪਹੁੰਚ ਯਕੀਨੀ ਬਣੇਗੀ। ਸੀਈਟੀਏ ਦੀ ਕਲਪਨਾ ਆਸਟ੍ਰੇਲੀਆ, ਸੰਯੁਕਤ ਅਰਬ ਅਮੀਰਾਤ ਅਤੇ ਕੁਝ ਹੋਰ ਦੇਸ਼ਾਂ ਨਾਲ ਹੋਏ ਮੁਕਤ ਵਪਾਰ ਸਮਝੌਤਿਆਂ ਦੇ ਅਨੁਕੂਲ ਹੈ। ਇਹ ਮੋਦੀ ਸਰਕਾਰ ਦੀ ਭਾਰਤ ਨੂੰ 2047 ਤੱਕ ਵਿਕਸਤ ਮੁਲਕ ਬਣਾਉਣ ਦੀ ਯੋਜਨਾ ਦਾ ਇਕ ਹਿੱਸਾ ਹੈ। ਭਾਰਤ ਸਰਕਾਰ ਨੇ ਭਾਰਤੀ ਅਰਥਵਿਵਸਥਾ ਵਿਚ ਵਿਸ਼ਵਾਸ ਨੂੰ ਮੁੜ ਸਥਾਪਤ ਕਰਨ ਅਤੇ ਇਸ ਨੂੰ ਭਾਰਤੀ ਅਤੇ ਵਿਦੇਸ਼ੀ ਨਿਵੇਸ਼ਕਾਂ ਲਈ ਆਕਰਸ਼ਕ ਬਣਾਉਣ ਲਈ ਇਕ ਮਜ਼ਬੂਤ ਰਣਨੀਤੀ ਅਪਣਾਈ ਹੈ।

ਵਿਕਸਤ ਦੇਸ਼ਾਂ ਨਾਲ ਐੱਫਟੀਏ ਇਸ ਰਣਨੀਤੀ ਦਾ ਕੇਂਦਰ ਹੈ। ਇਸ ਤਰ੍ਹਾਂ ਦੇ ਸਮਝੌਤੇ ਵਪਾਰ ਨੀਤੀਆਂ ਨਾਲ ਜੁੜੀਆਂ ਬੇਯਕੀਨੀਆਂ ਨੂੰ ਦੂਰ ਕਰ ਕੇ ਨਿਵੇਸ਼ਕਾਂ ਦਾ ਵਿਸ਼ਵਾਸ ਵਧਾਉਂਦੇ ਹਨ। ਪਿਛਲੀ ਯੂਪੀਏ ਸਰਕਾਰ ਨੇ ਭਾਰਤ ਦੇ ਦਰਵਾਜ਼ੇ ਮੁਕਾਬਲੇਬਾਜ਼ੀ ਵਾਲੇ ਦੇਸ਼ਾਂ ਲਈ ਖੋਲ੍ਹ ਕੇ ਭਾਰਤੀ ਵਪਾਰਾਂ ਨੂੰ ਖ਼ਤਰੇ ਵਿਚ ਪਾ ਦਿੱਤਾ ਸੀ। ਯੂਪੀਏ ਸਰਕਾਰ ਦੌਰਾਨ ਵਿਕਸਤ ਦੇਸ਼ ਭਾਰਤ ਨਾਲ ਵਪਾਰ ਸਮਝੌਤੇ ਕਰਨ ਲਈ ਤਾਂਘਵਾਨ ਨਹੀਂ ਸਨ ਕਿਉਂਕਿ ਉਸ ਸਮੇਂ ਦੇਸ਼ ਦੀ ਗਿਣਤੀ ਦੁਨੀਆ ਦੇ ਪੰਜ ਨਾਜ਼ੁਕ ਅਰਥਚਾਰਿਆਂ ਵਿਚ ਹੋਣ ਲੱਗੀ ਸੀ ਪਰ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿਚ ਆਰਥਿਕਤਾ ਦੀ ਕਾਇਆ ਪਲਟ ਗਈ। ਭਾਰਤ ਦਾ ਜੀਡੀਪੀ 2014 ਤੋਂ ਲਗਪਗ ਤਿੱਗਣਾ ਵਧ ਕੇ ਲਗਪਗ 331 ਲੱਖ ਕਰੋੜ ਰੁਪਏ ਹੋ ਗਿਆ ਹੈ।

ਕ੍ਰਾਂਤੀਕਾਰੀ ਸੁਧਾਰਾਂ, ਵਪਾਰਕ ਸੁਗਮਤਾ ਅਤੇ ਪ੍ਰਧਾਨ ਮੰਤਰੀ ਦੀ ਵਿਸ਼ਵ ’ਚ ਪਛਾਣ ਨੇ ਭਾਰਤ ਨੂੰ ਇਕ ਆਕਰਸ਼ਕ ਆਰਥਿਕ ਹਿੱਸੇਦਾਰ ਦੇ ਤੌਰ ’ਤੇ ਉਭਾਰਨ ਵਿਚ ਮਦਦ ਕੀਤੀ ਹੈ ਜਿੱਥੇ ਬੇਹਿਸਾਬ ਸੰਭਾਵਨਾਵਾਂ ਹਨ। ਅੱਜ ਦੁਨੀਆ ਭਾਰਤ ਦੀ ਅਦਭੁਤ ਵਿਕਾਸ ਗਾਥਾ ਦਾ ਹਿੱਸਾ ਬਣਨਾ ਚਾਹੁੰਦੀ ਹੈ।

ਪ੍ਰਮੁੱਖ ਦੇਸ਼ਾਂ ਦੁਆਰਾ ਇਕ ਤੋਂ ਬਾਅਦ ਇਕ ਐੱਫਟੀਏ ਇਸ ਮਾਨਤਾ ਦੀ ਪੁਸ਼ਟੀ ਕਰਦੇ ਹਨ। ਬ੍ਰਿਟੇਨ ਨਾਲ ਇਹ ਵਪਾਰ ਸਮਝੌਤਾ ਬਾਜ਼ਾਰ ਪਹੁੰਚ ਅਤੇ ਮੁਕਾਬਲੇਬਾਜ਼ੀ ਵਾਲੀ ਬੜ੍ਹਤ ਦਿਵਾਏਗਾ। ਇਹ ਲਗਪਗ 99% ਟੈਰਿਫ ਨੂੰ ਖ਼ਤਮ ਕਰਦਾ ਹੈ ਜੋ ਲਗਪਗ ਸ਼ਤ-ਪ੍ਰਤੀਸ਼ਤ ਵਪਾਰ ਮੁੱਲ ਨੂੰ ਕਵਰ ਕਰਦਾ ਹੈ। ਇਹ 56 ਅਰਬ ਡਾਲਰ ਦੇ ਦੁਵੱਲੇ ਵਪਾਰ ਲਈ ਬੇਹੱਦ ਮੌਕੇ ਪੈਦਾ ਕਰੇਗਾ ਜਿਸ ਦੇ 2030 ਤੱਕ ਦੁੱਗਣਾ ਹੋਣ ਦਾ ਅਨੁਮਾਨ ਹੈ।



ਇਸ ਨਾਲ ਛੋਟੇ ਵਪਾਰ ਵਧ-ਫੱਲ ਸਕਣਗੇ ਕਿਉਂਕਿ ਭਾਰਤੀ ਉਤਪਾਦਾਂ ਨੂੰ ਮੁਕਾਬਲੇਬਾਜ਼ਾਂ ’ਤੇ ਬੜ੍ਹਤ ਮਿਲੇਗੀ। ਖੇਡ ਉਪਕਰਨ ਬਣਾਉਣ ਵਾਲੀਆਂ ਕੰਪਨੀਆਂ ਦੇ ਕਾਰੋਬਾਰ ਵਿਚ ਵੱਡਾ ਵਿਸਥਾਰ ਹੋਵੇਗਾ। ਦੁਨੀਆ ਦੇ ਇਕ ਆਕਰਸ਼ਕ ਬਾਜ਼ਾਰ ’ਚ ਭਾਰਤ ਦੀ ਮੁਕਾਬਲੇਬਾਜ਼ੀ ਵਾਲੀ ਬੜ੍ਹਤ ਚਮੜਾ ਅਤੇ ਜੁੱਤੇ, ਕੱਪੜੇ, ਸਮੁੰਦਰੀ ਉਤਪਾਦ ਤੇ ਰਤਨ ਤੇ ਗਹਿਣੇ ਵਰਗੇ ਕਿਰਤ-ਕੇਂਦਰਿਤ ਖੇਤਰਾਂ ਲਈ ਮਦਦਗਾਰ ਸਾਬਿਤ ਹੋਵੇਗੀ।

ਇਨ੍ਹਾਂ ਖੇਤਰਾਂ ’ਚ ਜਿੱਥੇ ਕਈ ਛੋਟੇ ਵਪਾਰ ਚੱਲ ਰਹੇ ਹਨ, ਨਿਵੇਸ਼ ਤੇ ਰੁਜ਼ਗਾਰ ਸਿਰਜਣ ਦੇ ਮੌਕੇ ਪੈਦਾ ਹੋਣਗੇ। ਭਾਰਤ ਦੇ ਚਮੜਾ ਤੇ ਜੁੱਤਿਆਂ ਦੇ ਨਿਰਯਾਤ ’ਚ ਵੱਡਾ ਵਾਧਾ ਹੋਣ ਦੀ ਉਮੀਦ ਹੈ। ਭਾਰਤ ਕੱਪੜਾ, ਚਮੜਾ ਤੇ ਜੁੱਤਿਆਂ ਦੇ ਖੇਤਰ ’ਚ ਬ੍ਰਿਟੇਨ ਦੇ ਸਿਖਰਲੇ ਤਿੰਨ ਸਪਲਾਇਰਾਂ ’ਚੋਂ ਇਕ ਬਣਨ ਦੀ ਬਿਹਤਰ ਸਥਿਤੀ ’ਚ ਹੈ।

ਇਸ ਸਮਝੌਤੇ ਤੋਂ ਬਾਅਦ 95% ਤੋਂ ਵੱਧ ਕਿਸਾਨੀ ਤੇ ਪ੍ਰੋਸੈਸਡ ਖੁਰਾਕ ਟੈਰਿਫ ਲਾਈਨਾਂ ’ਤੇ ਸਿਫ਼ਰ ਡਿਊਟੀ ਲੱਗੇਗੀ ਜਿਸ ਨਾਲ ਖੇਤੀ ਨਿਰਯਾਤ ਤੇ ਪਿੰਡਾਂ ਦੀ ਖ਼ੁਸ਼ਹਾਲੀ ’ਚ ਤੇਜ਼ ਵਾਧਾ ਹੋਵੇਗਾ।

ਇਸ ਨਾਲ ਅਗਲੇ ਤਿੰਨ ਸਾਲਾਂ ਵਿਚ ਖੇਤੀ ਨਿਰਯਾਤ ਵਿਚ 20 % ਤੋਂ ਵੱਧ ਦਾ ਵਾਧਾ ਹੋਣ ਦੀ ਉਮੀਦ ਹੈ ਜੋ 2030 ਤੱਕ ਭਾਰਤ ਦੇ 100 ਅਰਬ ਡਾਲਰ ਦੇ ਖੇਤੀ-ਨਿਰਯਾਤ ਦੇ ਟੀਚੇ ਨੂੰ ਪੂਰਾ ਕਰਨ ਵਿਚ ਯੋਗਦਾਨ ਦੇਵੇਗਾ।

ਇਸ ਨਾਲ ਭਾਰਤੀ ਕਿਸਾਨਾਂ ਲਈ ਪ੍ਰੀਮੀਅਮ ਬ੍ਰਿਟਿਸ਼ ਬਾਜ਼ਾਰ ਦੇ ਦਰਵਾਜ਼ੇ ਖੁੱਲ੍ਹਣਗੇ ਜੋ ਜਰਮਨੀ, ਨੀਦਰਲੈਂਡ ਅਤੇ ਹੋਰ ਯੂਰਪੀ ਸੰਘ ਦੇ ਦੇਸ਼ਾਂ ਨੂੰ ਮਿਲਣ ਵਾਲੇ ਫ਼ਾਇਦੇ ਦੇ ਬਰਾਬਰ ਜਾਂ ਉਸ ਤੋਂ ਵੀ ਵੱਧ ਹੋਵੇਗਾ। ਹਲਦੀ, ਕਾਲੀ ਮਿਰਚ, ਇਲਾਇਚੀ, ਪ੍ਰੋਸੈਸਡ ਉਤਪਾਦ, ਅਚਾਰ ਅਤੇ ਦਾਲਾਂ ਨੂੰ ਵੀ ਡਿਊਟੀ-ਮੁਕਤ ਪਹੁੰਚ ਮਿਲੇਗੀ। ਨਿਰਯਾਤ ਵਧਣ ਨਾਲ ਖੇਤੀ ਆਮਦਨ ਵਿਚ ਵਾਧਾ ਹੋਵੇਗਾ ਅਤੇ ਗੁਣਵੱਤਾ, ਪੈਕੇਜਿੰਗ ਤੇ ਪ੍ਰਮਾਣਨ ਲਈ ਵੱਧ ਪ੍ਰੋਤਸਾਹਨ ਮਿਲੇਗਾ। ਇਸ ਨਾਲ ਖੇਤੀ ਮੁੱਲ ਲੜੀ ਵਿਚ ਨੌਕਰੀਆਂ ਦੇ ਬੇਹਿਸਾਬ ਮੌਕੇ ਪੈਦਾ ਹੋਣਗੇ।

ਘਰੇਲੂ ਕਿਸਾਨਾਂ ਦੀ ਸੁਰੱਖਿਆ ਲਈ ਐੱਫਟੀਏ ਵਿਚ ਭਾਰਤ ਦੇ ਸਭ ਤੋਂ ਸੰਵੇਦਨਸ਼ੀਲ ਖੇਤੀ ਖੇਤਰਾਂ ਨੂੰ ਬਾਹਰ ਰੱਖਿਆ ਗਿਆ ਹੈ। ਭਾਰਤ ਨੇ ਡੇਅਰੀ ਉਤਪਾਦਾਂ, ਸੇਬ, ਜੌਂ ਅਤੇ ਖੁਰਾਕੀ ਤੇਲਾਂ ’ਤੇ ਕੋਈ ਟੈਕਸ ਛੋਟ ਨਹੀਂ ਦਿੱਤੀ ਹੈ। ਇਹ ਮੋਦੀ ਸਰਕਾਰ ਦੀ ਖੁਰਾਕ ਸੁਰੱਖਿਆ, ਕੀਮਤ ਸਥਿਰਤਾ ਅਤੇ ਕਮਜ਼ੋਰ ਕਿਸਾਨ ਭਾਈਚਾਰਿਆਂ ਨੂੰ ਤਰਜੀਹ ਦੇਣ ਦੀ ਰਣਨੀਤੀ ਨੂੰ ਦਰਸਾਉਂਦਾ ਹੈ। ਸਮਝੌਤੇ ਨਾਲ ਭਾਰਤੀ ਮਛੇਰਿਆਂ, ਖ਼ਾਸ ਕਰਕੇ ਆਂਧਰ ਪ੍ਰਦੇਸ਼, ਓਡੀਸ਼ਾ, ਕੇਰਲ ਅਤੇ ਤਮਿਲਨਾਡੂ ਦੇ ਮਛੇਰਿਆਂ ਦੀ ਬ੍ਰਿਟਿਸ਼ ਬਾਜ਼ਾਰ ਵਿਚ ਪਹੁੰਚ ਸੁਗਮ ਹੋਵੇਗੀ।

ਇਹ ਸਮਝੌਤਾ ਸੂਚਨਾ ਤਕਨਾਲੋਜੀ ਅਤੇ ਸਬੰਧਤ ਸੇਵਾਵਾਂ, ਵਿੱਤੀ ਸੇਵਾਵਾਂ ਅਤੇ ਸਿੱਖਿਆ ਸਮੇਤ ਹੋਰ ਸੇਵਾਵਾਂ ਵਿਚ ਭਾਰਤੀਆਂ ਲਈ ਨਵੇਂ ਮੌਕੇ ਪੈਦਾ ਕਰੇਗਾ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿਚ ਭਾਰਤ ਦੇ ਐੱਫਟੀਏ ਵਸਤਾਂ ਅਤੇ ਸੇਵਾਵਾਂ ਤੋਂ ਕਿਤੇ ਅੱਗੇ ਤੱਕ ਜਾਂਦੇ ਹਨ। ਆਸਟ੍ਰੇਲਿਆਈ ਐੱਫਟੀਏ ਦੇ ਨਾਲ ਭਾਰਤ ਨੇ ਦੋਹਰੇ ਕਰਾਂ ਦੀ ਸਮੱਸਿਆ ਨੂੰ ਹੱਲ ਕੀਤਾ ਜੋ ਆਈਟੀ ਕੰਪਨੀਆਂ ਦੀ ਪਰੇਸ਼ਾਨੀ ਵਧਾ ਰਿਹਾ ਸੀ। ਬ੍ਰਿਟੇਨ ਨਾਲ ਸਮਝੌਤੇ ਦਾ ਇਕ ਮਹੱਤਵਪੂਰਨ ਬਿੰਦੂ ਦੋਹਰੇ ਅੰਸ਼ਦਾਨ ਨਾਲ ਜੁੜਿਆ ਹੈ। ਇਹ ਬ੍ਰਿਟੇਨ ਵਿਚ ਰੁਜ਼ਗਾਰਦਾਤਿਆਂ, ਅਸਥਾਈ ਭਾਰਤੀ ਕਰਮਚਾਰੀਆਂ ਨੂੰ ਤਿੰਨ ਸਾਲਾਂ ਲਈ ਸਮਾਜਿਕ ਸੁਰੱਖਿਆ ਅੰਸ਼ਦਾਨ ਤੋਂ ਛੋਟ ਦਿੰਦਾ ਹੈ। ਇਸ ਨਾਲ ਭਾਰਤੀ ਸੇਵਾ ਪ੍ਰਦਾਤਿਆਂ ਦੀ ਮੁਕਾਬਲੇਬਾਜ਼ੀ ਵਧੇਗੀ। ਵਪਾਰ ਸਮਝੌਤੇ ਮੁਕਾਬਲੇਬਾਜ਼ੀ ਨੂੰ ਵਧਾਉਂਦੇ ਹਨ ਜਿਸ ਨਾਲ ਭਾਰਤੀ ਉਪਭੋਗਤਾਵਾਂ ਨੂੰ ਮੁਕਾਬਲੇਬਾਜ਼ੀ ਵਾਲੀਆਂ ਕੀਮਤਾਂ ’ਤੇ ਉੱਚ ਗੁਣਵੱਤਾ ਵਾਲੀਆਂ ਵਸਤਾਂ ਪ੍ਰਾਪਤ ਕਰਨ ਵਿਚ ਮਦਦ ਮਿਲਦੀ ਹੈ।

ਮੋਦੀ ਸਰਕਾਰ ਨੇ ਗੁਣਵੱਤਾ ਨੂੰ ਉਤਸ਼ਾਹਤ ਕਰਨ ਅਤੇ ਵਧਾਉਣ ਲਈ ਨੀਤੀਗਤ ਸਮਰਥਨ ਪ੍ਰਦਾਨ ਕੀਤਾ ਹੈ। ਗੁਣਵੱਤਾ ਨਿਯੰਤਰਣ ਆਦੇਸ਼ ਜਾਰੀ ਕੀਤੇ ਹਨ ਅਤੇ ਮੁਕਤ ਵਪਾਰ ਸਮਝੌਤਿਆਂ ’ਤੇ ਗੱਲਬਾਤ ਅੱਗੇ ਵਧਾਈ ਹੈ। ਸਰਕਾਰ ਨੇ ਕਿਸੇ ਵੀ ਮੁਕਤ ਵਪਾਰ ਸਮਝੌਤੇ ’ਤੇ ਹਸਤਾਖ਼ਰ ਕਰਨ ਤੋਂ ਪਹਿਲਾਂ ਉਦਯੋਗ ਜਗਤ ਅਤੇ ਹੋਰ ਹਿੱਤ ਧਾਰਕਾਂ ਨਾਲ ਡੂੰਘਾਈ ਨਾਲ ਸਲਾਹ-ਮਸ਼ਵਰਾ ਕੀਤਾ ਹੈ।

ਉਦਯੋਗ ਜਗਤ ਨੇ ਇਨ੍ਹਾਂ ਵਪਾਰ ਸਮਝੌਤਿਆਂ ਦਾ ਵੱਡੇ ਪੱਧਰ ’ਤੇ ਸਮਰਥਨ ਅਤੇ ਸਵਾਗਤ ਕੀਤਾ ਹੈ। ਇਸੇ ਕੜੀ ਵਿਚ ਬ੍ਰਿਟੇਨ ਨਾਲ ਇਹ ਸਮਝੌਤਾ ਵੱਡੇ ਅਰਥਚਾਰਿਆਂ ਵਿਚਕਾਰ ਨਿਆਂ-ਸੰਗਤ ਤੇ ਖ਼ਾਹਿਸ਼ੀ ਵਪਾਰ ਸਮਝੌਤਿਆਂ ਲਈ ਇਕ ਮਾਪਦੰਡ ਹੈ। ਇਹ ਸਾਡੇ ਮੂਲ ਹਿੱਤਾਂ ਨਾਲ ਸਮਝੌਤਾ ਕੀਤੇ ਬਿਨਾਂ ਲੋੜੀਂਦੇ ਭਾਈਚਾਰਿਆਂ ਲਈ ਆਕਰਸ਼ਕ ਆਲਮੀ ਮੌਕਿਆਂ ਦੇ ਦਰਵਾਜ਼ੇ ਖੋਲ੍ਹਦਾ ਹੈ। ਇਹ ਇਸ ਗੱਲ ਦੀ ਇਕ ਵੱਡੀ ਉਦਾਹਰਨ ਵੀ ਹੈ ਕਿ ਨਵਾਂ ਭਾਰਤ ਵਪਾਰ ਕਿਸ ਤਰ੍ਹਾਂ ਕਰਦਾ ਹੈ।

REALTOR EQUAL HOUSING OPPORTUNITY
Gurpiar Sidhu
Home Buying & Selling System
209-598-7776



Lic. 01815083
ਵਾਜਬ ਕੀਮਤ ਤੇ ਘਰ/ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ ਜੀ
ਕਿਸੇ ਵੀ ਕਿਸਮ ਦੀ ਮਾਰਟਗੇਜ਼, ਬੀਮਾ, ਸੋਲਰ ਅਤੇ ਮੋਬਾਇਲ, ਨੋਟਰੀ ਸੇਵਾ ਲਈ ਸੰਪਰਕ ਕਰੋ
PRIMESTAR REAL ESTATE
A Realtor you can trust... Blindly
Office- 2030 E. Louise Ave. Lathrop, CA 95330

LOWER YOUR INSURANCE RATES NOW
ASK ME HOW
MEHTAB SINGH
209-769-2540
Your Local Insurance Advisor
offering Personalized Service & Competitive rates
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ
AUTO, HOME, BUSINESS, COMMECIAL PROPERTY
MEHTAB (MIKE) SINGH
209-769-2540
INSURENOWWITHMIKE@GMAIL.COM
LIC # 4467263

# ਲੈਂਡ ਪੂਲਿੰਗ ਨੀਤੀ, ਖੇਤੀ ਨੀਤੀ ਅਤੇ ਪੰਜਾਬ ਦਾ ਅਰਥਚਾਰਾ

ਪ੍ਰੋ. ਮੇਹਰ ਮਾਣਕ

ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਲਿਆਂਦੀ ਹੈ ਜਿਸ ਦਾ ਮਕਸਦ ਪੰਜਾਬ ਦੇ ਵਿਕਾਸ ਵਿੱਚ ਭੂਮੀ ਮਾਲਕਾਂ, ਪ੍ਰਮੋਟਰਾਂ ਤੇ ਕੰਪਨੀਆਂ ਨੂੰ ਭਾਈਵਾਲ ਵਜੋਂ ਸ਼ਾਮਲ ਕਰਨਾ ਅਤੇ ਭੂਮੀ ਮਾਲਕਾਂ ਦੀ ਇਸ ਨੀਤੀ ਵਿੱਚ ਦਿਲਚਸਪੀ ਵਧਾਉਣਾ ਦੱਸਿਆ ਗਿਆ ਹੈ। ਇਸ ਤਹਿਤ ਸਰਕਾਰ ਸੂਬੇ ਦੇ 27 ਸ਼ਹਿਰਾਂ ਦੇ ਆਲੇ-ਦੁਆਲੇ ਅਰਬਨ ਅਸਟੇਟ ਵਿਕਸਤ ਕਰਨ ਲਈ 65533 ਏਕੜ ਜ਼ਮੀਨ ਦੀ ਕਾਗਜ਼ੀ ਨਿਸ਼ਾਨਦੇਹੀ ਕੀਤੀ ਹੈ ਅਤੇ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਸਰਕਾਰ ਨੇ 6 ਸਨਅਤੀ ਜ਼ੋਨ ਬਣਾਉਣ ਵਾਸਤੇ ਲੁਧਿਆਣਾ ਜ਼ਿਲ੍ਹੇ ਦੇ 32 ਪਿੰਡਾਂ ਦੀ 24511 ਏਕੜ ਜ਼ਮੀਨ ਐਕੁਆਇਰ ਕਰਨੀ ਹੈ। ਸਰਕਾਰ ਮੁਤਾਬਿਕ ਰੀਅਲ ਅਸਟੇਟ ਵਾਲੇ ਲੋਕਾਂ ਦੀ ਲੁੱਟ ਕਰਦੇ ਹਨ ਅਤੇ ਕਲੋਨੀਆਂ ਬਣਾ ਕੇ ਮਹਿੰਗੇ ਘਰ ਵੇਚਦੇ ਹਨ। ਇਹ ਕਲੋਨੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝੀਆਂ ਰਹਿ ਜਾਂਦੀਆਂ ਹਨ। ਇਸ ਕਰ ਕੇ ਸਰਕਾਰ ਆਪ ਜ਼ਮੀਨ ਐਕੁਆਇਰ ਕਰ ਕੇ ਆਪਣੀ ਦੇਖ-ਰੇਖ ਵਿੱਚ ਕਲੋਨੀਆਂ ਵਿਕਸਿਤ ਕਰੇਗੀ। ਸਵਾਲ ਹੈ: ਕਲੋਨਾਈਜ਼ਰਾਂ ਨੂੰ ਖੁੱਲ੍ਹ ਕਿਸ ਨੇ ਅਤੇ ਕਿਉਂ ਦਿੱਤੀ? ਕੀ ਸਰਕਾਰ ਇਨ੍ਹਾਂ ਖਿਲਾਫ ਕਾਰਵਾਈ ਕਰ ਕੇ ਕਲੋਨੀਆਂ ਦੀ ਵਿਗੜੀ ਹਾਲਤ ਸੁਧਾਰ ਨਹੀਂ ਸਕਦੀ? ਦੂਜਾ, ਪੰਜਾਬ ਦੇ ਬਾਸ਼ਿੰਦਿਆਂ ਕੋਲ ਰਿਹਾਇਸ਼ ਦੀ ਕੋਈ ਸਮੱਸਿਆ ਨਹੀਂ। ਜੇ ਕਲੋਨੀਆਂ ਦਾ ਪਸਾਰਾ ਅਤੇ ਖਿਲਾਰਾ ਬਹੁਤ ਦੇਰ ਤੋਂ ਲਗਾਤਾਰ ਰਿਹਾ ਹੈ ਤਾਂ ਦੇਖਣ ਦੀ ਜ਼ਰੂਰਤ ਹੈ ਕਿ ਇਹ ਕਿਉਂ ਅਤੇ ਕਿਨ੍ਹਾਂ ਲੋਕਾਂ ਲਈ ਹੋ ਰਿਹਾ ਹੈ। ਇਸ ਦੇ ਆਰਥਿਕ ਅਤੇ ਸਮਾਜਿਕ ਪਹਿਲੂ ਕੀ ਹਨ? ਜੇ 43533 ਏਕੜ ਜ਼ਮੀਨ ਐਕੁਆਇਰ ਕੀਤੀ ਜਾਂਦੀ ਹੈ ਤਾਂ ਇਸ ਨਾਲ ਜਿੱਥੇ ਤਕਰੀਬਨ 14000 ਪਰਿਵਾਰਾਂ ਦਾ ਉਜਾੜਾ ਹੋਵੇਗਾ, ਨਾਲ ਹੀ ਸੂਬੇ ਅੰਦਰ ਝੋਨੇ ਦੀ ਡੇਢ ਲੱਖ ਟਨ ਪੈਦਾਵਾਰ ਵੀ ਘਟੇਗੀ ਅਤੇ ਕਾਮਾ ਵਰਗ ਲਈ ਕੰਮ ਦੇ ਮੌਕੇ ਵੀ ਮਨਫੀ ਹੋਣਗੇ।

ਸਰਕਾਰ ਅਨੁਸਾਰ, ਇਹ 27 ਸ਼ਹਿਰਾਂ ਵਿੱਚ ਇਹ ਨੀਤੀ ਲਾਗੂ ਕਰੇਗੀ। ਕੀ ਪਹਿਲਾਂ ਹੀ ਸੂਬੇ ਅੰਦਰ ਸ਼ਹਿਰਾਂ ਦੀ ਘਾਟ ਹੈ? ਜੇ ਅਸੀਂ ਪਹਿਲਾਂ ਹੀ ਵਸਦੇ ਸ਼ਹਿਰਾਂ ਨੂੰ ਸਾਫ-ਸੁਥਰਾ ਅਤੇ ਬੁਨਿਆਦੀ ਸਹੂਲਤਾਂ ਨੂੰ ਪੂਰਾ ਨਹੀਂ ਕਰ ਸਕੇ ਤਾਂ ਸ਼ਹਿਰਾਂ ਦੇ ਹੋਰ ਪਸਾਰੇ ਨਾਲ ਕਿਸ ਤਰ੍ਹਾਂ ਦਾ ਵਿਕਾਸ ਹੋਵੇਗਾ?

ਇਸ ਨੀਤੀ ਵਿੱਚ ਕਿਹਾ ਗਿਆ ਹੈ ਕਿ ਇੱਕ ਕਿੱਲਾ ਜ਼ਮੀਨ ਦੇਣ ਬਦਲੇ 1000 ਗਜ਼ ਦਾ ਰਿਹਾਇਸ਼ੀ ਪਲਾਟ ਅਤੇ 200 ਗਜ਼ ਦਾ ਵਪਾਰਕ ਪਲਾਟ ਦਿੱਤਾ ਜਾਵੇਗਾ। ਮੀਡੀਆ ਵਿੱਚ ਆਈ ਜਾਣਕਾਰੀ ਮੁਤਾਬਿਕ, ਵਿਕਸਿਤ ਹੋਣ ਪਿੱਛੋਂ ਇੱਕ ਕਿੱਲੇ ਦੀ ਕੀਮਤ ਮਾਰਕੀਟ ਰੇਟ ਤੋਂ ਵਧ ਕੇ ਚਾਰ ਕਰੋੜ ਵੀਹ ਲੱਖ ਰੁਪਏ ਹੋ ਜਾਵੇਗੀ। ਨੀਤੀ ਵਿੱਚ ਕਿਹਾ ਗਿਆ ਹੈ ਕਿ 50 ਏਕੜ ਦੇ ਏਰੀਏ ਦੇ ਬੁਨਿਆਦੀ ਢਾਂਚੇ ਨੂੰ ਵਿਕਸਿਤ ਕਰਨ ਲਈ ਸਬੰਧਿਤ ਕਿਸਾਨ ਨੂੰ 60:40 ਦੇ ਅਨੁਪਾਤ ਅਨੁਸਾਰ ਇੱਕ ਕਿੱਲੇ ਪਿੱਛੇ ਇੱਕ ਕਰੋੜ ਰੁਪਏ ਦਾ ਵਿਕਾਸ ਖਰਚਾ ਵੀ ਦੇਣਾ ਪਵੇਗਾ। ਜੇ ਤਜਰਬਿਆਂ ਨੂੰ ਆਧਾਰ ਬਣਾਈਏ ਤਾਂ ਏਰੀਏ ਨੂੰ ਵਿਕਸਤ ਕਰਨ ਲਈ ਪਤਾ ਨਹੀਂ ਕਿੰਨਾ ਕੁ ਵਕਤ ਲੱਗੇਗਾ।

ਸ਼ਹਿਰ ਨੇੜਲੀਆਂ ਜ਼ਮੀਨਾਂ ਦੇ ਰੇਟ ਦੀ ਗੱਲ ਕਰੀਏ ਤਾਂ ਇਹ ਕਿਤੇ ਦੇ ਕਿਤੇ ਜਾ ਚੁੱਕੇ ਹਨ। ਹੁਣ ਸਵਾਲ ਹੈ: ਕੀ ਜ਼ਮੀਨਾਂ ਐਕੁਆਇਰ ਕਰਨ ਨਾਲ ਪੇਂਡੂ ਅਰਥਚਾਰੇ ਦਾ ਮੂੰਹ-ਮੁਹਾਂਦਰਾ ਸੁਧਰੇਗਾ? ਜੇ ਨਹੀਂ ਤਾਂ ਸਰਕਾਰ ਦੀ ਕੀ ਮਜਬੂਰੀ ਹੈ ਕਿ ਉਹ ਖੇਤੀ ਅਰਥਚਾਰੇ ਨੂੰ ਉੱਨਤ ਕਰਨ ਦੀ ਥਾਂ ਅਜਿਹੀਆਂ ਨੀਤੀਆਂ ਲੈ ਕੇ ਆਵੇ? ਇਸ ਦਾ ਇੱਕ ਅਹਿਮ ਪਹਿਲੂ ਇਹ ਵੀ ਹੈ ਕਿ ਛੋਟਾ ਕਿਸਾਨ ਜੋ ਅੱਜ ਇੱਕ ਕਿੱਲੇ, ਭਾਵ 4840 ਗਜ਼ ਦਾ ਮਾਲਕ ਹੈ, ਸਿਰਫ 1200 ਗਜ਼ ਦਾ ਮਾਲਕ ਬਣ ਕੇ ਰਹਿ ਜਾਵੇਗਾ। ਸਰਕਾਰ ਇਹ ਵੀ ਕਹਿ ਰਹੀ ਹੈ ਕਿ ਕਿਸਾਨ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਐਕੁਆਇਰ ਨਹੀਂ ਕੀਤੀ ਜਾਵੇਗੀ ਪਰ ਅਸਾਵੇਂ ਸਮਾਜਾਂ ਵਿੱਚ ਸਹਿਮਤੀ ਦੇ ਮੌਕੇ ਬਣਾਉਣ ਲਈ ਅਨੇਕ ਦਿੱਖ-ਅਦਿੱਖ ਦਬਾਵਾਂ ਰਾਹੀਂ ਹਾਲਾਤ ਪੈਦਾ ਹੋਣੇ ਸੁਭਾਵਿਕ ਹਨ। ਸਵਾਲ ਇਹ ਵੀ ਹੈ ਕਿ ਨੋਟੀਫਿਕੇਸ਼ਨ ਤੋਂ ਬਾਅਦ ਕੀ ਕਿਸਾਨ ਆਪਣੀ ਜ਼ਮੀਨ ਨੂੰ ਆਪਣੀ ਮਰਜ਼ੀ ਮੁਤਾਬਿਕ ਕਿਸੇ ਹੋਰ ਕੋਲ ਵੇਚ ਜਾਂ ਗਹਿਣੇ ਧਰ ਸਕਦਾ ਹੈ? ਜੇ ਨਹੀਂ ਤਾਂ ਫਿਰ ਸਹਿਮਤੀ ਅਸਹਿਮਤੀ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।




ਇਸ ਨੀਤੀ ਤਹਿਤ ਜਿਸ ਕਿਸਾਨ ਦੀ ਇੱਕ ਏਕੜ ਜ਼ਮੀਨ ਲੈਂਡ ਪੂਲਿੰਗ ਵਿੱਚ ਆਈ, ਉਸ ਨੂੰ ਤੀਜੇ ਹਿੱਸੇ ਤੋਂ ਘੱਟ, ਕਿਸੇ ਹੋਰ ਥਾਂ ਵਿਕਸਤ ਜ਼ਮੀਨ ਮੁਆਵਜ਼ੇ ਦੇ ਰੂਪ ਵਿੱਚ ਮਿਲੇਗੀ ਪਰ ਜਿਸ ਕਿਸਾਨ ਦੀ ਜ਼ਮੀਨ ਨੌਂ ਏਕੜ ਐਕੁਆਇਰ ਹੋਵੇਗੀ, ਉਸ ਨੂੰ ਤੀਜਾ ਹਿੱਸਾ ਮਿਲੇਗਾ। ਵੱਡੇ ਕਿਸਾਨਾਂ ਦਾ ਸਮੂਹ ਜੋ ਪੰਜਾਹ ਏਕੜ ਜ਼ਮੀਨ ਦੇਵੇਗਾ, ਉਸ ਨੂੰ ਅੱਧ ਤੋਂ ਵੱਧ ਜ਼ਮੀਨ ਮਿਲੇਗੀ। ਇਉਂ ਇਹ ਨੀਤੀ ਵੱਡੇ ਅਤੇ ਛੋਟਿਆਂ ਵਿੱਚ ਫ਼ਰਕ ਕਰਦੀ ਹੈ ਜਦਕਿ ਸੂਬੇ ਅੰਦਰ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ ਜਿਨ੍ਹਾਂ ਦੀ ਹੋਂਦ ਅਤੇ ਰੋਜ਼ੀ-ਰੋਟੀ ਖੇਤੀ ਅਰਥਚਾਰੇ ਨਾਲ ਜੁੜੀ ਹੋਈ ਹੈ। ਨੀਤੀ ਤਹਿਤ ਉਨ੍ਹਾਂ ਬਹੁਗਿਣਤੀ ਕਿਸਾਨਾਂ ਦਾ ਉਜਾੜਾ ਤੈਅ ਹੈ ਜਿਨ੍ਹਾਂ ਕੋਲ ਕੋਈ ਬਦਲਵਾਂ ਆਮਦਨ ਸਾਧਨ ਨਹੀਂ। ਨੀਤੀ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪ੍ਰਾਜੈਕਟ ਪੂਰਾ ਹੋਣ ’ਤੇ ਹਰ ਕਿਸਾਨ ਨੂੰ 30,000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਤਿੰਨ ਸਾਲਾਂ ਲਈ ਸਾਲਾਨਾ ਗੁਜ਼ਾਰਾ ਭੱਤਾ ਮਿਲੇਗਾ ਹਾਲਾਂਕਿ ਅੱਜ ਕੱਲ੍ਹ ਜ਼ਮੀਨ ਦਾ ਠੇਕਾ ਲੱਖ-ਲੱਖ ਰੁਪਏ ਸਾਲਾਨਾ ਨੂੰ ਜਾ ਢੁੱਕਿਆ ਹੈ। ਉਂਝ ਵੀ, ਤਜਰਬਾ ਦੱਸਦਾ ਹੈ ਕਿ ਬਹੁਗਿਣਤੀ ਪ੍ਰਾਜੈਕਟ ਕਦੀ ਸਮੇਂ ਸਿਰ ਨੇਪਰੇ ਨਹੀਂ ਚੜ੍ਹਦੇ। ਜੇ ਅਜਿਹੇ ਪ੍ਰਾਜੈਕਟ ਸਿਰੇ ਚੜ੍ਹ ਵੀ ਜਾਂਦੇ ਹਨ ਤਾਂ ਇਸ ਨੇ ਪਿੰਡ ਦੀ ਖ਼ੂਬਸੂਰਤ ਇਕਾਈ ਦਾ ਜਿੱਥੇ ਮਲੀਆਮੇਟ ਕਰਨਾ ਹੈ, ਉੱਥੇ ਇਸ ਨੇ ਨਵੀਆਂ ਸਮਾਜਿਕ ਪਰਤਾਂ ਅਤੇ ਸਫਬੰਦੀਆਂ ਨੂੰ ਜਨਮ ਦੇਣਾ ਹੈ। ਪਿੰਡਾਂ ਵਿੱਚ ਬਹੁਗਿਣਤੀ ਛੋਟੇ ਅਤੇ ਗਰੀਬ ਕਿਸਾਨਾਂ ਦੀ ਹੈ, ਇਸ ਕਰ ਕੇ ਪੇਂਡੂ ਵਸੋਂ ਦੇ ਵੱਡੇ ਸਮਾਜਿਕ ਹਿੱਸੇ ਨੇ ਆਰਥਿਕ ਤੰਗੀ, ਸਮਾਜਿਕ, ਸਭਿਆਚਾਰਕ ਅਤੇ ਮਾਨਸਿਕ ਉਲਝਣ ਭਰੇ ਸੰਕਟਾਂ ਦਾ ਸ਼ਿਕਾਰ ਹੋਣਾ ਹੈ। ਵੱਡੀਆਂ ਕੌਮੀ ਸੜਕਾਂ ਰਾਹੀਂ ਜੁੜ ਕੇ ਇਹ ਮਾਡਲ ਵੱਡੇ ਘਰਾਣਿਆਂ ਦੇ ਹਿੱਤ ਪੂਰਦਾ ਹੋਇਆ ਜਿੱਥੇ ਕਿਸਾਨੀ ਦੀ ਬਹੁ ਵਸੋਂ ਨੂੰ ਉਜਾੜੇਗਾ, ਉੱਥੇ ਆਮ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ, ਕਾਰੀਗਰਾਂ ਅਤੇ ਰੋਜ਼ੀ-ਰੋਟੀ ਦੇ ਆਹਰ ਲੱਗੇ ਹੋਰ ਲੋਕਾਂ ਨੂੰ ਵਿਹਲਾ ਕਰ ਦੇਵੇਗਾ। ਇਸ ਵਿਚ ਅਨਪੜ੍ਹ, ਬੇਜ਼ਮੀਨੇ ਅਤੇ ਗੈਰ-ਕਾਰੀਗਰ ਕਾਮਿਆਂ ਲਈ ਕੋਈ ਥਾਂ ਨਹੀਂ।

ਇਹ ਨੀਤੀ ਲੋਕਾਂ ਦੇ ਮੁੜ ਵਸੇਵੇ ਅਤੇ ਮੁਆਵਜ਼ੇ ਦੇ ਮਸਲੇ ਬਾਰੇ ਚੁੱਪ ਹੈ। ਜੇ ਕਿਸਾਨਾਂ ਨੂੰ ਤੁਰੰਤ, ਨਗਦੀ, ਖੁੱਲ੍ਹੇ ਪੈਸੇ ਦੇ ਵੀ ਦਿੱਤੇ ਜਾਣ ਤਾਂ ਉਹ ਕੁਝ ਅਰਸੇ ਬਾਅਦ ਅਣਕਿਆਸੀ ਕੰਗਾਲੀ ਦਾ ਸ਼ਿਕਾਰ ਹੋ ਜਾਣਗੇ। ਇਹ ਹਕੀਕਤ ਹੈ ਕਿ ਕਿਸਾਨ ਬਹੁਤ ਸਿੱਧਾ ਸਾਦਾ ਹੈ, ਇਸ ਕਰ ਕੇ ਕਿਸਾਨੀ ਦੀ ਬਹੁ ਵਸੋਂ ਨੂੰ ਤਾਂ ਲੰਮੇ ਨਫੇ ਲਈ ਪੈਸੇ ਵੀ ਖਰਚਣੇ ਨਹੀਂ ਆਉਂਦੇ। ਨਾਲੇ ਨਵੇਂ ਬਦਲਵੇਂ ਹਾਲਾਤ ਵਿੱਚ ਉਹ ਤਾਂ ਕੀ, ਚੰਗੇ-ਚੰਗੇ ਵਪਾਰੀ ਵੀ ਅਸਾਵੇਂ ਮੁਕਾਬਲੇ ਦੇ ਇਸ ਦੌਰ ਵਿੱਚ ਦਿਓ ਕੱਦ ਮੰਡੀ ਤਾਕਤਾਂ ਸਾਹਮਣੇ ਟਿਕ ਨਹੀਂ ਸਕਣਗੇ। ਇਸ ਤੋਂ ਵੀ ਅਗਾਂਹ ਦਾ ਮਸਲਾ ਇਹ ਹੈ ਕਿ ਜੇ ਇੱਦਾਂ ਹੀ ਸਨਅਤੀ ਜ਼ੋਨ ਵਿਕਸਿਤ ਕਰਨ ਲਈ ਉਪਜਾਊ ਜ਼ਮੀਨਾਂ ਐਕੁਆਇਰ ਕਰਦੇ ਜਾਓਗੇ ਤਾਂ ਅੰਨ-ਦਾਣਾ ਅਤੇ ਸਬਜ਼ੀਆਂ ਖਾਣ ਲਈ ਫ਼ਸਲਾਂ ਕਿੱਥੇ ਬੀਜੋਗੇ? ਪੰਜਾਬ ਅੰਦਰ ਖੇਤੀ ਅਧੀਨ ਰਕਬਾ ਪਹਿਲਾਂ ਹੀ ਤੇਜ਼ੀ ਨਾਲ ਘਟ ਰਿਹਾ ਹੈ।

ਲੰਘੇ ਦਹਾਕੇ ਦੌਰਾਨ ਸੂਬੇ ਵਿੱਚ 4 ਲੱਖ ਏਕੜ ਦੇ ਕਰੀਬ ਖੇਤੀ ਯੋਗ ਰਕਬਾ ਉਸਰ ਰਹੀਆਂ ਕਲੋਨੀਆਂ ਅਤੇ ਸੜਕਾਂ ਦੇ ਜਾਲ ਨੇ ਖਪਾ ਲਿਆ ਹੈ। ਸਰਕਾਰ ਨੇ ਹੁਣ ਲੁਧਿਆਣੇ ਨੇੜਲੇ ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਅਰਬਨ ਅਸਟੇਟ ਅਧੀਨ ਲਿਆਉਣ ਦੀ ਯੋਜਨਾ ਬਣਾਈ ਹੈ। ਭਾਰਤ ਸਰਕਾਰ 60 ਹਜ਼ਾਰ ਏਕੜ ਜ਼ਮੀਨ ਹਾਈਵੇਅ ਬਣਾਉਣ ਲਈ ਐਕੁਆਇਰ ਕਰ ਚੁੱਕੀ ਹੈ। ਰੇਲਵੇ ਵੀ ਮਾਲ ਗੱਡੀਆਂ ਲਈ ਨਵੀਆਂ ਰੇਲ ਪਟੜੀਆਂ ਵਿਛਾਉਣ ਲਈ ਜ਼ਮੀਨ ਐਕੁਆਇਰ ਕਰ ਸਕਦਾ ਹੈ। ਖੇਤੀ ਯੋਗ ਜ਼ਮੀਨ ਉੱਤੇ ਅਰਬਨ ਅਸਟੇਟ ਅਤੇ ਪ੍ਰਾਈਵੇਟ ਕਲੋਨੀਆਂ ਦਾ ਵਾਧਾ ਬਾਦਸਤੂਰ ਜਾਰੀ ਹੈ। ਪੰਜਾਬ ਦੀ ਬਹੁ ਵਸੋਂ ਦਾ ਵਸੇਵਾ, ਸਮਾਜਿਕ ਹੋਂਦ, ਰੁਤਬਾ, ਮਾਣ ਤੇ ਸਨਮਾਨ ਖੇਤੀ ਨਾਲ ਨੇੜਿਉਂ ਜੁੜੇ ਹੋਏ ਹਨ। ਜ਼ਮੀਨ ਖਿਸਕਣਾ ਉਨ੍ਹਾਂ ਲਈ ਪੈਰਾਂ ਹੇਠੋਂ ਜ਼ਮੀਨ ਖਿਸਕਣ ਬਰਾਬਰ ਹੈ।

ਮਨਿਸਟਰੀ ਆਫ ਸਟੈਟਿਕਸ ਐਂਡ ਪ੍ਰੋਗਰਾਮ ਇੰਪਲੀਮੈਂਟੇਸ਼ਨ ਦੀ ਤਾਜ਼ਾ ਰਿਪੋਰਟ ਮੁਤਾਬਿਕ, 2011-12 ਤੋਂ 2023-24 ਦੌਰਾਨ ਪੰਜਾਬ ਦੇ ਅਨਾਜ ਉਤਪਾਦਨ ਦਾ ਕੌਮੀ ਹਿੱਸਾ 11.93% ਤੋਂ ਘਟ ਕੇ 11.01% ਰਹਿ ਗਿਆ ਹੈ। ਇਸੇ ਸਮੇਂ ਦੌਰਾਨ ਮੱਧ ਪ੍ਰਦੇਸ਼ ਨੇ 47,000 ਕਰੋੜ ਅਤੇ ਉੱਤਰ ਪ੍ਰਦੇਸ਼ ਨੇ 74,000 ਕਰੋੜ ਦੇ ਅਨਾਜ ਪੈਦਾ ਕਰ ਕੇ ਪੰਜਾਬ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਦਾ ਕਾਰਨ ਹੈ ਕਿ ਪੰਜਾਬ ਪਹਿਲਾਂ ਹੀ ਕਣਕ ਝੋਨੇ ਦੇ ਚੱਕਰ ਵਿੱਚ ਉਲਝਿਆ ਹੈ। ਬਹੁਤ ਸਾਰੇ ਕਾਰਨਾਂ ਕਰ ਕੇ ਪੰਜਾਬ ਬਾਕੀਆਂ ਸੂਬਿਆਂ ਨਾਲੋਂ ਮੁਕਾਬਲਤਨ ਪਿੱਛੇ ਰਹਿ ਗਿਆ ਹੈ। ਇਨ੍ਹਾਂ ਕਾਰਨਾਂ ਵਿੱਚ ਝੋਨੇ ਕਣਕ ਦੇ ਫ਼ਸਲੀ ਚੱਕਰ ਦੀ ਲਗਾਤਾਰਤਾ, ਭੂਗੋਲਿਕ ਵਿਸ਼ਾਲ ਖੇਤਰ ਦਾ ਪਹਿਲਾਂ ਹੀ ਕਾਸ਼ਤ ਅਧੀਨ ਆ ਜਾਣਾ, ਫ਼ਸਲੀ ਘਣਤਾ ਦੇ ਅੰਨ੍ਹੇ ਵਾਧੇ ਦੇ ਨਾਲੋ-ਨਾਲ ਧਰਤੀ ਦੀ ਉਪਜਾਊ ਸ਼ਕਤੀ ਘਟਣਾ, ਕੁਦਰਤੀ ਤੇ ਆਰਥਿਕ ਵਸੀਲਿਆਂ ਦਾ ਘਟਣਾ ਆਦਿ ਸ਼ਾਮਿਲ ਹਨ।

ਖੇਤੀਬਾੜੀ ਸੂਬਾ ਹੋਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਖੇਤੀ ਬਾਰੇ ਕੋਈ ਨੀਤੀ ਨਹੀਂ ਬਣਾਈ। ਮੌਜੂਦਾ ਸਰਕਾਰ ਨੇ ਪ੍ਰੋ। ਸੁਖਪਾਲ ਸਿੰਘ ਦੀ ਅਗਵਾਈ ਵਿੱਚ ਖੇਤੀ ਨੀਤੀ ਲਈ ਕਮੇਟੀ ਬਣਾਈ। ਕਮੇਟੀ ਨੇ ਵੱਖ-ਵੱਖ ਖੇਤਰਾਂ ਦੇ ਹਾਲਾਤ ਸਮਝ ਕੇ ਵੰਨ-ਸਵੰਨੀਆਂ ਫ਼ਸਲਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਖੋਜ, ਪਸਾਰ, ਮਿਆਰੀ ਪੈਦਾਵਾਰ, ਮੁੱਲ ਵਾਧਾ ਅਤੇ ਮੰਡੀਕਰਨ ਵੱਲ ਧਿਆਨ ਦੇਣ ਦੀ ਸਿਫਾਰਸ਼ ਕੀਤੀ। ਕਮੇਟੀ ਨੇ ਜਨਤਕ ਖੇਤਰ ਦੀਆਂ ਸੰਸਥਾਵਾਂ ਦੀ ਅਗਵਾਈ, ਸਬੰਧਿਤ ਵਿਸ਼ਾ ਮਾਹਿਰਾਂ ਨੂੰ ਦੇਣ ਦੇ ਨਾਲ-ਨਾਲ ਕਿਸਾਨਾਂ ਨੂੰ ਰਾਹਤ ਦੇਣ ਲਈ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਅਤੇ ਹੋਰ ਸਹਿਕਾਰੀ ਬੈਂਕਾਂ ਰਾਹੀਂ ਯਕਮੁਸ਼ਤ ਨਿਬੇੜਾ ਕਰਨ ਦੀ ਸਕੀਮ ਸ਼ੁਰੂ ਕਰਨ ਲਈ ਕਿਹਾ। ਖੇਤ ਮਜ਼ਦੂਰਾਂ ਦੀ ਰਜਿਸਟਰੇਸ਼ਨ ਲਾਜ਼ਮੀ ਕਰਨ ਅਤੇ ਮਗਨਰੇਗਾ ਸਕੀਮ ਅਧੀਨ ਰੁਜ਼ਗਾਰ ਵਧਾਉਣ ਦੀ ਤਜਵੀਜ਼ ਦਿੱਤੀ। ਕਮੇਟੀ ਨੇ ਖੇਤੀ ਨੀਤੀ ਵਿੱਚ ਪੇਂਡੂ ਖੇਤਰ ਨੂੰ ਬਚਾਉਣ ਲਈ ਹੋਰ ਵੀ ਬਹੁਤ ਸਾਰੇ ਸੁਝਾਅ ਦਿੱਤੇ। ਸੰਯੁਕਤ ਕਿਸਾਨ ਮੋਰਚੇ ਨੇ ਸਰਕਾਰ ਨਾਲ 3 ਮਾਰਚ 2025 ਵਾਲੀ ਮੀਟਿੰਗ ਤੋਂ ਇਲਾਵਾ 8 ਜੁਲਾਈ 2025 ਨੂੰ ਚੰਡੀਗੜ੍ਹ ਵਿੱਚ ਕਤਿ ਆਪਣੀ ਮੀਟਿੰਗ ਵਿੱਚ ਇਹ ਨੀਤੀ ਲਾਗੂ ਕਰਨ ਦੀ ਮੰਗ ਦੁਹਰਾਈ ਹੈ। ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਆਮ ਸਹਿਮਤੀ ਵਾਲੀ ਇਹ ਖੇਤੀ ਨੀਤੀ ਲਾਗੂ ਕਰਨ ਦੀ ਥਾਂ ਨਵੀਂ ਲੈਂਡ ਪੂਲਿੰਗ ਨੀਤੀ ਲੈ ਆਈ। ਅੱਜ ਪੰਜਾਬ ਦਾ ਸਮੁੱਚਾ ਅਰਥਚਾਰਾ ਅਤੇ ਸਰਕਾਰ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਹੇ ਹਨ। ਇਸ ਕਰ ਕੇ ਪੰਜਾਬ ਸਰਕਾਰ ਨੂੰ ਹਾਲਾਤ ਦੇ ਮੱਦੇਨਜ਼ਰ ਲੈਂਡ ਪੂਲਿੰਗ ਨੀਤੀ ਦੀ ਥਾਂ ਤਰਜੀਹੀ ਤੌਰ ’ਤੇ ਪੇਂਡੂ ਵਿਕਾਸ ਕੇਂਦਰਿਤ ਨਵੀਂ ਖੇਤੀ ਨੀਤੀ ਤੁਰੰਤ ਲਾਗੂ ਕਰਨੀ ਚਾਹੀਦੀ ਹੈ।

## ਇਮਰਾਨ ਖ਼ਾਨ ਦੇ 166 ਸਮਰਥਕ ਜੇਲ ਡੱਕੇ

ਲਾਹੌਰ- ਪਾਕਿਸਤਾਨ ਦੀ ਇਕ ਅਦਾਲਤ ਨੇ ਵੀਰਵਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਦੇ 166 ਮੈਂਬਰਾਂ ਨੂੰ 9 ਮਈ 2023 ਦੀ ਹਿੰਸਾ ਦੇ ਇਕ ਮਾਮਲੇ ’ਚ 10-10 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾ ਪੰਜਾਬ ਸੂਬੇ ’ਚ ਖ਼ੁਫ਼ੀਆ ਏਜੰਸੀ ਆਈਐੱਸਆਈ ਦੀ



ਇਮਾਰਤ ਤੇ ਹੋਰਨਾਂ ਫ਼ੌਜੀ ਸਥਾਨਾਂ ’ਤੇ ਹਮਲੇ ਦੇ ਸਬੰਧ ’ਚ ਸੁਣਾਈ ਗਈ ਹੈ। ਜ਼ਿਕਰਯੋਗ ਹੈ ਕਿ ਇਮਰਾਨ ਦੀ ਗ੍ਰਿਫ਼ਤਾਰੀ ਦੇ ਬਾਅਦ ਨੌਂ ਮਈ 2023 ਨੂੰ ਉਨ੍ਹਾਂ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਪਾਰਟੀ ਦੇ ਵਰਕਰਾਂ ਨੇ ਦੇਸ਼ ਭਰ ’ਚ ਵੱਡੇ ਪੱਧਰ ’ਤੇ ਹਿੰਸਕ ਵਿਰੋਧ ਪ੍ਰਦਰਸ਼ਨ ਕੀਤਾ ਸੀ। ਜਿੰਨਾ ਹਾਊਸ (ਲਾਹੌਰ ਕੋਰ ਕਮਾਂਡਰ ਹਾਊਸ) ਸਮੇਤ ਦਰਜਨਾਂ ਫ਼ੌਜੀ ਸੰਸਥਾਵਾਂ ਤੇ ਪੁਲਿਸ ਸਟੇਸ਼ਨ ਤੋਂ ਇਲਾਵਾ ਮਿਆਂਵਾਲੀ ਏਅਰਬੇਸ ਤੇ ਫੈਸਲਾਬਾਦ ’ਚ ਆਈਐੱਸਆਈ ਦੀ ਇਮਾਰਤ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਸਥਾਨਕ ਮੀਡੀਆ ਅਨੁਸਾਰ, ਫੈਸਲਾਬਾਦ ਦੀ ਅੱਤਵਾਦ ਰੋਕੂ ਅਦਾਲਤ (ਏਟੀਸੀ) ਦਾ ਇਹ ਫ਼ੈਸਲਾ ਅਜਿਹੇ ਸਮੇਂ ’ਚ ਆਇਆ ਹੈ, ਜਦੋਂ ਪੰਜ ਅਗਸਤ ਤੋਂ ਪੀਟੀਆਈ ਵੱਲੋਂ ਫ੍ਰੀ ਇਮਰਾਨ ਖ਼ਾਨ ਮੂਵਮੈਂਟ ਦੀ ਸ਼ੁਰੂਆਤ ਹੋਣੀ ਹੈ। ਏਟੀਸੀ ਅਦਾਲਤ ਨੇ ਫੈਸਲਾਬਾਦ ’ਚ ਆਈਐੱਸਆਈ ਦੀ ਇਮਾਰਤ ’ਤੇ ਹਮਲੇ ਦੇ ਮਾਮਲੇ ’ਚ 185 ਮੁਲਜ਼ਮਾਂ ’ਚੋਂ 108 ਨੂੰ ਦੋਸ਼ੀ ਠਹਿਰਾਇਆ ਤੇ ਬਾਕੀ 77 ਨੂੰ ਬਰੀ ਕਰ ਦਿੱਤਾ ਗਿਆ, ਜਦਕਿ ਫੈਸਲਾਬਾਦ ’ਚ ਇਕ ਪੁਲਿਸ ਸਟੇਸ਼ਨ ’ਤੇ ਹਮਲੇ ਦੇ ਮਾਮਲੇ ’ਚ 58 ਮੁਲਜ਼ਮਾਂ ਨੂੰ 10-10 ਸਾਲ ਦੀ ਜੇਲ੍ਹ ਦੀ ਸਜ਼ਾ ਦਿੱਤੀ ਗਈ ਹੈ। ਪੀਟੀਆਈ ਦੇ ਜਿਹੜੇ ਨੇਤਾਵਾਂ ਨੂੰ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ’ਚ ਸੰਸਦ ਦੇ ਦੋਵਾਂ ਸਦਨਾਂ ਨੈਸ਼ਨਲ ਅਸੈਂਬਲੀ ’ਚ ਵਿਰੋਧੀ ਧਿਰ ਦੇ ਨੇਤਾ ਉਮਰ ਅਯੂਬ ਤੇ ਸੈਨੇਟ ’ਚ ਵਿਰੋਧੀ ਧਿਰ ਦੇ ਨੇਤਾ ਸ਼ਿਬਲੀ ਫਰਾਜ਼ ਵੀ ਸ਼ਾਮਲ ਹਨ। ਪੀਟੀਆਈ ਨੇ ਅਦਾਲਤ ਦੇ ਫ਼ੈਸਲੇ ਦੀ ਨਿਖੇਧੀ ਕੀਤੀ ਤੇ ਕਿਹਾ ਕਿ ਉਹ ਇਸ ਨੂੰ ਲਾਹੌਰ ਹਾਈ ਕੋਰਟ ’ਚ ਚੁਣੌਤੀ ਦੇਵੇਗੀ।

## ਇਸਰੋ-ਨਾਸਾ ਨੇ ਰਲ ਕੇ ਪੁਲਾੜ ’ਚ ਭੇਜਿਆ ‘ਨਿਸਾਰ’

ਨਵੀਂ ਦਿੱਲੀ- ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਅਤੇ ਅਮਰੀਕੀ ਪੁਲਾੜ ਏਜੰਸੀ ਨਾਸਾ ਵਿਚਾਲੇ ਭਾਈਵਾਲੀ ਤਹਿਤ ਜੀਐੱਸਐੱਲਵੀ ਰਾਕੇਟ ਰਾਹੀਂ ਸੈਟੇਲਾਈਟ ‘ਨਿਸਾਰ’ ਨੂੰ ਪੰਧ ’ਤੇ ਸਥਾਪਤ ਕਰ ਦਿੱਤਾ ਗਿਆ। ਪ੍ਰਿਥਵੀ ਦੇ ਨਿਰੀਖਣ ਵਾਲੇ ਇਸ ਸੈਟੇਲਾਈਟ ਨੂੰ ਦੋਵੇਂ ਪੁਲਾੜ ਏਜੰਸੀਆਂ ਨੇ ਸਾਂਝੇ ਤੌਰ ’ਤੇ ਵਿਕਸਤ ਕੀਤਾ ਹੈ।

ਇਸਰੋ ਦੇ ਜੀਐੱਸਐੱਲਵੀ ਐੱਫ-16 ਨੇ ਕਰੀਬ 19 ਮਿੰਟ ਦੀ ਉਡਾਣ ਅਤੇ 745 ਕਿਲੋਮੀਟਰ ਦੀ ਦੂਰੀ ’ਤੇ ਨਿਸਾਰ (ਨਾਸਾ-ਇਸਰੋ ਸਿੰਥੈਟਿਕ ਅਪਰਚਰ ਰਡਾਰ) ਸੈਟੇਲਾਈਟ ਨੂੰ ਸੂਰਜੀ ਸਿੰਕ੍ਰੋਨੋਸ ਪੋਲਰ ਆਰਬਿਟ ’ਚ ਸਥਾਪਤ ਕਰ ਦਿੱਤਾ। ਨਿਸਾਰ ਸੈਟੇਲਾਈਟ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਦੋ ਪੁਲਾੜ ਏਜੰਸੀਆਂ ਵਿਚਕਾਰ ਮਨੁੱਖੀ ਪ੍ਰਤਿਭਾ ਅਤੇ ਸਾਫਟਵੇਅਰ ਤੇ ਹਾਰਡਵੇਅਰ ਦੇ ਆਦਾਨ-ਪ੍ਰਦਾਨ ਦਾ ਸੁਮੇਲ ਹੈ। ਸੈਟੇਲਾਈਟ ਜੰਗਲਾਂ ’ਤੇ ਮੌਸਮੀ ਤਬਦੀਲੀਆਂ ਕਾਰਨ ਪੈ ਰਹੇ ਅਸਰ, ਹਿਮਾਲਿਆ ਤੇ ਅੰਟਾਰਕਟਿਕਾ, ਉੱਤਰੀ ਤੇ ਦੱਖਣੀ ਧਰੁਵਾਂ ਵਿੱਚ ਪਹਾੜੀਆਂ ’ਚ ਬਦਲਾਅ ਅਤੇ ਗਲੇਸ਼ੀਅਰਾਂ ਦੀਆਂ ਹਰਕਤਾਂ ਦਾ ਅਧਿਐਨ ਕਰਨ ਦੇ ਯੋਗ ਹੋਵੇਗਾ।

## ਮਾਲੇਗਾਓਂ ਧਮਾਕੇ: ਪ੍ਰੱਗਿਆ ਤੇ ਕਰਨਲ ਪੁਰੋਹਿਤ ਸਣੇ 7 ਬਰੀ

ਮੁੰਬਈ- ਮਹਾਰਾਸ਼ਟਰ ਦੇ ਮਾਲੇਗਾਓਂ ਕਸਬੇ ’ਚ ਕਰੀਬ 17 ਸਾਲ ਪਹਿਲਾਂ ਹੋਏ ਧਮਾਕੇ ਦੇ ਮਾਮਲੇ ’ਚ ਇਥੋਂ ਦੀ ਵਿਸ਼ੇਸ਼ ਅਦਾਲਤ ਨੇ ਅੱਜ ਭਾਜਪਾ ਦੀ ਸਾਬਕਾ ਸੰਸਦ ਮੈਂਬਰ ਪ੍ਰੱਗਿਆ ਸਿੰਘ ਠਾਕੁਰ ਅਤੇ ਸਾਬਕਾ ਲੈਫ਼ਟੀਨੈਂਟ ਕਰਨਲ ਪ੍ਰਸਾਦ ਪੁਰੋਹਿਤ ਸਮੇਤ ਸਾਰੇ ਸੱਤ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ। ਧਮਾਕੇ ’ਚ ਛੇ ਵਿਅਕਤੀ ਮਾਰੇ ਗਏ ਸਨ ਅਤੇ 101 ਹੋਰ ਜ਼ਖ਼ਮੀ ਹੋਏ ਸਨ। ਮਾਮਲੇ ਦੀ ਜਾਂਚ ਕਰ ਰਹੀ ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਮੁਲਜ਼ਮਾਂ ਲਈ ਇਕਸਾਰ ਸਜ਼ਾ ਦੀ ਮੰਗ ਕੀਤੀ ਸੀ। ਐੱਨਆਈਏ ਦੇ ਕੇਸਾਂ ਦੀ ਸੁਣਵਾਈ ਲਈ ਨਿਯੁਕਤ ਵਿਸ਼ੇਸ਼ ਜੱਜ ਏਕੇ ਲਹੋਟੀ ਨੇ ਜਾਂਚ ’ਚ ਕਈ ਖਾਮੀਆਂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਮੁਲਜ਼ਮ ਸ਼ੱਕ ਦਾ ਲਾਹਾ ਲੈਣ ਦੇ ਹੱਕਦਾਰ ਹਨ। ਜੱਜ ਨੇ ਕਿਹਾ ਕਿ ਮਾਮਲੇ ਨੂੰ ਸ਼ੱਕ ਦੇ ਆਧਾਰ ’ਤੇ ਸਾਬਤ ਕਰਨ ਲਈ ਕੋਈ ਭਰੋਸੇਯੋਗ ਅਤੇ ਪੁਖ਼ਤਾ ਸਬੂਤ ਨਹੀਂ ਹਨ। ਉਨ੍ਹਾਂ ਕਿਹਾ ਕਿ ਅਤਿਵਾਦ ਦਾ ਕੋਈ ਧਰਮ ਨਹੀਂ ਹੁੰਦਾ ਹੈ ਅਤੇ ਉਹ ਸਿਰਫ਼ ਧਾਰਨਾ ਦੇ ਆਧਾਰ ’ਤੇ ਸਜ਼ਾ ਨਹੀਂ ਦੇ ਸਕਦੇ ਹਨ। ਅਦਾਲਤ ਨੇ ਕਿਹਾ ਕਿ ਇਸ ਮਾਮਲੇ ’ਚ ਗ਼ੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂਏਪੀਏ) ਦੀਆਂ ਧਾਰਾਵਾਂ ਲਾਗੂ ਨਹੀਂ ਹੁੰਦੀਆਂ ਹਨ। ਪੀੜਤਾਂ ਦੇ ਪਰਿਵਾਰਾਂ ਦੇ ਵਕੀਲ ਨੇ ਕਿਹਾ ਕਿ ਉਹ ਫ਼ੈਸਲੇ ਨੂੰ ਉਪਰਲੀਆਂ ਅਦਾਲਤਾਂ ’ਚ ਚੁਣੌਤੀ ਦੇਣਗੇ। ਜਿਨ੍ਹਾਂ ਹੋਰ ਮੁਲਜ਼ਮਾਂ ਨੂੰ ਬਰੀ ਕੀਤਾ ਗਿਆ ਹੈ, ਉਨ੍ਹਾਂ ਵਿਚ ਮੇਜਰ (ਸੇਵਾਮੁਕਤ) ਰਮੇਸ਼ ਉਪਾਧਿਆਏ, ਅਜੈ ਰਾਹਿਰਕਰ, ਸੁਧਾਕਰ ਦਿਵੇਦੀ, ਸੁਧਾਕਰ ਚਤੁਰਵੇਦੀ ਅਤੇ ਸਮੀਰ ਕੁਲਕਰਨੀ ਸ਼ਾਮਲ ਹਨ। ਮੁਲਜ਼ਮਾਂ ’ਤੇ ਸਾਜ਼ਿਸ਼ ਘੜਨ, ਕਤਲ, ਇਰਾਦਾ ਕਤਲ, ਦੋ ਫਿਰਕਿਆਂ ’ਚ ਟਕਰਾਅ ਵਧਾਉਣ ਆਦਿ ਦੇ ਦੋਸ਼ ਆਇਦ ਕੀਤੇ ਗਏ ਸਨ। ਇਹ ਧਮਾਕਾ ਪਵਿੱਤਰ ਰਮਜ਼ਾਨ ਦੇ ਮਹੀਨੇ ਦੌਰਾਨ 29 ਸਤੰਬਰ 2008 ਦੀ ਰਾਤ ਨੂੰ ਇਕ ਮਸਜਿਦ ਨੇੜੇ ਹੋਇਆ ਸੀ।

ਇਸਤਗਾਸਾ ਧਿਰ ਦਾ ਦਾਅਵਾ ਸੀ ਕਿ ਧਮਾਕਾ ਹਿੰਦੂ ਕੱਟੜਵਾਦੀਆਂ ਵੱਲੋਂ ਸਥਾਨਕ ਮੁਸਲਮਾਨ ਫਿਰਕੇ ’ਚ ਦਹਿਸ਼ਤ ਪੈਦਾ ਕਰਨ ਲਈ ਕੀਤਾ ਗਿਆ ਸੀ। ਅਦਾਲਤ ਨੇ ਇਹ ਵੀ ਕਿਹਾ ਕਿ ਇਹ ਸਾਬਤ ਨਹੀਂ ਹੋਇਆ ਕਿ ਧਮਾਕੇ ’ਚ ਵਰਤਿਆ ਮੋਟਰਸਾਈਕਲ ਪ੍ਰੱਗਿਆ ਠਾਕੁਰ ਦੇ ਨਾਮ ’ਤੇ ਰਜਿਸਟਰਡ ਸੀ।

# ਸਾਫ-ਸੁਥਰੀ ਊਰਜਾ ਲਈ ਮੋਹਰੀ ਭੂਮਿਕਾ ’ਚ ਆ ਰਿਹਾ ਹੈ ਭਾਰਤ

**ਆਦਿੱਤਿਆ ਸਿਨਹਾ**

ਜਲਵਾਯੂ ਪਰਿਵਰਤਨ ਦੀ ਨਿਰੰਤਰ ਵਿਕਰਾਲ ਹੁੰਦੀ ਚੁਣੌਤੀ ਦੌਰਾਨ ਸਵੱਛ ਊਰਜਾ ਵੱਲ ਹੋਰ ਕਦਮ ਵਧਾਉਣ ਨੂੰ ਲੈ ਕੇ ਕੋਈ ਦੁਚਿੱਤੀ ਨਹੀਂ ਹੈ। ਇਸ ਦੇ ਬਾਵਜੂਦ ਇਹ ਚਰਚਾ ਪਥਰਾਟ ਈਂਧਨ ਅਤੇ ਰਿਨਿਊਏਬਲ ਐਨਰਜੀ ਯਾਨੀ ਨਵਿਆਉਣਯੋਗ ਊਰਜਾ ਨੂੰ ਲੈ ਕੇ ਗ਼ੈਰ-ਜ਼ਰੂਰੀ ਵਾਦ-ਵਿਵਾਦਾਂ ਵਿਚ ਫਸੀ ਹੋਈ ਹੈ। ਇਸ ਵਿਚ ਊਰਜਾ ਮੁਹਾਂਦਰੇ ’ਤੇ ਸੰਕਰਮਣ ਦੀ ਜਟਿਲਤਾ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ ਅਤੇ ਇਹ ਸਥਿਤੀ ਗਲੋਬਲ ਸਾਊਥ ਯਾਨੀ ਵਿਕਾਸਸ਼ੀਲ ਜਾਂ ਉੱਭਰਦੇ ਹੋਏ ਅਰਥਚਾਰੇ ਵਿਚ ਵੱਧ ਦੇਖਣ ਨੂੰ ਮਿਲ ਰਹੀ ਹੈ। ਜ਼ਰੂਰਤ ਪਥਰਾਟ ਈਂਧਨਾਂ ਨੂੰ ਪੂਰੀ ਤਰ੍ਹਾਂ ਨਾਲ ਤਿਆਗਣ ਦੀ ਨਹੀਂ ਬਲਕਿ ਉਨ੍ਹਾਂ ’ਤੇ ਨਿਰਭਰਤਾ ਘਟਾਉਣ ਦੀ ਇਕ ਸੰਤੁਲਿਤ ਨੀਤੀ ਅਤੇ ਗ਼ੈਰ-ਪਥਰਾਟ ਈਂਧਨਾਂ ਵਿਚ ਰਣਨੀਤਕ ਨਿਵੇਸ਼ ਵਧਾਉਣ ਦੀ ਦਿਸ਼ਾ ਵਿਚ ਅੱਗੇ ਵਧਣ ਦੀ ਹੈ। ਸੂਰਜੀ, ਪੌਣ, ਜਲ, ਪਰਮਾਣੂ ਤੇ ਜੈਵ ਊਰਜਾ ਵਿਚ ਨਿਵੇਸ਼ ਇਸ ਰਣਨੀਤੀ ਦੇ ਮੂਲ ਵਿਚ ਹੋਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਬੀਤੇ ਇਕ ਦਹਾਕੇ ਵਿਚ ਸੂਰਜੀ ਅਤੇ ਪੌਣ ਊਰਜਾ ਦੀ ਲਾਗਤ 80 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਘਟ ਗਈ ਹੈ। ਇਸ ਕਾਰਨ ਕਈ ਖੇਤਰਾਂ ਵਿਚ ਸੂਰਜੀ-ਪੌਣ ਊਰਜਾ ਦੀ ਲਾਗਤ ਕੋਲੇ ਅਤੇ ਗੈਸ ਤੋਂ ਬਣਨ ਵਾਲੀ ਬਿਜਲੀ ਨਾਲੋਂ ਵੀ ਕਿਫ਼ਾਇਤੀ ਹੋ ਗਈ ਹੈ। ਨਵਿਆਉਣਯੋਗ ਊਰਜਾ ਦੀਆਂ ਕੀਮਤਾਂ ਵਿਚ ਸਥਿਰਤਾ ਪ੍ਰਦਾਨ ਕਰਨ ਦੇ ਨਾਲ ਹੀ ਊਰਜਾ ਸੁਤੰਤਰਤਾ ਵੀ ਯਕੀਨੀ ਬਣਾਉਂਦੀ ਹੈ। ਇਕ ਵਾਰ ਇੰਸਟਾਲ ਹੋਣ ਤੋਂ ਬਾਅਦ ਉਸ ਵਿਚ ਲਾਗਤ ਲਗਪਗ ਮਾਮੂਲੀ ਜਿਹੀ ਰਹਿ ਜਾਂਦੀ ਹੈ। ਇਹ ਕੁਝ ਅਜਿਹੇ ਲਾਭ ਹਨ ਜਿਨ੍ਹਾਂ ਦੀ ਪਥਰਾਟ ਈਂਧਨ ਕਦੇ ਬਰਾਬਰੀ ਕਰ ਹੀ ਨਹੀਂ ਸਕਦੇ। ਅਜਿਹੀਆਂ ਸਮਰੱਥਾਵਾਂ ਨਾਲ ਭੂ-ਰਾਜਨੀਤਕ ਅੜਿੱਕਿਆਂ ਨਾਲ ਵੀ ਸੌਖਿਆਂ ਹੀ ਨਜਿੱਠਿਆ ਜਾ ਸਕਦਾ ਹੈ ਕਿਉਂਕਿ ਊਰਜਾ ਨਾਲ ਖ਼ੁਸ਼ਹਾਲ ਖੇਤਰਾਂ ਵਿਚ ਤਣਾਅ ਵਧਣ ਨਾਲ ਸਪਲਾਈ ਲੜੀ ਪ੍ਰਭਾਵਿਤ ਹੋ ਜਾਂਦੀ ਹੈ। ਰੂਸ-ਯੂਕਰੇਨ ਜੰਗ ਇਸ ਦੀ ਵੱਡੀ ਮਿਸਾਲ ਰਹੀ ਹੈ।



ਸਵੱਛ ਘਰੇਲੂ ਊਰਜਾ ਵਿਚ ਨਿਵੇਸ਼ ਕਰਨ ਵਾਲੇ ਦੇਸ਼ ਅਜਿਹੀ ਅਸਥਿਰਤਾ ਤੋਂ ਬਚੇ ਰਹਿ ਸਕਦੇ ਹਨ। ਜਲਵਾਯੂ ਪਰਿਵਰਤਨ ਦੀ ਚੁਣੌਤੀ ਦਾ ਟਾਕਰਾ ਕਰਨ ਲਈ ਨਵਿਆਉਣਯੋਗ ਊਰਜਾ ਦੇ ਸਰੋਤਾਂ ਨੂੰ ਅਪਣਾਉਣਾ ਇਸ ਲਈ ਹੋਰ ਵੀ ਲਾਜ਼ਮੀ ਹੋ ਗਿਆ ਹੈ ਕਿ ਆਲਮੀ ਗ੍ਰੀਨਹਾਊਸ ਗੈਸ ਨਿਕਾਸੀਆਂ ਵਿਚ ਇਕੱਲੇ ਪਥਰਾਟ ਈਂਧਨਾਂ ਦੀ ਹਿੱਸੇਦਾਰੀ ਲਗਪਗ ਤਿੰਨ-ਚੌਥਾਈ ਹੈ। ਸਪਸ਼ਟ ਹੈ ਕਿ ਨਵਿਆਉਣਯੋਗ ਊਰਜਾ ’ਤੇ ਦਾਅ ਲਗਾਏ ਬਿਨਾਂ ਕਾਰਬਨ ਤੋਂ ਖਹਿੜਾ ਛੁਡਵਾਉਣਾ ਮੁਸ਼ਕਲ ਹੋਵੇਗਾ।

ਇੰਨੇ ਵਿਆਪਕ ਲਾਭ ਦੇ ਬਾਵਜੂਦ ਇਹ ਇਕ ਤੱਥ ਹੈ ਕਿ ਵਿਕਸਤ ਦੇਸ਼ ਵੀ ਸਵੱਛ ਊਰਜਾ ਨੂੰ ਅਪਣਾਉਣ ਦੇ ਆਪਣੇ ਟੀਚਿਆਂ ਦੀ ਪੂਰਤੀ ਨਹੀਂ ਕਰ ਸਕੇ ਹਨ। ਸ਼ੁਰੂਆਤੀ ਪੱਧਰ ’ਤੇ ਬੜ੍ਹਤ ਹਾਸਲ ਕਰਨ ਦੇ ਬਾਵਜੂਦ ਯੂਰਪੀ ਸੰਘ ਦੇ ਕਦਮ ਵੀ ਇਸ ਮੁਹਾਜ਼ ਤੋਂ ਥਿੜਕ ਗਏ। ਇਸ ਵਿਚ ਰਾਜਨੀਤਕ ਦਬਾਅ, ਕੀਮਤਾਂ ਨੂੰ ਲੈ ਕੇ ਚਿੰਤਾ ਅਤੇ ਕਾਰਬਨ ਬਾਰੇ ਨਿਯਮਾਂ ਨੂੰ ਲੈ ਕੇ ਵਧਦੇ ਵਿਰੋਧ ਵਰਗੇ ਪਹਿਲੂ ਮੁੱਖ ਤੌਰ ’ਤੇ ਜ਼ਿੰਮੇਵਾਰ ਹਨ।

ਅਮਰੀਕਾ ਵਿਚ ਹਾਲੇ ਵੀ 60 ਪ੍ਰਤੀਸ਼ਤ ਨਾਲੋਂ ਜ਼ਿਆਦਾ ਬਿਜਲੀ ਪਥਰਾਟ ਈਂਧਨਾਂ ਤੋਂ ਪੈਦਾ ਹੋ ਰਹੀ ਹੈ। ਇਸ ਦਾ ਨਤੀਜਾ ਇਹੀ ਹੈ ਕਿ ਜੋ ਦੇਸ਼ ਜਲਵਾਯੂ ਸੰਕਟ ਵਧਾਉਣ ਲਈ ਸਭ ਤੋਂ ਘੱਟ ਜ਼ਿੰਮੇਵਾਰ ਹਨ, ਉਨ੍ਹਾਂ ’ਤੇ ਹੀ ਸਵੱਛ ਊਰਜਾ ਦੀ ਦਿਸ਼ਾ ਵਿਚ ਤੇਜ਼ੀ ਨਾਲ ਕਦਮ ਵਧਾਉਣ ਦਾ ਦਬਾਅ ਹੈ ਅਤੇ ਉਹ ਵੀ ਉਨ੍ਹਾਂ ਨੂੰ ਸਭ ਤੋਂ ਘੱਟ ਸਮਰਥਨ ਦਿੱਤੇ ਬਿਨਾਂ। ਇਸ ਨਾਲ ਵਿਕਾਸਸ਼ੀਲ ਮੁਲਕਾਂ ਵਾਸਤੇ ਅਸੰਭਵ ਜਿਹੀ ਸਥਿਤੀ ਬਣ ਜਾਂਦੀ ਹੈ। ਇਸ ਨੂੰ ਦੇਖਦੇ ਹੋਏ ਭਾਰਤ, ਇੰਡੋਨੇਸ਼ੀਆ ਅਤੇ ਬ੍ਰਾਜ਼ੀਲ ਸਹਿਤ ਅਫ਼ਰੀਕਾ ਦੇ ਇਕ ਵੱਡੇ ਹਿੱਸੇ ਦੇ ਸਾਹਮਣੇ ਦੋਹਰੀ ਚੁਣੌਤੀ ਦਸਤਕ ਦਿੰਦੀ ਹੈ। ਇਕ ਪਾਸੇ ਉਨ੍ਹਾਂ ਨੂੰ ਕਾਰਬਨ ਫੁੱਟਪ੍ਰਿੰਟ ਘਟਾਉਣਾ ਹੈ ਤਾਂ ਦੂਜੇ ਪਾਸੇ ਬੁਨਿਆਦੀ ਢਾਂਚਾ ਤਿਆਰ ਕਰਨਾ ਹੈ, ਲੋਕਾਂ ਨੂੰ ਰੁਜ਼ਗਾਰ ਦਿਵਾਉਣਾ ਅਤੇ ਕਰੋੜਾਂ ਲੋਕਾਂ ਨੂੰ ਹਾਲੇ ਵੀ ਗ਼ਰੀਬੀ ਦੇ ਦਾਇਰੇ ਤੋਂ ਬਾਹਰ ਕੱਢਣ ਲਈ ਆਪਣੀ ਆਰਥਿਕਤਾ ਦਾ ਦਾਇਰਾ ਵੀ ਵਧਾਉਣਾ ਹੈ।

ਸੁਭਾਵਿਕ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਸਨਅਤੀਕਰਨ, ਸ਼ਹਿਰੀਕਰਨ, ਜਨਸੰਖਿਆ ਵਾਧਾ ਅਤੇ ਜੀਵਨ ਪੱਧਰ ਵਿਚ ਸੁਧਾਰ ਨਾਲ ਊਰਜਾ ਦੀ ਮੰਗ ਹੋਰ ਵਧੇਗੀ ਹੀ। ਇਸ ਹਾਲਾਤ ਵਿਚ ਭਾਰਤ ਦੀਆਂ ਉਪਲਬਧੀਆਂ ਜ਼ਿਕਰਯੋਗ ਹਨ। ਇਸ ਸਾਲ ਜੂਨ ਤੱਕ ਦੇਸ਼ ਵਿਚ ਕੁੱਲ ਸਥਾਪਤ ਬਿਜਲੀ ਸਮਰੱਥਾ ਵਿਚ 50।08 ਪ੍ਰਤੀਸ਼ਤ ਹਿੱਸੇਦਾਰੀ ਨਵਿਆਉਣਯੋਗ ਊਰਜਾ ਦੀ ਹੋ ਗਈ। ਇਹ ਪੜਾਅ ਪੈਰਿਸ ਸਮਝੌਤੇ ਤਹਿਤ ਨੈਸ਼ਨਲ ਡਿਟਰਮਾਈਂਡ ਕੰਟਰੀਬਿਊਸ਼ਨ ਯਾਨੀ ਐੱਨਡੀਸੀ ਦੀ ਪ੍ਰਤੀਬੱਧਤਾ ਲਈ ਨਿਰਧਾਰਤ ਟੀਚੇ ਤੋਂ ਪੰਜ ਸਾਲ ਪਹਿਲਾਂ ਹੀ ਪਾਰ ਕਰ ਲਿਆ ਗਿਆ। ਇਸ ਵਿਚ ਸੂਰਜੀ, ਪੌਣ, ਪਣ-ਬਿਜਲੀ, ਜੈਵ ਅਤੇ ਪਰਮਾਣੂ ਊਰਜਾ ਸ਼ਾਮਲ ਹਨ। ਕੁੱਲ 484.82 ਗੀਗਾਵਾਟ ਸਥਾਪਤ ਸਮਰੱਥਾ ਵਿਚ ਇਨ੍ਹਾਂ ਨਵਿਆਉਣਯੋਗ ਸਰੋਤਾਂ ਦੀ ਹਿੱਸੇਦਾਰੀ 242.78 ਗੀਗਾਵਾਟ ਹੋ ਗਈ। ਇਹ ਕਿਸੇ ਵੀ ਵਿਕਾਸਸ਼ੀਲ ਦੇਸ਼ ਲਈ ਬਹੁਤ ਦੁਰਲਭ ਮਾਮਲਾ ਹੈ ਜਿਸ ਨੇ ਆਪਣੇ ਲਈ ਨਿਰਧਾਰਤ ਟੀਚੇ ਤੋਂ ਪਹਿਲਾਂ ਹੀ ਅਜਿਹੀ ਸਫਲਤਾ ਪ੍ਰਾਪਤ ਕੀਤੀ। ਇਸ ਵਿਚ ਨੀਤੀਆਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਜਿੱਥੇ ਪੀਐੱਮ-ਕੁਸੁਮ ਅਤੇ ਪੀਐੱਮ ਸੂਰਯਾ ਘਰ ਵਰਗੀਆਂ ਯੋਜਨਾਵਾਂ ਨੇ ਸੂਰਜੀ ਊਰਜਾ ਨੂੰ ਅਪਣਾਉਣਾ ਸਹਿਜ ਬਣਾਇਆ ਹੈ, ਉਥੇ ਹੀ ਸੋਲਰ ਪਾਰਕ ਅਤੇ ਵਿੰਡ ਕੋਰੀਡੋਰ ਸਵੱਛ ਊਰਜਾ ਵਿਚ ਨਿਵੇਸ਼ ਨੂੰ ਲੁਭਾਉਣ ਵਿਚ ਮਦਦਗਾਰ ਬਣੇ ਹਨ। ਜੈਵ ਊਰਜਾ ਦੇ ਵਿਸਥਾਰ ਨੇ ਦਿਹਾਤੀ ਆਰਥਿਕਤਾ ਨੂੰ ਮਜ਼ਬੂਤੀ ਬਖ਼ਸ਼ੀ ਹੈ। ਇਹੀ ਕਾਰਨ ਹੈ ਕਿ ਜੀ-20 ਦੇਸ਼ਾਂ ਵਿਚ ਭਾਰਤ ਨਿਊਨਤਮ ਪ੍ਰਤੀ ਵਿਅਕਤੀ ਨਿਕਾਸੀ ਵਾਲਾ ਮੁਲਕ ਬਣਿਆ ਹੋਇਆ ਹੈ ਜਿਸ ਨੇ ਸਵੱਛ ਊਰਜਾ ਦੇ ਮੋਰਚੇ ’ਤੇ ਉੱਚੀ ਛਾਲ ਮਾਰੀ ਹੈ।

ਭਾਰਤ ਦੀ ਰਣਨੀਤੀ ਵੀ ਬਹੁਤ ਵਿਵਹਾਰਕ ਹੈ। ਉਹ ਪਥਰਾਟ ਈਂਧਨਾਂ ਤੋਂ ਇਕਦਮ ਪਿੱਛਾ ਨਹੀਂ ਛੁਡਾ ਰਿਹਾ ਅਤੇ ਕੋਲੇ ਅਤੇ ਗੈਸ ਆਧਾਰਤ ਪਲਾਂਟ ਹਾਲੇ ਵੀ ਪ੍ਰਮੁੱਖ ਊਰਜਾ ਸਪਲਾਈਕਰਤਾ ਬਣੇ ਹੋਏ ਹਨ। ਕਿਉਂਕਿ ਭਾਰਤ ਨੇ 2030 ਤੱਕ ਗ਼ੈਰ-ਪਥਰਾਟ ਸਮਰੱਥਾ ਨੂੰ 500 ਗੀਗਾਵਾਟ ਤੱਕ ਲੈ ਕੇ ਜਾਣ ਅਤੇ 2070 ਤੱਕ ਸਿਫ਼ਰ ਕਾਰਬਨ ਨਿਕਾਸੀ ਦਾ ਟੀਚਾ ਨਿਰਧਾਰਤ ਕੀਤਾ ਹੈ ਤਾਂ ਉਸ ਨੂੰ ਗਰਿੱਡ ਆਧੁਨਿਕੀਕਰਨ, ਊਰਜਾ ਭੰਡਾਰਨ, ਕਲੀਨ ਟੈਕ ਮੈਟੀਰੀਅਲ ਰੀਸਾਈਕਲਿੰਗ ਅਤੇ ਗ੍ਰੀਨ ਹਾਈਡ੍ਰੋਜਨ ਵਰਗੇ ਆਧੁਨਿਕ ਈਂਧਨਾਂ ਵਿਚ ਨਿਵੇਸ਼ ਵਧਾਉਣਾ ਹੋਵੇਗਾ। ਚੀਨ ਵੀ ਅਜਿਹੀਆਂ ਸਮਰੱਥਾਵਾਂ ਨੂੰ ਪ੍ਰਦਰਸ਼ਿਤ ਕਰ ਰਿਹਾ ਹੈ। ਉਹ ਸੋਲਰ ਪੈਨਲ, ਵਿੰਡ ਟਰਬਾਈਨ ਅਤੇ ਇਲੈਕਟ੍ਰਿਕ ਵਾਹਨਾਂ ਦਾ ਸਭ ਤੋਂ ਵੱਡਾ ਉਤਪਾਦਕ ਬਣ ਗਿਆ ਹੈ। ਫਿਰ ਵੀ ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਉਹ ਦੁਨੀਆ ਦਾ ਸਭ ਤੋਂ ਵੱਡਾ ਨਿਕਾਸੀਆਂ ਕਰਨ ਵਾਲਾ ਮੁਲਕ ਹੈ ਜਿਸ ਦੀ ਅੱਧੀ ਨਾਲੋਂ ਜ਼ਿਆਦਾ ਬਿਜਲੀ ਹਾਲੇ ਵੀ ਕੋਲੇ ਤੋਂ ਬਣਦੀ ਹੈ।

ਨਵਿਆਉਣਯੋਗ ਊਰਜਾ ਦਾ ਵਿਸਥਾਰ ਜ਼ਰੂਰੀ ਹੈ ਪਰ ਇਹ ਆਪਣੇ-ਆਪ ਵਿਚ ਕਾਫ਼ੀ ਨਹੀਂ ਅਤੇ ਪਥਰਾਟ ਈਂਧਨਾਂ ਦੇ ਨਿਰੰਤਰ ਹੁੰਦੇ ਵਿਸਥਾਰ ਵਿਚ ਨਿਕਾਸੀ ਵੀ ਤੇਜ਼ੀ ਨਾਲ ਵਧਦੀ ਰਹੇਗੀ। ਅਜਿਹੀ ਸਥਿਤੀ ਵਿਚ ਸਾਰਿਆਂ ਲਈ ਕੋਈ ਇਕ ਢਾਂਚਾ ਕਾਰਗਰ ਸਾਬਿਤ ਨਹੀਂ ਹੋ ਸਕਦਾ। ਗਲੋਬਲ ਸਾਊਥ ਨੂੰ ਸਮਝਣਾ ਹੋਵੇਗਾ ਕਿ ਪਥਰਾਟ ਈਂਧਨਾਂ ਤੋਂ ਰਾਤੋ-ਰਾਤ ਮੁਕਤੀ ਨਹੀਂ ਪਾਈ ਜਾ ਸਕਦੀ ਪਰ ਉਨ੍ਹਾਂ ਨੂੰ ਨਵਿਆਉਣਯੋਗ ਊਰਜਾ ਦੇ ਸਰੋਤਾਂ ’ਤੇ ਸੋਮੇ ਵਧਾਉਣੇ ਹੋਣਗੇ। ਨਵਿਆਉਣਯੋਗ ਊਰਜਾ ’ਤੇ ਕੌਮਾਂਤਰੀ ਨੀਤੀ ਵਿਚ ਵੀ ਬਦਲਾਅ ਜ਼ਰੂਰੀ ਹੈ। ਇਸ ਵਾਸਤੇ ਵਿੱਤੀ ਸੋਮੇ ਉਪਲਬਧ ਕਰਵਾਉਣ ਤੋਂ ਲੈ ਕੇ ਤਕਨੀਕੀ ਤਬਾਦਲੇ ਦੀ ਨੀਤੀ ਨਾ ਸਿਰਫ਼ ਉਦਾਰ ਬਣਾਉਣੀ ਹੋਵੇਗੀ ਬਲਕਿ ਕਈ ਜਟਿਲ ਪਹਿਲੂਆਂ ਦਾ ਵੀ ਧਿਆਨ ਰੱਖਣਾ ਹੋਵੇਗਾ। ਭਾਰਤ ਦੀ ਸਫਲਤਾ ਇਸ ਮਾਮਲੇ ਵਿਚ ਉਮੀਦ ਜਗਾਉਂਦੀ ਹੈ। ਜੇ ਭਾਰਤ ਇਹ ਟੀਚਾ ਹਾਸਲ ਕਰਦਾ ਸਕਦਾ ਹੈ ਤਾਂ ਦੁਨੀਆ ਵੀ ਉਸ ਦਿਸ਼ਾ ਵਿਚ ਅੱਗੇ ਵਧ ਸਕਦੀ ਹੈ।

# ਕੂੜਾ ਘਰ ਬਣ ਰਹੇ ਖਾਲੀ ਪਏ ਪਲਾਟ

ਹਾਲ ਹੀ ਵਿਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਖ਼ਾਲੀ ਪਏ ਪਲਾਟਾਂ ਖ਼ਿਲਾਫ਼ ਪ੍ਰਸ਼ਾਸਨ ਨੇ ਕਾਰਵਾਈ ਕੀਤੀ ਹੈ ਜੋ ਬਹੁਤ ਵਧੀਆ ਉਪਰਾਲਾ ਹੈ। ਇਨ੍ਹਾਂ ’ਚ ਲੋਕ ਕੂੜਾ ਸੁੱਟਦੇ ਹਨ ਜਿਸ ਕਾਰਨ ਬਰਸਾਤਾਂ ਦੇ ਮੌਸਮ ਵਿਚ ਡੇਂਗੂ, ਮਲੇਰੀਆ ਵਰਗੀ ਬਿਮਾਰੀਆਂ ਹੁੰਦੀਆਂ ਹਨ। ਖ਼ਾਲੀ ਪਲਾਟਾਂ ਵਿਚ ਕੂੜਾ-ਕਰਕਟ, ਗੰਦਗੀ ਅਤੇ ਗੰਦਾ ਪਾਣੀ ਇਕੱਠਾ ਹੁੰਦਾ ਰਹਿੰਦਾ ਹੈ। ਕੂੜੇ ਦੇ ਲੱਗੇ ਢੇਰਾਂ ਦੀ ਓਟ ਵਿਚ ਕਈ ਵਾਰ ਚੋਰ ਕਾਲੋਨੀਆਂ ਵਿਚ ਚੋਰੀ ਵੀ ਕਰ ਲੈਂਦੇ ਹਨ।

ਕਈ ਸ਼ਹਿਰਾਂ ਦੇ ਸ਼ੁਰੂ ਵਿਚ ਹੀ ਲੱਗੇ ਗੰਦਗੀ ਦੇ ਢੇਰ ਸ਼ਹਿਰ ਦੀ ਖ਼ੂਬਸੂਰਤੀ ਨੂੰ ਦਾਗ਼ ਲਗਾ ਰਹੇ ਹਨ। ਬਰਸਾਤਾਂ ਦੌਰਾਨ ਤਾਂ ਹਾਲਤ ਬਹੁਤ ਮਾੜੀ ਹੋ ਜਾਂਦੀ ਹੈ। ਇਸ ਨਾਲ ਕਈ ਤਰ੍ਹਾਂ ਦੇ ਨੁਕਸਾਨਦਾਇਕ ਜੀਵ-ਜੰਤੂ ਪੈਦਾ ਹੁੰਦੇ ਹਨ। ਅੰਦਰੋਂ ਹੀ ਅੰਦਰ ਨਾਲ ਵਾਲੀਆਂ ਕੋਠੀਆਂ ਵਿਚ ਤਰ੍ਹਾਂ-ਤਰ੍ਹਾਂ ਦੇ ਜੀਵ ਚਲੇ ਜਾਂਦੇ ਹਨ। ਬਿਮਾਰੀਆਂ ਦਾ ਖ਼ਤਰਾ ਵਧਣ ਲੱਗ ਪੈਂਦਾ ਹੈ। ਜੇ ਕਾਲੋਨੀ ਵਿਚ ਰਹਿੰਦੇ ਲੋਕ ਖ਼ਾਲੀ ਪਲਾਟ ਮਾਲਕਾਂ ਨੂੰ



ਕਹਿੰਦੇ ਹਨ ਤਾਂ ਅੱਗੋਂ ਲੜਨ ਨੂੰ ਆਉਂਦੇ ਹਨ। ਕਈ ਅਜਿਹੇ ਪਲਾਟ ਐੱਨਆਰਆਈਜ਼ ਦੇ ਪਏ ਹਨ।

ਹਾਲ ਹੀ ਵਿਚ ਪ੍ਰਸ਼ਾਸਨ ਵੱਲੋਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਪਲਾਟ ਮਾਲਕਾਂ ਖ਼ਿਲਾਫ਼ ਕਾਰਵਾਈ ਦੀ ਸਮੀਖਿਆ ਕੀਤੀ ਗਈ। ਕਈ ਪਲਾਟ ਮਾਲਕਾਂ ਦੇ ਚਾਲਾਨ ਵੀ ਕੱਟੇ ਗਏ ਤੇ ਉੱਚ ਅਧਿਕਾਰੀਆਂ ਨੂੰ ਜੁਰਮਾਨੇ ਬਾਰੇ ਰਿਪੋਰਟ ਦਿੱਤੀ ਗਈ। ਹਰ ਵਾਰ ਅਕਸਰ ਦੇਖਦੇ ਹਾਂ ਕਿ ਬਰਸਾਤ ਦੌਰਾਨ ਪ੍ਰਸ਼ਾਸਨਿਕ ਅਧਿਕਾਰੀ ਖ਼ਾਲੀ ਪਲਾਟਾਂ ਦੀ ਸਾਫ਼-ਸਫ਼ਾਈ ਕਰਨ ਲਈ ਲੋੜੀਂਦੇ ਕਦਮ ਚੁੱਕਦੇ ਹਨ। ਵੱਡੇ ਸ਼ਹਿਰਾਂ ਜਿਵੇਂ ਜਲੰਧਰ, ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਵਿਚ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਚੁੱਕੀ ਹੈ।

ਕਾਲੋਨੀਆਂ ਵਿਚ ਰਹਿੰਦੇ ਲੋਕਾਂ ਨੇ ਉੱਚ ਅਧਿਕਾਰੀਆਂ ਕੋਲ ਸ਼ਿਕਾਇਤ ਕੀਤੀ ਸੀ ਕਿ ਇਨ੍ਹਾਂ ਪਲਾਟਾਂ ਵਿਚ ਰੋਜ਼ਾਨਾ ਕੂੜਾ ਸੁੱਟਿਆ ਜਾ ਰਿਹਾ ਹੈ। ਹੋਰ ਤਾਂ ਹੋਰ, ਜੋ ਸ਼ਹਿਰ ਵਿਚ ਪ੍ਰਾਈਵੇਟ ਕੂੜਾ ਚੁੱਕਣ ਵਾਲੇ ਹੁੰਦੇ ਹਨ, ਉਹ ਵੀ ਇਨ੍ਹਾਂ ਪਲਾਟਾਂ ਵਿਚ ਕੂੜਾ ਸੁੱਟ ਜਾਂਦੇ ਹਨ। ਪ੍ਰਸ਼ਾਸਨ ਦਾ ਇਹ ਕਦਮ ਸ਼ਲਾਘਾਯੋਗ ਹੈ।

ਕਈ ਥਾਵਾਂ ’ਤੇ ਪ੍ਰਸ਼ਾਸਨ ਨੇ ਖ਼ਾਲੀ ਪਲਾਟ ਮਾਲਕਾਂ ਨੂੰ ਹਦਾਇਤਾਂ ਕੀਤੀਆਂ ਹਨ ਕਿ ਪਲਾਟਾਂ ਦੀ ਚਾਰਦੀਵਾਰੀ ਕੀਤੀ ਜਾਵੇ ਤਾਂ ਜੋ ਇਨ੍ਹਾਂ ਵਿਚ ਕੋਈ ਵੀ ਕੂੜਾ-ਕਰਕਟ ਨਾ ਸੁੱਟ ਸਕੇ। ਕਈ ਸ਼ਹਿਰਾਂ ’ਚ ਪਲਾਟ ਮਾਲਕਾਂ ਨੂੰ ਕਾਨੂੰਨੀ ਨੋਟਿਸ ਵੀ ਭੇਜੇ ਗਏ ਹਨ। ਹਦਾਇਤਾਂ ਦੀ ਪਾਲਣਾ ਨਾ ਕਰਨ ਬਾਰੇ ਜੇ ਕੋਈ ਵ੍ਹਟਸਐਪ ਨੰਬਰ ’ਤੇ ਆਪਣੀ ਸ਼ਿਕਾਇਤ ਦਰਜ ਕਰਵਾਉਂਦਾ ਹੈ ਤਾਂ ਉਸ ਪਲਾਟ ਮਾਲਕ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਮਿਊਂਸੀਪਲ ਕਾਰਪੋਰੇਸ਼ਨ ਜਾਂ ਕਮੇਟੀਆਂ ਵੱਲੋਂ ਵੀ ਘਰ-ਘਰ ਤੋਂ ਕੂੜਾ ਇਕੱਠਾ ਕਰਨ ਵਾਲੇ ਜ਼ਿਆਦਾ ਕਰਮਚਾਰੀ ਲਗਾਉਣੇ ਚਾਹੀਦੇ ਹਨ। ਪ੍ਰਸ਼ਾਸਨ ਵੱਲੋਂ ਪਲਾਟ ਮਾਲਕਾਂ ਨੂੰ ਹਦਾਇਤ ਵੀ ਕੀਤੀ ਗਈ ਹੈ ਕਿ ਜੇ ਉਹ ਖ਼ਾਲੀ ਪਲਾਟਾਂ ਦੀ ਸਫ਼ਾਈ ਨਹੀਂ ਕਰਦੇ ਤਾਂ ਉਨ੍ਹਾਂ ਦੇ ਰਿਕਾਰਡ ਵਿਚ ਰੈੱਡ ਐਂਟਰੀ ਕੀਤੀ ਜਾਵੇਗੀ।

**-ਸੰਜੀਵ ਸਿੰਘ ਸੈਣੀ**

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com



# 650 ਕੁ ਬਾਗ਼ੀ ਸੈਨਿਕਾਂ ਦੀ ਕਤਲਗਾਹ ਹੈ ਕਾਲਿਆਂ ਵਾਲਾ ਖ਼ੂਹ

ਭੁਪਿੰਦਰ ਸਿੰਘ ਸੰਧੂ

ਅੰਮ੍ਰਿਤਸਰ ਜ਼ਿਲ੍ਹੇ ਦਾ ਕਸਬਾ ਅਜਨਾਲਾ 1857 ਦੇ ਪਹਿਲੇ ਆਜ਼ਾਦੀ ਸੰਗਰਾਮ ਨਾਲ ਜੁੜੀ ਇਕ ਮਹਾਨ ਇਤਿਹਾਸਕ ਤੇ ਕੁਰਬਾਨੀਆਂ ਨਾਲ ਭਰੀ ਘਟਨਾ ਸਾਂਭੀ ਬੈਠਾ ਹੈ। ਇਹ ਅੰਗਰੇਜ਼ ਰਾਜ ਦੀਆਂ ਵਹਿਸ਼ੀ ਤੇ ਕਰੂਰਤਾਂ ਭਰੀ ਦਰਦਨਾਕ ਕਹਾਣੀ ਹੈ ਜਿਸ ਵਿਚ 31 ਜੁਲਾਈ ਤੇ 1 ਅਗਸਤ 1857 ਨੂੰ ਈਦ ਵਾਲੇ ਦਿਨ, ਅੰਮ੍ਰਿਤਸਰ ਦੇ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਫਰੈਡਰਿਕ ਕੂਪਰ ਦੀ ਨਿਗਰਾਨੀ ਵਿਚ ਦੇਸ਼ ਵਾਸੀਆਂ ’ਤੇ ਹਕੂਮਤੀ ਦਾਬਾ ਤੇ ਦਹਿਸ਼ਤ ਵਧਾਉਣ ਲਈ ਕਹਿਰ ਢਾਹਿਆ ਗਿਆ ਸੀ। ਲਾਹੌਰ ਦੀ ਸਾਈਂ ਮੀਆਂ ਮੀਰ ਛਾਉਣੀ ਵਿੱਚੋਂ 26 ਨੰਬਰ ਲਾਈਟ ਇਨਫੈਂਟਰੀ ਵਿਚ ਦੋ ਅੰਗਰੇਜ਼ ਅਫ਼ਸਰ ਕਤਲ ਕਰ ਕੇ ਵਿਦਰੋਹੀ ਬਣ ਕੇ ਨਿਕਲੇ 650 ਕੁ ਭਾਰਤੀ ਸੈਨਿਕਾਂ ਨੂੰ 24 ਘੰਟਿਆਂ ਵਿਚ ਹੀ ਕਤਲ ਕਰ ਦਿੱਤਾ ਗਿਆ ਸੀ। ਉਹ ਦੇਸ਼ ਦੇ ਹੋਰਨਾਂ ਇਲਾਕਿਆਂ ਵਾਲੇ ਵਿਦਰੋਹੀ ਸੈਨਿਕਾਂ ਨਾਲ ਰਲ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਨਿਕਲੇ ਸਨ। ਇਹ ਸੈਨਿਕ ਲਾਹੌਰ ਤੋਂ ਰਾਵੀ ਦਰਿਆ ਦੇ ਕੰਢੇ-ਕੰਢੇ ਦਰਿਆ ਪਾਰ ਕਰਨ ਦੀ ਤਾਕ ਵਿਚ ਅਗਲੇ ਟਿਕਾਣੇ ਵੱਲ ਵਧ ਰਹੇ ਸਨ। ਇਸ ਵਿਦਰੋਹ ਨੂੰ ਸਰਕਾਰ ਨੇ ਬਹੁਤ ਗੰਭੀਰਤਾ ਨਾਲ ਲਿਆ ਤੇ ਆਪਣਾ ਸਾਰਾ ਪ੍ਰਬੰਧਕੀ ਤੰਤਰ ਉਨ੍ਹਾਂ ਨੂੰ ਜਿੰਦਾ ਜਾਂ ਮੁਰਦਾ ਫੜਨ ਲਈ ਲਗਾ ਦਿੱਤਾ। ਘਰ ਦੇ ਭੇਤੀ ਅੰਗਰੇਜ਼ ਦੇ ਸੂਹੀਏ ਘਰਾਂ ਤੋ ਨਿਕਲ ਕੇ ਸੂਹਾਂ ਲੈਣ ਲੱਗੇ ਤੇ ਉਨ੍ਹਾਂ ਪੈਦਲ ਤੁਰਦੇ ਸੈਨਿਕਾਂ ਨੂੰ ਦੇਖ ਕੇ ਖ਼ਬਰਾਂ ਸਰਕਾਰਾਂ ਤੱਕ ਪੁੱਜਦੀਆਂ ਕਰ ਦਿੱਤੀਆਂ।

ਉਨ੍ਹਾਂ ਸੈਨਿਕਾਂ ਨੂੰ ਫੜਨ ਲਈ ਮੌਲਦੇ ਰਾਵੀ ਦਰਿਆ ਕਿਨਾਰੇ ਖ਼ੂਨੀ ਸੰਘਰਸ਼ ਹੋਇਆ। ਹਥਿਆਰਾਂ ਤੋਂ ਰਹਿਤ ਇਨ੍ਹਾਂ ਸੈਨਿਕਾਂ ਨੂੰ ਸਿੱਧੇ ਗੋਲ਼ੀਆਂ ਦਾ ਨਿਸ਼ਾਨਾ ਬਣਾਇਆ ਗਿਆ ਤੇ 150 ਕੁ ਮਾਰ ਦਿੱਤੇ ਗਏ। ਕੁਝ ਸੈਨਿਕ ਇਸ ਗੋਲ਼ੀਬਾਰੀ ’ਚ ਫੱਟੜ ਹੋਣ ਕਾਰਨ ਦਰਿਆ ਦੇ ਭਰੇ ਵਹਿਣ ਵਿਚ ਵਹਿ ਗਏ। ਕੁਝ ਜਿਉਂਦੇ ਵੀ ਦਰਿਆ ਦੀ ਭੇਟ ਚੜ੍ਹ ਗਏ ਤੇ 282 ਕੁ ਸੈਨਿਕਾਂ ਨੂੰ ਰੱਸਿਆਂ ਨਾਲ ਨੂੜ ਕੇ ਥਾਣਾ ਅਜਨਾਲਾ ਲਿਆਂਦਾ ਗਿਆ। ਜਿੱਥੇ ਉਨ੍ਹਾਂ ਨੂੰ ਸ਼ਰੇਆਮ ਲੋਕਾਂ ਦੀ ਸੱਥ ਵਿਚ ਫਾਂਸੀ ਦੇਣ ਦਾ ਪ੍ਰੋਗਰਾਮ ਬਣਾਇਆ ਗਿਆ ਪਰ ਭਾਰੀ ਮੀਂਹ ਤੇ ਫਾਂਸੀ ਦੇਣ ਵਾਲੇ ਰੱਸਿਆਂ ਦੀ ਘਾਟ ਕਾਰਨ ਇਹ ਪ੍ਰੋਗਰਾਮ ਅਗਲੀ ਸਵੇਰ ’ਤੇ ਪਾ ਦਿੱਤਾ ਗਿਆ। ਉਨ੍ਹਾਂ ਭੁੱਖੇ-ਭਾਣੇ ਸੈਨਿਕਾਂ ਨੂੰ ਥਾਣੇ ਦੇ ਨਾਲ ਸਰਕਾਰ ਨੂੰ ਮਾਮਲਾ (ਟੈਕਸ) ਨਾ ਦੇਣ ਵਾਲੇ ਲੋਕਾਂ/ਕਿਸਾਨਾਂ ਨੂੰ ਕੈਦ ਕਰਨ ਵਾਲੀ ਬਣਾਈ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ। ਇਸ ਦੀਆਂ ਖਿੜਕੀਆਂ ਤੇ ਦਰਵਾਜ਼ੇ ਬੰਦ ਕਰ ਕੇ ਝੀਥਾਂ ਨੂੰ ਗਿੱਲੀ ਮਿੱਟੀ ਨਾਲ ਬੰਦ ਕਰ ਦਿੱਤਾ ਗਿਆ। ਚੰਮਾਸਿਆਂ ਤੇ ਹੁੰਮਸ ਦੇ ਇਨ੍ਹਾਂ ਅੱਤ ਦੀ ਗਰਮੀ ਭਰੇ ਦਿਨਾਂ ਵਿਚ ਸੈਨਿਕ ਪਾਣੀ ਦੀ ਬੂੰਦ-ਬੂੰਦ ਨੂੰ ਤਰਸਦੇ ਤੇ ਕੁਰਲਾਉਂਦੇ ਰਹੇ ਪਰ ਕਿਸੇ ਨੇ ਇਕ ਨਾ ਸੁਣੀ। ਸਗੋਂ ਹਾਕਮ ਉਨ੍ਹਾਂ ਨੂੰ ਤੁਰੰਤ ਸਬਕ ਸਿਖਾਉਣ ਦੀਆਂ ਵਿਉਂਤਾਂ ਘੜਦੇ ਰਹੇ। ਅਗਲੀ ਸਵੇਰੇ ਇਕ ਅਗਸਤ ਨੂੰ ਅਜਨਾਲਾ ਕਸਬੇ ਤੇ ਆਸਪਾਸ ਮੁਨਾਦੀ



ਕਰਵਾਈ ਗਈ ਕਿ ਲੋਕ ਥਾਣੇ ਮੂਹਰੇ ਇਕੱਠੇ ਹੋਣ। ਜ਼ਾਲਮ ਡੀਸੀ ਕੂਪਰ ਕੁਰਸੀ ਡਾਹ ਕੇ ਬੈਠ ਗਿਆ ਤੇ ਵਿਦਰੋਹੀ ਸੈਨਿਕਾਂ ਨੂੰ ਬਾਹਰ ਕੱਢ ਕੇ ਲਿਆਉਣ ਦਾ ਹੁਕਮ ਦਿੱਤਾ। ਇਕ ਪਾਸੇ ਬਾਹਾਂ ਤੋਂ ਬੰਨ੍ਹੇ ਹੋਏ ਸੈਨਿਕਾਂ ਨੂੰ ਦਸ-ਦਸ ਦੀਆਂ ਟੋਲੀਆਂ ਵਿਚ ਖੜ੍ਹੇ ਕੀਤਾ ਗਿਆ ਤੇ ਵਫ਼ਾਦਾਰ ਸਿਪਾਹੀਆਂ ਨੂੰ ਇਨ੍ਹਾਂ ਨੂੰ ਗੋਲ਼ੀਆਂ ਨਾਲ ਭੁੰਨ ਦੇਣ ਦਾ ਸਖ਼ਤ ਹੁਕਮ ਚਾੜ੍ਹਿਆ ਗਿਆ। ਗੋਲ਼ੀ ਨਾ ਚਲਾਉਣ ਦੀ ਸੂਰਤ ਵਿਚ ਵਫ਼ਾਦਾਰ ਸਿਪਾਹੀਆਂ ਨੂੰ ਵੀ ਵਿਦਰੋਹੀਆਂ ਦੇ ਨਾਲ ਗੋਲ਼ੀਆਂ ਮਾਰਨ ਦਾ ਡਰਾਵਾ ਦਿੱਤਾ ਗਿਆ। ਇੰਜ ਲੋਕਾਂ ਦੇ ਸਾਹਮਣੇ 10/10 ਦੀਆਂ ਟੋਲੀਆਂ ਵਾਲੇ 237 ਸੈਨਿਕਾਂ ਨੂੰ ਗੋਲ਼ੀਆਂ ਨਾਲ ਭੁੰਨ ਦਿੱਤਾ ਗਿਆ।

ਪੰਤਾਲੀ ਦੇ ਕਰੀਬ ਸੈਨਿਕ ਰਾਤ ਨੂੰ ਦਮ ਘੁਟਣ, ਪਾਣੀ ਨਾ ਮਿਲਣ ਤੇ ਭੁੱਖੇ-ਪਿਆਸੇ ਕੋਠੜੀਆਂ ਵਿਚ ਦਮ ਤੋੜ ਗਏ। ਇਸ ਪਿੱਛੋਂ ਲੋਥਾਂ ਦੇ ਢੇਰ ਨੂੰ ਟਿਕਾਣੇ ਲਾਉਣ ਲਈ ਸੋਚਿਆ ਗਿਆ। ਇੰਨੀਆਂ ਲਾਸ਼ਾਂ ਦੇ ਸਸਕਾਰ ਲਈ ਲੱਕੜਾਂ ਤੇ ਹੋਰ ਸਾਮਾਨ ਦਾ ਪ੍ਰਬੰਧ ਕਰਨ ਦੀ ਥਾਂ ਇਨ੍ਹਾਂ ਨੂੰ ਨੇੜਲੇ ਇਕ ਖ਼ੂਹ ਵਿਚ ਸੁੱਟ ਕੇ ਉੱਪਰ ਲੂਣ ਤੇ ਮਿੱਟੀ ਪਾ ਦਿੱਤੀ ਗਈ। ਹਾਕਮਾਂ ਨੇ ਉਸ ਸਮੇਂ ਦੇ ਸੇਵਾਦਾਰਾਂ ਨੂੰ ਲਾਸ਼ਾਂ ਘੜੀਸ ਕੇ ਖ਼ੂਹ ਵਿਚ ਸੁੱਟਣ ਲਈ ਕਿਹਾ ਸੀ। ਲਾਸ਼ਾਂ ਨਾਲ ਖ਼ੂਹ ਭਰ ਗਿਆ। ਇਸ ਖ਼ੂਹ ਨੂੰ ਕਾਲਿਆਂ ਵਾਲਾ ਖ਼ੂਹ ਆਖਿਆ ਜਾਂਦਾ ਸੀ। ਇਸੇ ਤਰ੍ਹਾਂ 66 ਕੁ ਹੋਰ ਸੈਨਿਕਾਂ ਨੂੰ ਵੀ ਵੱਖ-ਵੱਖ ਪਿੰਡਾਂ, ਇਲਾਕਿਆਂ ਵਿੱਚੋਂ ਫੜ ਕੇ ਲਾਹੌਰ ਲਿਜਾਇਆ ਗਿਆ ਤੇ ਤੋਪਾਂ ਅੱਗੇ ਬੰਨ੍ਹ ਕੇ ਉਡਾ ਦਿੱਤੇ ਗਏ। ਇਨ੍ਹਾਂ ਸੈਨਿਕਾਂ ਦੇ ਲਹੂ ਨਾਲ ਅਜਨਾਲੇ ਦੀ ਧਰਤੀ ਲਹੂ-ਲੁਹਾਨ ਹੋ ਗਈ। ਲੋਕ ਭੈਭੀਤ ਹੋ ਗਏ ਤੇ ਉਨ੍ਹਾਂ ਨੇ ਰੋਸ ਵਜੋਂ ਚੁੱਲ੍ਹੇ ਨਾ ਬਾਲੇ। ਅਜਿਹੀਆਂ ਸਭ ਕੁਚਾਲਾਂ ਦੇ ਬਾਵਜੂਦ 1857 ਦੇ ਸਮੇਂ ’ਚ ਭਾਰਤੀ ਲੋਕਾਂ ਦੀ ਏਕਤਾ ਤੇ ਸਾਂਝੀਵਾਲਤਾ ਵੇਖਣ ਯੋਗ ਸੀ। ਹਿੰਦੂ-ਸਿੱਖ ਤੇ ਮੁਸਲਮਾਨ ਅੰਗਰੇਜ਼ਾਂ ਵਿਰੁੱਧ ਤਨਦੇਹੀ ਨਾਲ ਲੜ ਰਹੇ ਸਨ ਜੋ ਸਰਕਾਰ ਵਾਸਤੇ ਇਕ ਵੱਡੀ ਚੁਣੌਤੀ ਬਣ ਗਈ ਸੀ। ਡੀਸੀ ਫਰੈਡਰਿਕ ਕੂਪਰ ਆਪਣੀ ਸੂਰਮਗਤੀ ਦੱਸਦਿਆਂ ਲਿਖਦਾ ਹੈ ਕਿ 31 ਜੁਲਾਈ 1857 ਨੂੰ ਲਾਹੌਰ ਛਾਉਣੀ ਤੋਂ ਲਗਪਗ 500 ਭਗੌੜੇ ਸੈਨਿਕ ਜੋ ਅਜਨਾਲਾ ਤੋਂ ਛੇ ਕੁ ਕਿੱਲੋਮੀਟਰ ਦੂਰ ਰਾਵੀ ਦਰਿਆ ਦੇ ਕੰਢੇ ’ਤੇ ਬੈਠੇ ਸਨ। ਅਸੀਂ ਉਨ੍ਹਾਂ ਨੂੰ ਘੇਰ ਲਿਆ। ਗ੍ਰਿਫ਼ਤਾਰੀਆਂ ਦਾ ਵਿਰੋਧ ਕਰਦੇ ਇਕ ਸੌ ਪੰਜਾਹ ਤੋਂ ਵਧੇਰੇ ਸੈਨਿਕ ਗੋਲ਼ੀਆਂ ਨਾਲ ਭੁੰਨ ਦਿੱਤੇ ਗਏ। ਪੰਜਾਹ ਕੁ ਹੋਰ ਝੜਪਾਂ ਦੌਰਾਨ ਮਾਰੇ ਗਏ ਤੇ 237 ਅਸੀਂ ਦਸ-ਦਸ ਦੀਆਂ ਟੋਲੀਆਂ ਬਣਾ ਕੇ ਗੋਲ਼ੀਆਂ ਨਾਲ ਮਾਰ ਦਿੱਤੇ ਅਤੇ 45 ਕੁ ਸਾਹ ਘੁਟਣ ਨਾਲ ਮਰ ਗਏ। ਇਸ ਪਿੱਛੋਂ ਉਨ੍ਹਾਂ ਦੀਆਂ ਲਾਸ਼ਾਂ ਨੂੰ ਧੂਹ ਕੇ ਥਾਣੇ ਦੇ ਸਾਹਮਣੇ ਇਕ ਖ਼ੂਹ ਵਿਚ ਸੁੱਟ ਦਿੱਤਾ ਗਿਆ ਤੇ ਉੱਪਰ ਮਿੱਟੀ ਪਾ ਦਿੱਤੀ ਗਈ। ਜੇ ਉਨ੍ਹਾਂ ਲਾਸ਼ਾਂ ਦਾ ਰਹੁ-ਰੀਤਾਂ ਨਾਲ ਸਸਕਾਰ ਕਰਦੇ ਤਾਂ ਤਿੰਨ-ਚਾਰ ਹਜ਼ਾਰ ਮਣ ਲੱਕੜ ਚਾਹੀਦੀ ਸੀ, ਇਸ ਲਈ ਖ਼ੂਹ ਵਿਚ ਦਫ਼ਨ ਕਰਨ ਵਾਲਾ ਤਰੀਕਾ ਲੱਭਿਆ ਗਿਆ। ਅਜਨਾਲਾ ਵਿਖੇ ਉਨ੍ਹਾਂ ਸੈਨਿਕਾਂ ਨਾਲ ਜੋ ਹੋਇਆ, ਬੀਤਿਆ, ਉਹ ਦਰਸਾਉਂਦਾ ਹੈ ਕਿ ਪੰਜਾਬ 1857 ਦੇ ਗ਼ਦਰ ਮੌਕੇ ਗ਼ੈਰ-ਹਾਜ਼ਰ ਨਹੀਂ ਸੀ ਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਾਂਗ ਕੁਝ ਝੋਲੀ-ਚੁੱਕਾਂ ਨੂੰ ਛੱਡ ਕੇ ਪੰਜਾਬੀਆਂ ਦੀਆਂ ਅੱਖਾਂ ’ਚ ਵੀ ਵਿਰੋਧ ਦੀ ਲਾਲੀ ਸੀ ਕਿ ਉਹ ਅੰਗਰੇਜ਼ ਰਾਜ ਨੂੰ ਸਖ਼ਤ ਨਫ਼ਰਤ ਕਰਦੇ ਹਨ ਤੇ ਉਸ ਦੇ ਕੁਕਰਮਾਂ ਦੀ ਨਿੰਦਾ ਕਰਦੇ ਹਨ। ਇਹ ਸਾਕਾ ਇਹ ਵੀ ਝੁਠਲਾਉਂਦਾ ਹੈ ਕਿ 1857 ’ਚ ਪੰਜਾਬ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ।

ਇਹ ਕਿਵੇਂ ਹੋਇਆ ਕਿ ਅੰਗਰੇਜ਼ ਦੀਆਂ ਕਰੂਰਤਾਂ ਭਰੀਆਂ ਘਟਨਾਵਾਂ ਸਾਡੇ ਇਤਿਹਾਸ ਦਾ ਹਿੱਸਾ ਹੀ ਨਾ ਬਣ ਸਕੀਆਂ? ਵਿਡੰਬਨਾ ਇਹ ਹੈ ਕਿ ਆਜ਼ਾਦੀ ਤੋਂ 78 ਸਾਲ ਬਾਅਦ ਵੀ ਸਾਡੇ ਦੇਸ਼ ਦੇ ਹਾਕਮ 1920 ’ਚ ਅੰਗਰੇਜ਼ ਰਾਜ ਦੀ ਲੰਬੀ ਉਮਰ ਲਈ ਲੜਦੇ ਮਰੇ ਸਿਪਾਹੀਆਂ ਦੀ ਯਾਦ ’ਚ ਉਸਾਰੇ ‘ਇੰਡੀਆ ਗੇਟ’ ਨੂੰ ਸਲੂਟ ਮਾਰ ਰਹੇ ਹਨ। ਅਜਿਹਾ ਕਿਉਂ ਹੋ ਰਿਹਾ ਹੈ? ਇਨ੍ਹਾਂ ਦੀਆਂ ਕੁਰਬਾਨੀਆਂ ਵੀ ਇਤਿਹਾਸ ਦਾ ਬਹੁਮੁੱਲਾ ਅੰਗ ਹਨ। ਇਨ੍ਹਾਂ ਨੂੰ ਯਾਦ ਕਰੀਏ, ਸਿਜਦਾ ਕਰੀਏ। ਮੌਜੂਦਾ ਸਮੇਂ ’ਚ ਦਹਾਕਾ ਕੁ ਪਹਿਲਾਂ ਇਸ ਖ਼ੂਹ ਨੂੰ ਲੱਭ ਕੇ ਇਸ ’ਚੋਂ ਉਨ੍ਹਾਂ ਫ਼ੌਜੀ ਸ਼ਹੀਦਾਂ ਦੇ ਕੰਕਾਲ ਬੜੇ ਅਦਬ ਨਾਲ ਬਾਹਰ ਕੱਢ ਕੇ ਹਰਿਦੁਆਰ ਵਿਖੇ ਗੰਗਾ ਨਦੀ ’ਚ ਜਲ ਪ੍ਰਵਾਹ ਕਰ ਦਿੱਤੇ ਗਏ ਹਨ। ਖ਼ੂਹ ਦੀ ਸਾਂਭ-ਸੰਭਾਲ ਵਾਸਤੇ ਇਕ ਕਮੇਟੀ ਬਣਾਈ ਗਈ ਹੈ ਜਿਸ ਵੱਲੋਂ ਇੱਥੇ ਇਕ ਸੁੰਦਰ ਗੁਰਦੁਆਰਾ ਵੀ ਉਸਾਰਿਆ ਗਿਆ ਹੈ। ਖ਼ੂਹ ’ਚੋਂ ਮਿਲੀਆਂ ਨਿਸ਼ਾਨੀਆਂ ਨੂੰ ਸਾਂਭਿਆ ਗਿਆ ਹੈ। ਲੋਕ ਇਸ ਨੂੰ ਦੇਖਣ ਆਉਂਦੇ ਹਨ। ਇਕੱਤੀ ਜੁਲਾਈ ਤੇ ਇਕ ਅਗਸਤ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਥਾਨਕ ਸਿਵਲ ਅਧਿਕਾਰੀਆਂ, ਲੋਕਾਂ ਤੇ ਆਰਮੀ ਦੇ ਸਾਬਕਾ ਤੇ ਮੌਜੂਦਾ ਅਧਿਕਾਰੀਆਂ ਵੱਲੋਂ ਫੁੱਲ ਮਾਲਾਵਾਂ ਭੇਟ ਕਰਨ ਵਾਲਾ ਸਮਾਗਮ ਕਰਵਾਇਆ ਜਾਂਦਾ ਹੈ।

# ਸਰਕਾਰਾਂ ਤੋਂ ਕੁਝ ਨਹੀਂ ਹਾਸਲ ਕਰ ਸਕੇ ਸ਼ਹੀਦ ਊਧਮ ਸਿੰਘ ਦੇ ਵਾਰਸ

ਆਜ਼ਾਦ ਭਾਰਤ ਅੰਦਰ ਹਰ ਨਾਗਰਿਕ ਲਈ ਕੁੱਲੀ, ਗੁੱਲੀ ਅਤੇ ਜੁੱਲੀ (ਘਰ, ਰੁਜ਼ਗਾਰ ਅਤੇ ਰੋਟੀ) ਮਿਲਣ ਦੇ ਸੁਪਨੇ ਸੰਜੋ ਕੇ ਫ਼ਾਂਸੀ ਦੇ ਰੱਸੇ ਚੁੰਮਣ ਵਾਲੇ ਆਜ਼ਾਦੀ ਸੰਗਰਾਮ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਮਹਾਨ ਕ੍ਰਾਂਤੀਕਾਰੀ ਸੁਨਾਮ ਦੇ ਜੰਮਪਲ ਸ਼ਹੀਦ ਊਧਮ ਸਿੰਘ ਦੇ ਵਾਰਿਸ ਅੱਜ ਖ਼ੁਦ ਰੁਜ਼ਗਾਰ ਨੂੰ ਤਰਸ ਰਹੇ ਹਨ। ਰੁਜ਼ਗਾਰ ਤੋਂ ਸੱਖਣਾ ਪਰਿਵਾਰ ਮਾਤਰ 90 ਗਜ਼ ਦੇ ਘਰ ਵਿਚ ਤਿੰਨ ਪਰਿਵਾਰ




ਜੀਵਨ ਬਸਰ ਕਰਨ ਲਈ ਮਜਬੂਰ ਹਨ। ਅਜਿਹੇ ਹਾਲਾਤ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦਾ ਫਰੰਗੀਆਂ ਤੋਂ ਬਦਲਾ ਲੈਣ ਵਾਲੇ ਆਜ਼ਾਦੀ ਘੁਲਾਟੀਏ ਮਹਾਨ ਕ੍ਰਾਂਤੀਕਾਰੀ ਸ਼ਹੀਦ ਊਧਮ ਸਿੰਘ ਦੀ ਭੈਣ ਆਸ ਕੌਰ ਦੇ ਪੋਤਰੇ ਜੀਤ ਸਿੰਘ ਦੇ ਪਰਿਵਾਰ ਦੇ ਬਣੇ ਹੋਏ ਹਨ, ਜਿਹੜਾ ਤਤਕਾਲੀ ਮੁੱਖ ਮੰਤਰੀ ਮਰਹੂਮ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਸਮੇਂ ਸ਼ਹੀਦ ਊਧਮ ਸਿੰਘ ਦੇ ਵਾਰਿਸ ਪਰਿਵਾਰਾਂ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਦੇ ਕੀਤੇ ਐਲਾਨ ਦੇ ਬਾਵਜੂਦ ਪਿਛਲੇ 19 ਸਾਲ ਤੋਂ ਵੱਖ-ਵੱਖ ਸਰਕਾਰਾਂ ਦੇ ਦਰਾਂ ਦੀ ਖ਼ਾਕ ਛਾਣ ਰਿਹਾ ਹੈ। ਸਾਲ 2002-07 ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਨੌਕਰੀ ਦੇਣ ਦਾ ਪੱਤਰ ਲੈ ਕੇ ਪਰਿਵਾਰ ਦਾ ਮੁਖੀ ਜੀਤ ਸਿੰਘ ਡਿਪਟੀ ਕਮਿਸ਼ਨਰ ਸੰਗਰੂਰ ਤੋਂ ਇਲਾਵਾ ਚੰਡੀਗੜ੍ਹ ਦੇ ਗੇੜਿਆਂ ਤੋਂ ਅੱਕ ਕੇ ਹੱਡ ਚੀਰਵੀਂ ਠੰਢ ਵਿਚ ਦਿੱਲੀ ਦੇ ਜੰਤਰ-ਮੰਤਰ ’ਤੇ ਕਰੀਬ ਇਕ ਹਫ਼ਤਾ ਧਰਨਾ ਦੇ ਚੁੱਕਿਆ ਹੈ ਪਰ ਕਿਤਿ ਂ ਖ਼ੈਰ ਨਹੀਂ ਪਈ। ਮਾਤਾ ਆਸ ਕੌਰ ਦੇ ਪੋਤਰੇ ਜੀਤ ਸਿੰਘ ਮੁਤਾਬਿਕ ਉਸ ਦੇ ਦੋਵੇਂ ਪੁੱਤਰ ਜੱਗਾ ਸਿੰਘ ਅਤੇ ਬਲਵੀਰ ਸਿੰਘ ਦੋਵੇਂ ਦਿਹਾੜੀ ਕਰ ਕੇ ਆਪਣੇ ਪਰਿਵਾਰਾਂ ਦਾ ਢਿੱਡ ਭਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਜੱਗਾ ਸਿੰਘ ਨੂੰ ਸਰਕਾਰੀ ਨੌਕਰੀ ਦੇਣ ਦਾ ਬਕਾਇਦਾ ਪੱਤਰ ਜਾਰੀ ਕੀਤਾ ਗਿਆ ਸੀ ਪਰ 19 ਸਾਲ ਬੀਤ ਜਾਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਬਾਂਹ ਨਹੀਂ ਫੜੀ ਸਗੋਂ ਲਾਰੇ ਹੀ ਪੱਲੇ ਪਏ ਹਨ। ਉਨ੍ਹਾਂ ਉਮੀਦ ਪ੍ਰਗਟਾਈ ਹੈ ਕਿ ਸੂਬੇ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਆਜ਼ਾਦੀ ਸੰਗਰਾਮ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਦੇਸ਼ ਭਗਤਾਂ ਦੇ ਪਰਿਵਾਰ ਦੀ ਅਰਜ਼ੋਈ ਜ਼ਰੂਰ ਸੁਣਨਗੇ। ਸ਼ਹੀਦ ਊਧਮ ਸਿੰਘ ਦੀ ਭੈਣ ਆਸ ਕੌਰ ਦੇ ਪੋਤਰੇ ਜੀਤ ਸਿੰਘ ਨੇ ਦੱਸਿਆ ਕਿ ਮੇਰੇ ਪਿਤਾ ਬਚਨ ਸਿੰਘ ਦੀ ਅਨਪੜ੍ਹਤਾ ਦਾ ਫ਼ਾਇਦਾ ਉਠਾ ਕੇ ਸ਼ਹੀਦ ਨਾਲ ਦੂਰ ਦਾ ਵੀ ਵਾਸਤਾ ਨਾ ਰੱਖਣ ਵਾਲੇ ਕੁਝ ਕੁ ਵਿਅਕਤੀ ਸਰਕਾਰੀ ਨੌਕਰੀਆਂ ਲੈ ਗਏ ਹਨ, ਜੋ ਸਰਾਸਰ ਗ਼ਲਤ ਹੈ। ਮੇਰੇ ਪਰਿਵਾਰ ਨੂੰ ਹੱਕਾਂ ਤੋਂ ਵਾਂਝਾ ਰੱਖਣ ਵਾਲੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸਿਰਫ਼ ਇਕ ਲੋਈ ਤੇ ਮੋਮੈਂਟੋ ਦੇ ਕੇ ਸਨਮਾਨਿਤ ਕਰਨ ਤਕ ਸੀਮਤ ਰਹਿ ਗਈਆਂ ਹਨ।

ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਨੌਕਰੀ ਦੇਣ ਦਾ ਜਾਰੀ ਪੱਤਰ ਦਿਖਾਉਂਦਿਆਂ ਉਸ ਨੇ ਦੱਸਿਆ ਕਿ ਸਾਲ 2006 ਵਿਚ ਮੇਰੇ ਦਾਦਾ ਬਚਨ ਸਿੰਘ ਨੇ ਬਕਾਇਦਾ ਹਲਫ਼ੀਆ ਬਿਆਨ ਦੇ ਕੇ ਸਪਸ਼ਟ ਕਰ ਦਿੱਤਾ ਸੀ ਕਿ ਸ਼ਹੀਦ ਊਧਮ ਸਿੰਘ ਦੇ ਵਾਰਿਸ ਪਰਿਵਾਰਾਂ ਨੂੰ ਨੌਕਰੀਆਂ ਦੇਣ ਦੇ ਕੀਤੇ ਐਲਾਨ ਮੁਤਾਬਿਕ ਮੇਰੇ ਪੋਤਰੇ ਜੱਗਾ ਸਿੰਘ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਨੌਜਵਾਨ ਜੱਗਾ ਸਿੰਘ ਨੇ ਅਫ਼ਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਕੀ ਸਰਕਾਰਾਂ ਸ਼ਹੀਦਾਂ ਦੇ ਵਾਰਿਸ ਪਰਿਵਾਰਾਂ ਨਾਲ ਅਜਿਹਾ ਵਰਤਾ ਕਰਦੀਆਂ ਰਹਿਣਗੀਆਂ? ਕੀ ਮਹਾਨ ਕ੍ਰਾਂਤੀਕਾਰੀ ਆਜ਼ਾਦੀ ਘੁਲਾਟੀਏ ਸ਼ਹੀਦ ਊਧਮ ਸਿੰਘ, ਭਗਤ ਸਿੰਘ ਤੇ ਰਾਜਗੁਰੂ ਸੁਖਦੇਵ ਨੇ ਅਜਿਹੇ ਸੁਪਨੇ ਸੰਜੋਏ ਸਨ ਕਿ ਸ਼ਹੀਦਾਂ ਦੇ ਵਾਰਿਸ ਪਰਿਵਾਰਾਂ ਨੂੰ ਨੌਕਰੀਆਂ ਦੇਣ ਦੇ ਸਰਕਾਰੀ ਵਾਅਦਿਆਂ ਤੋਂ ਸੱਖਣਾ ਰੱਖਿਆ ਜਾਵੇਗਾ।

**– ਦਰਸ਼ਨ ਸਿੰਘ ਚੌਹਾਨ**

SANJA PUNJAB FOODS
RESTAURANT
We also do catering
ਅਸੀਂ ਬਹੁਤ ਹੀ ਵਾਜਬ ਰੇਟਾਂ
ਦੇ ਕੇਟਰਿੰਗ ਕਰਦੇ ਹਾਂ
Ph. 279-345-3059
Cell. 916-257-2964

Buffet. 11.30 am to 2.30 pm
$12.99
Indian sweets and catering too
Amandeep Rana
916-257-2964
sanjapunjabfoods@gmail.com
3535 Elverta Rd. #C, Antelope CA 95843

# KACEES EXPRESS WASH

ਕਾਰਾਂ ਧੋਣ ਲਈ ਸਭ ਤੋਂ ਸਸਤਾ ਕਾਰ ਵਾਸ਼ ਸਟੇਸ਼ਨ




## Car wash and Gas station with Beverages




ਇਲਾਕੇ ਵਿਚ ਹੱਥ ਨਾਲ ਕਾਰਾਂ ਧੁਆਉਣ ਵਾਸਤੇ ਇਕੋ-ਇਕ ਸਰਵਿਸ ਸਟੇਸ਼ਨ, ਜੋ ਬਹੁਤ ਹੀ ਸਸਤੇ ਰੇਟਾਂ ਤੇ ਬਿਨਾਂ ਇੰਤਜ਼ਾਰ ਕੀਤਿਆਂ ਤੁਹਾਡੀ ਕਿਸੇ ਵੀ ਪ੍ਰਕਾਰ ਦੀ ਕਾਰ ਧੋ ਸਕਦੇ ਹਨ।









**Surjit Sanger**

**707-291-2901**

**2900 Hilltop Mall Rd, Richmond, CA 94806**







## ਇਕ ਵਾਰ ਜ਼ਰੂਰ ਆ ਕੇ ਕਾਰ ਧੁਆਓ ਜੀ

# ਬਹੁਤ ਤੇਜੀ ਨਾਲ ਬਦਲ ਰਿਹਾ ਹੈ ਜੰਗਾਂ-ਯੁੱਧਾਂ ਦਾ ਤਰੀਕਾ



ਤਰਲੋਚਨ ਸਿੰਘ ਭੱਟੀ

ਡ੍ਰੋਨ, ਜਿਨ੍ਹਾਂ ਨੂੰ ਮਾਨਵ ਰਹਿਤ ਹਵਾਈ ਵਾਹਨ ਵੀ ਕਿਹਾ ਜਾਂਦਾ ਹੈ, ਨੇ ਆਧੁਨਿਕ ਖ਼ੁਫ਼ੀਆ ਅਤੇ ਜੰਗੀ ਰਣਨੀਤੀਆਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਹ ਤਕਨੀਕ ਸੈਨਿਕ ਅਤੇ ਖ਼ੁਫ਼ੀਆ ਏਜੰਸੀਆਂ ਲਈ ਇਕ ਮਹੱਤਵਪੂਰਨ ਸਾਧਨ ਬਣ ਗਈ ਹੈ। ਡ੍ਰੋਨ ਦੀ ਸਭ ਤੋਂ ਵੱਡੀ ਵਰਤੋਂ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨ ਵਿਚ ਹੁੰਦੀ ਹੈ।

ਇਹ ਉੱਚ ਰੈਜ਼ੁਲੇਸ਼ਨ ਕੈਮਰਿਆਂ, ਸੈਂਸਰਾਂ ਅਤੇ ਰਾਡਾਰ ਨਾਲ ਲੈਸ ਹੁੰਦੇ ਹਨ ਜੋ ਦੁਸ਼ਮਣ ਦੇ ਖੇਤਰਾਂ, ਸੈਨਿਕ ਅੱਡਿਆਂ ਅਤੇ ਹੋਰ ਸੰਵੇਦਨਸ਼ੀਲ ਸਥਾਨਾਂ ਦੀ ਨਿਗਰਾਨੀ ਕਰ ਸਕਦੇ ਹਨ। ਇਹ ਰੀਅਲ ਟਾਈਮ ਵੀਡੀਓ ਅਤੇ ਡਾਟਾ ਪ੍ਰਦਾਨ ਕਰਦੇ ਹਨ ਜੋ ਸੈਨਿਕ ਰਣਨੀਤੀਆਂ ਬਣਾਉਣ ਵਿਚ ਮਦਦ ਕਰਦੇ ਹਨ।

ਉਦਾਹਰਨ ਦੇ ਤੌਰ 'ਤੇ ਅਮਰੀਕੀ ਡ੍ਰੋਨ ਐੱਮਕਿਊ-9 ਰੀਪਰ ਅਤੇ ਇਜ਼ਰਾਈਲ ਦਾ ਡਾਰੁਪ ਡ੍ਰੋਨ ਜਾਸੂਸੀ ਅਤੇ ਨਿਗਰਾਨੀ ਲਈ ਵਿਆਪਕ ਤੌਰ 'ਤੇ ਵਰਤੇ ਜਾਂਦੇ ਹਨ। ਇਸ ਦੇ ਨਾਲ ਹੀ ਸੁਰੱਖਿਅਤ ਅਤੇ ਗੁਪਤ ਆਪ੍ਰੇਸ਼ਨਾਂ ਵਿਚ ਡ੍ਰੋਨ ਮਨੁੱਖੀ ਜਾਸੂਸੀ ਦੀ ਜ਼ਰੂਰਤ ਅਤੇ ਖ਼ਤਰੇ ਨੂੰ ਘਟਾਉਂਦੇ ਹਨ ਜਿਸ ਨਾਲ ਖ਼ਤਰਨਾਕ ਇਲਾਕਿਆਂ ਵਿਚ ਜਾਨ ਦਾ ਜੋਖ਼ਮ ਘੱਟ ਹੁੰਦਾ ਹੈ। ਇਹ ਰਾਤ ਦੇ ਸਮੇਂ ਜਾਂ ਮਾੜੇ ਮੌਸਮ ਵਿਚ ਵੀ ਕੰਮ ਕਰ ਸਕਦੇ ਹਨ ਜੋ ਗੁਪਤ ਮਿਸ਼ਨਾਂ ਲਈ ਆਦਰਸ਼ ਹੈ। ਡ੍ਰੋਨਾਂ ਦੇ ਵੱਖ-ਵੱਖ ਦੇਸ਼ਾਂ ਵਿਚ ਅੱਤਵਾਦੀ ਅਤੇ ਵੱਖਵਾਦੀ ਸੰਗਠਨਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸੰਚਾਰ ਸਿਗਨਲਾਂ ਨੂੰ ਫੜਨ ਅਤੇ ਵਿਸ਼ਲੇਸ਼ਣ ਕਰਨ ਦੀ ਡ੍ਰੋਨ ਸਮਰੱਥਾ ਰੱਖਦੇ ਹਨ ਜਿਸ ਨਾਲ ਦੁਸ਼ਮਣ ਦੀਆਂ ਯੋਜਨਾਵਾਂ ਅਤੇ ਸੰਚਾਰ ਪ੍ਰਣਾਲੀਆਂ ਬਾਰੇ ਸੰਚਾਰ ਅਤੇ ਇੰਟੈਲੀਜੈਂਸ ਬਾਰੇ ਜਾਣਕਾਰੀ ਮਿਲਦੀ ਹੈ। ਜੀਪੀਐੱਸ ਅਤੇ ਏਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਨਾਲ ਡ੍ਰੋਨ ਸਹੀ ਅਤੇ ਤੇਜ਼ ਜਾਣਕਾਰੀ ਪ੍ਰਦਾਨ ਕਰਦੇ ਹਨ।

ਜ਼ਿਕਰਯੋਗ ਹੈ ਕਿ ਡ੍ਰੋਨ ਨੂੰ ਸਵੈ-ਚਲਿਤ ਹਥਿਆਰਾਂ ਵਜੋਂ ਵੀ ਵਰਤਿਆ ਜਾਂਦਾ ਹੈ ਜੋ ਲੰਬੇ ਸਮੇਂ ਤੱਕ ਹਵਾ ਵਿਚ ਚੱਕਰ ਲਗਾ ਸਕਦੇ ਹਨ। ਜਦੋਂ ਟੀਚਾ ਮਿਲੇ ਤਾਂ ਸਿੱਧਾ ਹਮਲਾ ਕਰਦੇ ਹਨ। ਉਦਾਹਰਨ ਵਜੋਂ ਇਜ਼ਰਾਈਲ ਦੇ ਹਾਰੋਪ ਡ੍ਰੋਨ ਦੁਸ਼ਮਣ ਦੇ ਰਾਡਾਰ ਸਿਸਟਮ, ਕਮਾਂਡ ਸੈਂਟਰ ਅਤੇ ਹੋਰ ਮਹੱਤਵਪੂਰਨ ਟੀਚਿਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਯੂਕਰੇਨ-ਰੂਸ ਜੰਗ ਵਿਚ ਯੂਕਰੇਨ ਦੇ ਡ੍ਰੋਨਾਂ ਨੇ ਰੂਸ ਦੀਆਂ 12 ਤੋਂ ਵੱਧ ਰਿਫਾਇਨਰੀਆਂ ਅਤੇ ਰਾਡਾਰ ਸਿਸਟਮਾਂ ਨੂੰ ਨੁਕਸਾਨ ਪਹੁੰਚਾਇਆ।

ਟੀਚੇ 'ਤੇ ਸਟੀਕ ਹਮਲੇ ਵੇਲੇ ਮਿਜ਼ਾਈਲਾਂ ਅਤੇ ਬੰਬਾਂ ਨਾਲ ਲੈਸ ਹੁੰਦੇ ਹਨ ਜੋ ਖ਼ਾਸ ਟੀਚਿਆਂ ਨੂੰ ਘੱਟ ਨੁਕਸਾਨ ਨਾਲ ਨਿਸ਼ਾਨਾ ਬਣਾਉਂਦੇ ਹਨ। ਇਹ ਸੈਨਿਕ ਅੱਡਿਆਂ, ਵਾਹਨਾਂ ਅਤੇ ਹਥਿਆਰ ਡੀਪੂਆਂ 'ਤੇ ਹਮਲਾ ਕਰਨ ਵਿਚ ਮੁਹਾਰਤ ਰੱਖਦੇ ਹਨ। ਮਸਲਨ, ਅਮਰੀਕੀ ਡ੍ਰੋਨ ਨੇ 2020 ਵਿਚ ਈਰਾਨ ਦੇ ਜਨਰਲ ਸੁਲੇਮਾਨੀ 'ਤੇ ਸਟੀਕ ਹਮਲਾ ਕੀਤਾ ਸੀ।

ਕੁਝ ਮਾਮਲਿਆਂ ਵਿਚ ਡ੍ਰੋਨ ਨੂੰ ਰਸਾਇਣਕ ਹਥਿਆਰਾਂ ਨੂੰ ਛੱਡਣ ਲਈ ਵੀ ਵਰਤਿਆ ਜਾਂਦਾ ਹੈ ਜੋ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਹੈ। ਡ੍ਰੋਨ ਦੀ ਵਰਤੋਂ ਸੁਰੱਖਿਆ, ਸਟੀਕਤਾ, ਗੁਪਤਤਾ ਅਤੇ ਬਹੁ-ਮੁਖੀ ਕੰਮਾਂ ਲਈ ਕੀਤੀ ਜਾਂਦੀ ਹੈ। ਡ੍ਰੋਨ ਦੀ ਵਰਤੋਂ ਸਬੰਧੀ ਕੁਝ ਚੁਣੌਤੀਆਂ ਅਤੇ ਖ਼ਤਰੇ ਵੀ ਹਨ ਜਿਵੇਂ ਨੈਤਿਕ ਮੁੱਦੇ, ਸੁਰੱਖਿਆ, ਖ਼ਤਰੇ ਅਤੇ ਰਸਾਇਣਕ ਹਥਿਆਰਾਂ ਦੀ ਵਰਤੋਂ।



ਜੇਕਰ ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਦੀ ਗੱਲ ਕੀਤੀ ਜਾਵੇ ਤਾਂ ਦੋਵਾਂ ਦੇਸ਼ਾਂ ਨੇ ਡ੍ਰੋਨ ਤਕਨੀਕ ਨੂੰ ਵਿਕਸਤ ਕਰਨ ਵਿਚ ਕਾਫ਼ੀ ਨਿਵੇਸ਼ ਕੀਤਾ ਹੈ। ਸਰਹੱਦੀ ਨਿਗਰਾਨੀ ਅਤੇ ਸੈਨਿਕ ਮਿਸ਼ਨਾਂ ਲਈ ਭਾਰਤ ਦੀ ਡੀਆਰਡੀਓ ਨੇ 'ਰੁਸਤਮ' ਅਤੇ 'ਘਾਤਕ' ਡ੍ਰੋਨ ਵਿਕਸਤ ਕੀਤੇ ਹਨ। ਇਜ਼ਰਾਈਲ-ਈਰਾਨ, ਯੂਕਰੇਨ-ਰੂਸ ਅਤੇ ਭਾਰਤ-ਪਾਕਿਸਤਾਨ ਫ਼ੌਜੀ ਟਕਰਾਅ ਅਤੇ ਜੰਗਾਂ ਵਿਚ ਡ੍ਰੋਨਾਂ ਦੀ ਖੁੱਲ੍ਹ ਕੇ ਵਰਤੋਂ ਹੋਈ ਹੈ। ਪਿਛਲੇ ਕਈ ਦਹਾਕਿਆਂ ਵਿਚ ਤਕਨੀਕੀ ਤਰੱਕੀ ਦਾ ਇਕ ਮਹੱਤਵਪੂਰਨ ਹਿੱਸਾ ਜਿਸ ਵਿਚ ਸੰਚਾਰ ਅਤੇ ਏਆਈ ਦੀ ਵਰਤੋਂ ਹੁੰਦੀ ਹੈ, ਸ਼ੁਰੂਆਤੀ ਦੌਰ ਵੇਲੇ ਸਾਧਾਰਨ ਰਿਮੋਟ-ਕੰਟਰੋਲ ਸਿਸਟਮ ਤੋਂ ਲੈ ਕੇ ਅਜੋਕੇ, ਏਆਈ ਸੰਚਾਲਿਤ, ਸਵੈ-ਚਾਲਿਤ ਅਤੇ ਸਵਾਰਮਿੰਗ ਡ੍ਰੋਨਾਂ ਤੱਕ, ਇਸ ਤਕਨੀਕ ਦਾ ਤੇਜ਼ੀ ਨਾਲ ਵਿਕਾਸ ਹੋਇਆ ਹੈ।

ਡ੍ਰੋਨਾਂ ਦੇ ਤਕਨੀਕੀ ਵਿਕਾਸ ਵੱਲ ਜੇਕਰ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ 1916-19 ਵਿਚ ਪਹਿਲੇ ਵਿਸ਼ਵ ਯੁੱਧ ਦੌਰਾਨ ਸੰਯੁਕਤ ਰਾਜ ਅਮਰੀਕਾ ਨੇ 'ਕੈਟਰਿੰਗ ਬੱਗ' ਨਾਂ ਦਾ ਸਾਧਾਰਨ ਡ੍ਰੋਨ ਵਿਕਸਤ ਕੀਤਾ ਜੋ ਇਕ ਆਟੋਮੈਟਿਕ ਹਥਿਆਰ ਸੀ ਜੋ ਸੀਮਤ ਸੀਮਾ ਤੇ ਸਟੀਕਤਾ ਵਾਲਾ ਸੀ ਜਦਕਿ ਦੂਸਰੇ ਵਿਸ਼ਵ ਯੁੱਧ ਦੌਰਾਨ ਰੇਡੀਓ ਕੰਟਰੋਲਡ ਡ੍ਰੋਨ ਨੂੰ ਨਿਸ਼ਾਨਾ ਅਭਿਆਸ ਅਤੇ ਜਾਸੂਸੀ ਲਈ ਵਰਤਿਆ ਗਿਆ।

ਸੰਨ 1960-70 ਦੌਰਾਨ ਸ਼ੀਤ ਯੁੱਧ ਵੇਲੇ ਅਮਰੀਕਾ ਅਤੇ ਸੋਵੀਅਤ ਸੰਘ ਨੇ ਨਿਗਰਾਨੀ ਲਈ ਡ੍ਰੋਨ ਵਿਕਸਤ ਕੀਤੇ। ਆਧੁਨਿਕ ਸਮੇਂ(1980-2025) ਵੇਲੇ ਸੈਂਸਰ ਅਤੇ ਜੀਪੀਐੱਸ ਦੇ ਵਿਕਾਸ ਨਾਲ ਡ੍ਰੋਨ ਦੀ ਸਟੀਕਤਾ ਅਤੇ ਸੀਮਾ ਨੂੰ ਵਧਾਇਆ ਗਿਆ। ਲਿਬਨਾਨ ਤੇ ਅਫ਼ਗਾਨਿਸਤਾਨ ਜੰਗਾਂ ਵਿਚ ਇਸ ਦੀ ਵਰਤੋਂ ਕੀਤੀ ਗਈ।

ਸੰਨ 2000-2010 ਵੇਲੇ ਏਆਈ ਅਤੇ ਆਟੋਮੇਸ਼ਨ ਤਕਨੀਕ ਦੀ ਵਰਤੋਂ ਡ੍ਰੋਨ ਦੇ ਵਿਕਾਸ ਵਿਚ ਤੇਜ਼ੀ ਲਿਆਈ ਜਿਸ ਨਾਲ ਡ੍ਰੋਨ ਨੇ ਰੀਅਲ ਟਾਈਮ ਨਿਗਰਾਨੀ ਅਤੇ ਸਟੀਕ ਹਮਲਿਆਂ ਦੀ ਸਮਰੱਥਾ ਦਿਖਾਈ। ਛੋਟੇ ਡ੍ਰੋਨ, ਮਿੰਨੀ ਅਤੇ ਮਾਈਕਰੋ ਡ੍ਰੋਨ ਦਾ ਵਿਕਾਸ ਹੋਣ ਲੱਗਾ ਜੋ ਖ਼ੁਫ਼ੀਆ ਮਿਸ਼ਨਾਂ ਅਤੇ ਸੰਵੇਦਨਸ਼ੀਲ ਸਥਾਨਾਂ ਸਬੰਧੀ ਵਰਤੇ ਜਾਣ ਲੱਗੇ।

ਵਰਤਮਾਨ ਪੜਾਅ (2010-2025) ਸਮੇਂ ਡ੍ਰੋਨ ਸਵਰਮ ਤਕਨੀਕ ਦੇ ਵਿਕਾਸ ਨਾਲ ਸੈਂਕੜੇ ਡ੍ਰੋਨ ਇਕੱਠੇ ਵਰਤੇ ਜਾਣ ਲੱਗੇ। ਏਆਈ ਲੈਸ ਡ੍ਰੋਨ ਹੁਣ ਟੀਚਿਆਂ ਨੂੰ ਖ਼ੁਦ ਪਛਾਣ ਸਕਦੇ ਹਨ, ਖ਼ੁਦ ਫ਼ੈਸਲਾ ਲੈ ਸਕਦੇ ਹਨ ਅਤੇ ਬਿਨਾਂ ਮਨੁੱਖੀ ਦਖ਼ਲ ਦੇ ਮਿਸ਼ਨ ਪੂਰਾ ਕਰ ਸਕਦੇ ਹਨ। ਹੁਣ ਹਵਾ, ਜ਼ਮੀਨ ਅਤੇ ਪਾਣੀ ਵਿਚ ਵੀ ਕੰਮ ਕਰ ਸਕਦੇ ਹਨ। ਡ੍ਰੋਨਾਂ ਵਿਚ ਹੁਣ ਉੱਚ ਰੈਜ਼ੂਲੇਸ਼ਨ ਕੈਮਰੇ (ਥਰਮਲ ਇੰਫਰਾਰੈਡ ਅਤੇ ਮਲਟੀ ਸਪੈਕਟਰਲ ਕੈਮਰੇ) ਹੁੰਦੇ ਹਨ ਜੋ ਰਾਤ ਜਾਂ ਮਾੜੇ ਮੌਸਮ ਵਿਚ ਵੀ ਨਿਗਰਾਨੀ ਕਰ ਸਕਦੇ ਹਨ। ਲੀਡਰ ਅਤੇ ਰਾਡਾਰ ਤਕਨੀਕ ਰਾਹੀਂ 3ਡੀ ਮੈਪਿੰਗ ਅਤੇ ਰੁਕਾਵਟਾਂ ਦਾ ਪਤਾ ਲਗਾਉਣ, ਸਿਗਨਲ, ਇੰਟੈਲੀਜੈਂਸ, ਸੰਚਾਰ ਸਿਗਨਲ ਫੜਨ ਅਤੇ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਰੱਖਦੇ ਹਨ ਅਤੇ ਏਆਈ ਦੀ ਵਰਤੋਂ ਨਾਲ ਡ੍ਰੋਨ ਆਟੋਮੈਟਿਕ ਨੇਵੀ-ਗੇਸ਼ਨ, ਟੀਚਾ ਪਛਾਣ ਅਤੇ ਸਟੀਕ ਹਮਲੇ ਕਰ ਸਕਦੇ ਹਨ ਅਤੇ ਇਕ-ਦੂਜੇ ਨਾਲ ਸੰਚਾਰ ਕਰ ਕੇ ਸੰਯੁਕਤ ਮਿਸ਼ਨ ਪੂਰਾ ਕਰ ਸਕਦੇ ਹਨ। ਲੰਬੀ ਉਡਾਨ ਸਮੇਂ ਸੋਲਰ-ਸੰਚਾਲਿਤ ਅਤੇ ਹਾਈ ਕਪੈਸਟੀ ਲੀਥੀਅਮ ਆਇਨ ਬੈਟਰੀਆਂ ਨਾਲ ਹੁਣ ਡ੍ਰੋਨ 24 ਤੋਂ 48 ਘੰਟਿਆਂ ਤੱਕ ਉੱਡ ਸਕਦੇ ਹਨ। ਡੀਜ਼ਲ ਅਤੇ ਇਲੈਕਟ੍ਰਿਕ ਸੰਯੋਗ ਨਾਲ ਲੰਬੀ ਸੀਮਾ ਅਤੇ ਭਾਰ ਚੁੱਕਣ ਅਤੇ ਉਡਾਨ ਭਰਨ ਦੇ ਸਮਰੱਥ ਵੀ ਹਨ। ਅਮਰੀਕਾ, ਚੀਨ ਅਤੇ ਰੂਸ ਵੱਲੋਂ ਹਾਈਪਰਸੋਨਿਕ ਡ੍ਰੋਨ ਵਿਕਸਤ ਕੀਤੇ ਜਾ ਰਹੇ ਹਨ ਜੋ ਮੈਕ 5 (ਆਵਾਜ਼ ਦੀ ਗਤੀ ਤੋਂ ਪੰਜ ਗੁਣਾ ਤੇਜ਼) ਨਾਲ ਉਡਾਨ ਭਰ ਸਕਦੇ ਹਨ ਅਤੇ ਜ਼ਮੀਨ ਤੇ ਸਮੁੰਦਰ ਅੰਦਰ ਵੀ ਕੰਮ ਕਰ ਸਕਦੇ ਹਨ। ਇਸ ਦੇ ਨਾਲ ਹੀ ਸੋਲਰ ਅਤੇ ਸਪੇਸ ਡ੍ਰੋਨ ਵੀ ਵਿਕਸਤ ਹੋ ਰਹੇ ਹਨ ਜੋ ਹਫ਼ਤਿਆਂ ਤੱਕ ਪਲਾੜ ਵਿਚ ਉੱਡ ਸਕਦੇ ਹਨ। ਹਾਈਪਰਸੋਨਿਕ ਤਕਨੀਕ ਵਿਚ ਪ੍ਰਵੇਸ਼ ਕਰ ਕੇ ਭਾਰਤ ਵੀ ਅਮਰੀਕਾ, ਰੂਸ ਅਤੇ ਚੀਨ ਵਰਗੇ ਦੇਸ਼ਾਂ ਦੀ ਕਤਾਰ ਵਿਚ ਖੜ੍ਹਾ ਹੋ ਗਿਆ ਹੈ ਜਿਸ ਕਾਰਨ ਭਾਰਤ ਦੀ ਰਣਨੀਤਕ ਸੁਰੱਖਿਆ, ਤੇਜ਼ ਜਵਾਬੀ ਸਮਰੱਥਾ ਅਤੇ ਤਕਨੀਕੀ ਉੱਤਮਤਾ ਵਧ ਰਹੀ ਹੈ।

ਖ਼ੁਫ਼ੀਆ ਯੋਜਨਾਵਾਂ ਅਤੇ ਜੰਗਾਂ ਵਿਚ ਡ੍ਰੋਨਾਂ ਦੀ ਵਰਤੋਂ ਨੂੰ ਵੇਖਦੇ ਹੋਏ ਮੰਨਣਾ ਪਵੇਗਾ ਕਿ ਡ੍ਰੋਨ ਅਤੇ ਹਾਈਪਰਸੋਨਿਕ ਹਥਿਆਰਾਂ ਨੇ ਅਜੋਕੇ ਯੁੱਧਾਂ ਵਿਚ ਤੇਜ਼ੀ, ਸਟੀਕਤਾ ਅਤੇ ਉਚੇਰੀ ਰਣਨੀਤਕ ਸਮਰੱਥਾ ਪ੍ਰਦਾਨ ਕੀਤੀ ਹੈ।

'ਆਪ੍ਰੇਸ਼ਨ ਸਿੰਧੂਰ' ਨੇ ਵੀ ਭਾਰਤ ਨੂੰ ਸਿਖਾਇਆ ਹੈ ਕਿ ਇੱਕੋ ਸਮੇਂ ਇਕ ਤੋਂ ਵੱਧ ਦੁਸ਼ਮਣ ਦੇਸ਼ਾਂ ਨਾਲ ਆਪਣੀ ਹਵਾਈ ਅਤੇ ਡ੍ਰੋਨ ਸ਼ਕਤੀ ਰਾਹੀਂ ਕਿਵੇਂ ਨਜਿੱਠਿਆ ਜਾਣਾ ਹੈ। ਪਾਕਿਸਤਾਨ ਵੱਲੋਂ ਭਾਰਤ ਖ਼ਿਲਾਫ਼ ਤੁਰਕੀ ਦੇ ਹਜ਼ਾਰਾਂ ਡ੍ਰੋਨ ਵਰਤੇ ਗਏ ਜੋ ਭਾਰਤ ਦੇ ਐੱਸ-400 ਡਿਫੈਂਸ ਸਿਸਟਮ ਨੇ ਹਵਾ ਵਿਚ ਹੀ ਤਬਾਹ ਕਰ ਦਿੱਤੇ ਸਨ ਤੇ ਮੁਲਕ ਵਿਚ ਇਨ੍ਹਾਂ ਕਾਰਨ ਹੋਣ ਵਾਲੀ ਵੱਡੀ ਤਬਾਹੀ ਰੋਕ ਦਿੱਤੀ ਸੀ। ਹਾਲ ਹੀ ਵਿਚ ਭਾਰਤ ਦੇ ਇਕ ਉੱਚ ਫ਼ੌਜੀ ਅਫ਼ਸਰ ਨੇ ਬਿਲਕੁਲ ਦਰੁਸਤ ਫੁਰਮਾਇਆ ਹੈ ਕਿ ਪੁਰਾਣੇ ਹਥਿਆਰਾਂ ਦੇ ਬਲਬੂਤੇ ਅਜੋਕੀ ਜੰਗ ਜਿੱਤਣੀ ਨਾਮੁਮਕਿਨ ਹੈ। ਇਸ ਦੇ ਨਾਲ ਹੀ ਇਸ ਕਥਨ ਦੀ ਵੀ ਪੁਸ਼ਟੀ ਹੁੰਦੀ ਹੈ ਕਿ ਅਮਨ-ਅਮਾਨ ਰੱਖਣ ਵਾਸਤੇ ਜੰਗ ਲਈ ਤਿਆਰ ਰਹਿਣਾ ਵੀ ਜ਼ਰੂਰੀ ਹੈ।

# 3 ਤੋਂ 5 ਹਜਾਰ ਲੀਟਰ ਪਾਣੀ ਪੀ ਕੇ ਮਿਲਦੇ ਨੇ ਇੱਕ ਕਿੱਲੋ ਚੌਲ

ਚੌਲ ਦੁਨੀਆਂ ਦੀ ਅੱਧੀ ਆਬਾਦੀ ਲਈ ਇਹ ਨਾ ਸਿਰਫ਼ ਰੋਜ਼ਾਨਾ ਖੁਰਾਕ ਦਾ ਹਿੱਸਾ ਹੈ, ਸਗੋਂ ਸੱਭਿਆਚਾਰ, ਰਵਾਇਤਾਂ ਅਤੇ ਵਿੱਤੀ ਨਿਰਭਰਤਾ ਦਾ ਪ੍ਰਤੀਕ ਵੀ ਹੈ। ਫਿਲੀਪੀਨਜ਼ ਦੀ ਰਾਜਧਾਨੀ ਮਨੀਲਾ ਵਿੱਚ ਬਿਆਨਕਾ ਵਿਲਾਨੁਏਵਾ ਦਾ ਕਹਿਣਾ ਹੈ, "ਚੌਲ ਸਾਡੇ ਪਕਵਾਨਾਂ ਦੀ ਧੜਕਣ ਹਨ। ਇਸਦੀ ਅਹਿਮੀਅਤ ਮੁੱਖ ਭੋਜਨ ਨਾਲੋਂ ਕਿਤੇ ਜ਼ਿਆਦਾ ਹੈ। ਇਹ ਸਾਡੇ ਸੱਭਿਆਚਾਰ ਦੀ ਨੀਂਹ ਹੈ।" ਉਹ ਕਹਿੰਦੇ ਹਨ, "ਜ਼ਿਆਦਾਤਰ ਫਿਲੀਪਾਈਨ ਲੋਕ ਦਿਨ ਵਿੱਚ ਤਿੰਨ ਵਾਰ ਚੌਲ ਖਾਂਦੇ ਹਨ, ਨਾਸ਼ਤਾ, ਦੁਪਹਿਰ ਦਾ ਖਾਣਾ ਅਤੇ ਰਾਤ ਦਾ ਖਾਣਾ।" "ਮਿਠਾਈਆਂ ਵਿੱਚ ਵੀ ਚੌਲ ਸ਼ਾਮਲ ਹੁੰਦੇ ਹਨ। ਮੈਨੂੰ ਸਟਿੱਕੀ ਚੌਲ ਬਹੁਤ ਪਸੰਦ ਹਨ ਕਿਉਂਕਿ ਇਹ ਤਕਰੀਬਨ ਹਰ ਰਵਾਇਤੀ ਮਠਿਆਈ ਵਿੱਚ ਹੁੰਦੇ ਹਨ।" ਪਰ ਹੁਣ ਜਲਵਾਯੂ ਪਰਿਵਰਤਨ ਦਾ ਪ੍ਰਭਾਵ ਵੱਧ ਰਿਹਾ ਹੈ ਅਤੇ ਇਸ ਦੇ ਨਾਲ ਇਹ ਸਵਾਲ ਵੀ ਉੱਠਿਆ ਹੈ ਕਿ ਕੀ ਸਾਨੂੰ ਚੌਲਾਂ ਦਾ ਸੇਵਨ ਘੱਟ ਕਰਨਾ ਚਾਹੀਦਾ ਹੈ?

ਸੰਯੁਕਤ ਰਾਸ਼ਟਰ ਦੇ ਖੁਰਾਕ ਅਤੇ ਖੇਤੀਬਾੜੀ ਸੰਗਠਨ ਦੇ ਮੁਤਾਬਕ ਖਾਣ ਯੋਗ ਪੌਦਿਆਂ ਦੀਆਂ 50,000 ਤੋਂ ਵੱਧ ਕਿਸਮਾਂ ਹਨ, ਹਾਲਾਂਕਿ ਦੁਨੀਆਂ ਦੀਆਂ 90 ਫ਼ੀਸਦ ਭੋਜਨ ਲੋੜਾਂ ਸਿਰਫ਼ 15 ਫ਼ਸਲਾਂ ਨਾਲ ਹੀ ਪੂਰੀਆਂ ਕੀਤੀਆਂ ਜਾਂਦੀਆਂ ਹਨ। ਚੌਲ, ਕਣਕ ਅਤੇ ਮੱਕੀ ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਫ਼ਸਲਾਂ ਹਨ। ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ (ਆਈ ਆਰ ਆਰ ਆਈ) ਦੇ ਡਾਇਰੈਕਟਰ ਜਨਰਲ ਡਾਕਟਰ ਇਵਾਨ ਪਿੰਟੋ ਕਹਿੰਦੇ ਹਨ, "ਦੁਨੀਆਂ ਦੀ ਕੁੱਲ ਆਬਾਦੀ ਦਾ 50 ਤੋਂ 56 ਫ਼ੀਸਦ ਆਪਣੇ ਮੁੱਖ ਭੋਜਨ ਲਈ ਚੌਲਾਂ 'ਤੇ ਨਿਰਭਰ ਕਰਦਾ ਹੈ।" ਇਸ ਦਾ ਮਤਲਬ ਹੈ ਕਿ ਤਕਰੀਬਨ ਚਾਰ ਅਰਬ ਲੋਕ ਹਰ ਰੋਜ਼ ਚੌਲ ਆਪਣੇ ਮੁੱਖ ਭੋਜਨ ਵਜੋਂ ਖਾਂਦੇ ਹਨ। ਦੱਖਣੀ ਅਤੇ ਦੱਖਣ-ਪੂਰਬੀ ਏਸ਼ੀਆ ਵਿੱਚ ਚੌਲ ਵੱਡੇ ਪੱਧਰ 'ਤੇ ਉਗਾਏ ਜਾਂਦੇ ਹਨ। ਜਦੋਂ ਕਿ ਇਸ ਦੀ ਮੰਗ ਅਫ਼ਰੀਕਾ ਵਿੱਚ ਵੀ ਵੱਧ ਰਹੀ ਹੈ ਅਤੇ ਇਸ ਦੀਆਂ ਕੁਝ ਕਿਸਮਾਂ ਯੂਰਪ ਅਤੇ ਦੱਖਣੀ ਅਮਰੀਕਾ ਵਿੱਚ ਵੀ ਉਗਾਈਆਂ ਜਾਂਦੀਆਂ ਹਨ।

ਸਪੇਨ ਦੀ ਬਹੁ-ਰਾਸ਼ਟਰੀ ਕੰਪਨੀ ਐਬਰੋ ਫੂਡਜ਼ ਦੀ ਮਲਕੀਅਤ ਵਾਲੀ ਯੂਕੇ-ਅਧਾਰਤ ਚੌਲਾਂ ਦੀ ਕੰਪਨੀ ਟਿਲਡਾ ਦੇ ਪ੍ਰਬੰਧ ਨਿਰਦੇਸ਼ਕ ਜੀਨ-ਫਿਲਿਪ ਲੈਬੋਰਡੇ ਦੱਸਦੇ ਹਨ, "ਝੋਨੇ ਨੂੰ ਬਹੁਤ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ।" ਉਹ ਕਹਿੰਦੇ ਹਨ, "ਇੱਕ ਕਿੱਲੋਗ੍ਰਾਮ ਚੌਲ ਉਗਾਉਣ ਲਈ ਤਕਰੀਬਨ 3,000 ਤੋਂ 5,000 ਲੀਟਰ ਪਾਣੀ ਲੱਗਦਾ ਹੈ। ਇਹ ਬਹੁਤ ਜ਼ਿਆਦਾ ਹੈ।" ਜ਼ਿਆਦਾਤਰ ਚੌਲਾਂ ਦੀਆਂ ਫ਼ਸਲਾਂ ਹੜ੍ਹ-ਸੰਭਾਵੀ ਇਲਾਕਿਆਂ ਵਿੱਚ ਉਗਾਈਆਂ ਜਾਂਦੀਆਂ ਹਨ, ਖ਼ਾਸ ਕਰਕੇ ਦੱਖਣੀ ਅਤੇ ਦੱਖਣ-ਪੂਰਬੀ ਏਸ਼ੀਆ ਵਿੱਚ। ਇਹ ਤਰੀਕਾ ਚੌਲਾਂ ਦੀ ਕਾਸ਼ਤ ਲਈ ਅਨੁਕੂਲ ਮੰਨਿਆ ਜਾਂਦਾ ਹੈ ਪਰ ਇਹ ਘੱਟ ਆਕਸੀਜਨ ਵਾਲਾ ਵਾਤਾਵਰਣ ਬਣਾਉਂਦਾ ਹੈ, ਜਿਸ ਨੂੰ ਐਨਾਇਰੋਬਿਕ ਸਥਿਤੀਆਂ ਕਿਹਾ ਜਾਂਦਾ ਹੈ। ਡਾਕਟਰ ਇਵਾਨ ਪਿੰਟੋ ਮੁਤਾਬਕ, "ਜਦੋਂ ਖੇਤਾਂ ਵਿੱਚ ਪਾਣੀ ਭਰ ਜਾਂਦਾ ਹੈ ਤਾਂ ਉੱਥੇ ਮੌਜੂਦ ਸੂਖ਼ਮ ਜੀਵ ਵੱਡੀ ਮਾਤਰਾ ਵਿੱਚ ਮੀਥੇਨ ਗੈਸ ਪੈਦਾ ਕਰਦੇ ਹਨ।" ਕੌਮਾਂਤਰੀ ਊਰਜਾ ਏਜੰਸੀ ਮੁਤਾਬਕ, ਮੀਥੇਨ ਇੱਕ ਸ਼ਕਤੀਸ਼ਾਲੀ ਗ੍ਰੀਨ ਹਾਊਸ ਗੈਸ ਹੈ, ਜੋ ਕੁੱਲ ਵਿਸ਼ਵ ਤਾਪਮਾਨ ਵਾਧੇ ਦੇ ਤਕਰੀਬਨ 30 ਫ਼ੀਸਦ ਲਈ ਜ਼ਿੰਮੇਵਾਰ ਹੈ। ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ ਦਾ ਅੰਦਾਜ਼ਾ ਹੈ ਕਿ ਚੌਲਾਂ ਦਾ ਉਤਪਾਦਨ ਵਿਸ਼ਵ ਖੇਤੀਬਾੜੀ ਖੇਤਰ ਤੋਂ ਕੁੱਲ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਦਾ ਤਕਰੀਬਨ 10 ਫ਼ੀਸਦ ਬਣਦਾ ਹੈ।



ਟਿਲਡਾ ਘੱਟ ਪਾਣੀ ਨਾਲ ਝੋਨਾ ਉਗਾਉਣ ਲਈ ਇੱਕ ਨਵੀਂ ਤਕਨੀਕ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਨੂੰ 'ਅਲਟਰਨੇਟ ਵੈਟਿੰਗ ਐਂਡ ਡ੍ਰਾਇੰਗ' (ਏਡਬਲਿਊਡੀ) ਕਿਹਾ ਜਾਂਦਾ ਹੈ। ਇਸ ਤਕਨੀਕ ਵਿੱਚ ਖੇਤ ਦੀ ਸਤ੍ਹਾ ਤੋਂ 15 ਸੈਂਟੀਮੀਟਰ ਹੇਠਾਂ ਇੱਕ ਪਾਈਪ ਲਗਾਈ ਜਾਂਦੀ ਹੈ। ਪੂਰੇ ਖੇਤ ਵਿੱਚ ਲਗਾਤਾਰ ਪਾਣੀ ਭਰਨ ਦੀ ਬਜਾਏ, ਕਿਸਾਨ ਪਾਈਪ ਦੇ ਅੰਦਰਲਾ ਪਾਣੀ ਪੂਰੀ ਤਰ੍ਹਾਂ ਸੁੱਕ ਜਾਣ 'ਤੇ ਸਿੰਚਾਈ ਕਰਦੇ ਹਨ। ਟਿਲਡਾ ਦੇ ਪ੍ਰਬੰਧ ਨਿਰਦੇਸ਼ਕ ਜੀਨ-ਫਿਲਿਪ ਲੈਬੋਰਡੇ ਦੱਸਦੇ ਹਨ, "ਆਮ ਤੌਰ 'ਤੇ ਇੱਕ ਫ਼ਸਲੀ ਚੱਕਰ ਦੌਰਾਨ 25 ਸਿੰਜਾਈਆਂ ਦੀ ਲੋੜ ਹੁੰਦੀ ਹੈ, ਪਰ ਏਡਬਲਿਊਡੀ ਤਕਨਾਲੋਜੀ ਨਾਲ ਇਸ ਨੂੰ 20 ਤੱਕ ਘਟਾਇਆ ਜਾ ਸਕਦਾ ਹੈ।"

"ਪੰਜ ਸਿੰਜਾਈਆਂ ਨੂੰ ਬਚਾਉਣ ਨਾਲ, ਨਾ ਸਿਰਫ਼ ਪਾਣੀ ਦੀ ਬੱਚਤ ਹੁੰਦੀ ਹੈ, ਸਗੋਂ ਮੀਥੇਨ ਦੇ ਨਿਕਾਸ ਨੂੰ ਵੀ ਘਟਾਇਆ ਜਾਂਦਾ ਹੈ।" ਸਾਲ 2024 ਵਿੱਚ ਟਿਲਡਾ ਨੇ ਇਸ ਤਕਨਾਲੋਜੀ ਦੀ ਵਰਤੋਂ 50 ਤੋਂ ਵਧਾ ਕੇ 1,268 ਕਿਸਾਨਾਂ ਤੱਕ ਕਰ ਦਿੱਤੀ। ਨਤੀਜੇ ਕਾਫ਼ੀ ਉਤਸ਼ਾਹਜਨਕ ਸਨ। ਲੈਬੋਰਡ ਕਹਿੰਦੇ ਹਨ, "ਅਸੀਂ ਪਾਣੀ ਦੀ ਖਪਤ 27 ਫ਼ੀਸਦ, ਬਿਜਲੀ 28 ਫ਼ੀਸਦ ਅਤੇ ਖਾਦ ਦੀ ਖਪਤ 25 ਫ਼ੀਸਦ ਘਟਾ ਦਿੱਤੀ ਹੈ। ਇਸ ਦੇ ਬਾਵਜੂਦ ਫ਼ਸਲ ਉਤਪਾਦਨ ਵਿੱਚ 7 ਫ਼ੀਸਦ ਦਾ ਵਾਧਾ ਹੋਇਆ ਹੈ।" ਉਹ ਅੱਗੇ ਕਹਿੰਦੇ ਹਨ, "ਇਹ ਸਿਰਫ਼ ਜ਼ਿਆਦਾ ਨਿਵੇਸ਼ ਕਰ ਕੇ ਜ਼ਿਆਦਾ ਕਮਾਉਣ ਬਾਰੇ ਨਹੀਂ ਹੈ, ਸਗੋਂ ਘੱਟ ਨਿਵੇਸ਼ ਕਰਕੇ ਜ਼ਿਆਦਾ ਕਮਾਉਣ ਨਾਲ ਵੀ ਜੁੜਿਆ ਹੋਇਆ ਹੈ।"

ਲੈਬੋਰਡ ਮੁਤਾਬਕ, ਮੀਥੇਨ ਦੇ ਨਿਕਾਸ ਵਿੱਚ 45 ਫ਼ੀਸਦ ਦੀ ਕਮੀ ਵੀ ਦੇਖੀ ਗਈ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਸਿੰਚਾਈ ਦੀ ਜ਼ਰੂਰਤ ਨੂੰ ਹੋਰ ਘਟਾਇਆ ਜਾ ਸਕਦਾ ਹੈ ਤਾਂ ਮੀਥੇਨ ਦੇ ਨਿਕਾਸ ਵਿੱਚ 70 ਫ਼ੀਸਦ ਦੀ ਕਮੀ ਸੰਭਵ ਹੈ। ਭਾਵੇਂ ਚੌਲਾਂ ਨੇ ਅਰਬਾਂ ਲੋਕਾਂ ਨੂੰ ਭੋਜਨ ਪ੍ਰਦਾਨ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ, ਖ਼ਾਸ ਕਰਕੇ ਹਰੀ ਕ੍ਰਾਂਤੀ ਦੌਰਾਨ ਵਿਕਸਤ ਕੀਤੀਆਂ ਗਈਆਂ ਆਈ-ਆਰ-8 ਵਰਗੀਆਂ ਉੱਚ-ਉਪਜ ਵਾਲੀਆਂ ਕਿਸਮਾਂ ਰਾਹੀਂ, ਜਲਵਾਯੂ ਪਰਿਵਰਤਨ ਹੁਣ ਇਸ ਦੇ ਉਤਪਾਦਨ ਲਈ ਇੱਕ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਜਿਨ੍ਹਾਂ ਖੇਤਰਾਂ ਵਿੱਚ ਇਹ ਕਿਸਮਾਂ

**(ਬਾਕੀ ਸਫਾ 15 'ਤੇ)**

## Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

**Harpreet Singh Padam 510-695-6435**

**Gurpreet Singh Padam 510-962-2593**

email: padambuilders@gmail.com

Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

**3143 ARDEN ROAD, HAYWARD, CA- 94545**




## Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

**KASH FABRICS**
**29576 Mission Blvd**
**Hayward,CA 94544**
**510-538-1138**



## AAA
### AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



**ਜਸਬੀਰ ਸਿੰਘ ਤੱਖਰ**

**510-755-2132**

593 Industrial PKWY West
Hayward, CA 94544



## SAMRAJ
sweet N chaat hut

**AUTHENTIC INDIAN CUISINE**

WE ARE OPEN
TUE - SUN - 11 AM - 9PM
MONDAY CLOSED

VISIT OUR WEBSITE




Order

www.samrajindianfood.site

**Ph: 510-283-5567 Cell; 510-774-7006**

# TASTE OF INDIA

**specialist- Gurh Dee Barfee, Gurh Diyaan Jalebian**

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION — OFFICIAL BRAKE ADJUSTING STATION

**Auto repair, Diagnostics & Smog Check Station**

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

**SUKHWINDER BHELLA**

510-757-6775 gogibhella@gmail.com

# TENNYSON AUTO

**Car Sale Service and Repair**

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

# CALIFORNIA IMMIGRATION SERVICES INC.

CISI

Your Registered & Bonded 'Immigration-Consultants'



## ROSY (Kanwal) KAUR

Immigration Consultant

408-422-8585
510-573-3666

website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

**Over 30 Years Experience in Restaurant & Catering Business**

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net




## ਬੱਚਿਆਂ ਨੂੰ ਬਿਲਕੁਲ ਵੀ ਨਹੀਂ ਖੁਆਉਣੀਆਂ ਚਾਹੀਦੀਆਂ ਇਹ ਚੀਜ਼ਾਂ

ਅੱਜਕੱਲ੍ਹ ਬੱਚਿਆਂ ਦੀ ਖੁਰਾਕ ਵਿੱਚ ਪ੍ਰੋਸੈਸਡ ਅਤੇ ਗੈਰ-ਸਿਹਤਮੰਦ ਭੋਜਨ ਦੀ ਮਾਤਰਾ ਵੱਧ ਰਹੀ ਹੈ। ਮਾਪੇ ਅਕਸਰ ਬੱਚਿਆਂ ਦੀ ਜ਼ਿਦ ਅੱਗੇ ਝੁਕ ਜਾਂਦੇ ਹਨ ਜਾਂ ਸਮੇਂ ਦੀ ਘਾਟ ਕਾਰਨ ਉਨ੍ਹਾਂ ਨੂੰ ਪੈਕ ਕੀਤਾ ਭੋਜਨ (ਬੱਚਿਆਂ ਲਈ ਗੈਰ-ਸਿਹਤਮੰਦ ਭੋਜਨ) ਦਿੰਦੇ ਹਨ।

ਪਰ ਕੁਝ ਚੀਜ਼ਾਂ ਅਜਿਹੀਆਂ ਹਨ ਜੋ ਬੱਚਿਆਂ ਦੀ ਸਿਹਤ ਲਈ ਬਹੁਤ ਨੁਕਸਾਨਦੇਹ ਹੋ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਬਿਲਕੁਲ ਵੀ ਨਹੀਂ ਦੇਣਾ ਚਾਹੀਦਾ। ਆ ਜਾਣਦੇ ਹਾਂ 5 ਅਜਿਹੀਆਂ ਚੀਜ਼ਾਂ (ਬੱਚਿਆਂ ਲਈ ਨੁਕਸਾਨਦੇਹ ਭੋਜਨ) ਬਾਰੇ ਜੋ ਬੱਚਿਆਂ ਦੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।

**ਮਿੱਠੇ ਅਨਾਜ-** ਬਹੁਤ ਸਾਰੇ ਮਾਪੇ ਸੋਚਦੇ ਹਨ ਕਿ ਨਾਸ਼ਤੇ ਵਿੱਚ ਬੱਚਿਆਂ ਨੂੰ ਮਿੱਠੇ ਅਨਾਜ ਦੇਣਾ ਇੱਕ



ਸਿਹਤਮੰਦ ਆਪਸ਼ਨ ਹੈ, ਪਰ ਇਹ ਇੱਕ ਗਲਤ ਧਾਰਨਾ ਹੈ। ਇਨ੍ਹਾਂ ਅਨਾਜਾਂ ਵਿੱਚ ਜ਼ਿਆਦਾ ਖੰਡ, ਨਕਲੀ ਸੁਆਦ ਅਤੇ ਪ੍ਰੀਜ਼ਰਵੇਟਿਵ ਹੁੰਦੇ ਹਨ, ਜੋ ਬੱਚਿਆਂ ਦੇ ਮੈਟਾਬੋਲਿਜ਼ਮ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਨ੍ਹਾਂ ਨੂੰ ਖਾਣ ਨਾਲ ਮੋਟਾਪਾ ਅਤੇ ਸ਼ੂਗਰ ਦਾ ਖ਼ਤਰਾ ਵੱਧ ਜਾਂਦਾ ਹੈ, ਦੰਦ ਸੜ ਸਕਦੇ ਹਨ ਅਤੇ ਭੁੱਖ ਘੱਟ ਲੱਗ ਸਕਦੀ ਹੈ, ਜਿਸ ਨਾਲ ਪੋਸ਼ਣ ਦੀ ਕਮੀ ਹੋ ਸਕਦੀ ਹੈ। ਇਨ੍ਹਾਂ ਦੀ ਬਜਾਏ ਦਲੀਆ, ਪੋਹਾ, ਉਪਮਾ ਜਾਂ ਪੂਰੀ ਕਣਕ ਦੀ ਰੋਟੀ ਖੁਆਉਣਾ ਵਧੇਰੇ ਲਾਭਦਾਇਕ ਸਾਬਤ ਹੋ ਸਕਦਾ ਹੈ।

**ਫਲੇਵਰਡ ਦਹੀਂ-** ਦਹੀਂ ਪ੍ਰੋਬਾਇ ਟਿਕਸ ਦਾ ਇੱਕ ਚੰਗਾ ਸਰੋਤ ਹੈ, ਪਰ ਬਾਜ਼ਾਰ ਵਿੱਚ ਉਪਲਬਧ ਫਲੇਵਰਡ ਦਹੀਂ ਵਿੱਚ ਬਹੁਤ ਜ਼ਿਆਦਾ ਖੰਡ ਅਤੇ ਨਕਲੀ ਮਿੱਠੇ ਹੁੰਦੇ ਹਨ। ਇਨ੍ਹਾਂ ਨੂੰ ਖਾਣ ਨਾਲ ਇਮਿਊਨ ਸਿਸਟਮ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਨਾਲ ਹੀ, ਮੋਟਾਪਾ ਅਤੇ ਪਾਚਨ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਲਈ ਇਸ ਦੀ ਬਜਾਏ, ਤਾਜ਼ੇ ਫਲਾਂ ਦੇ ਨਾਲ ਮਿਲਾ ਕੇ ਸਾਦਾ ਦਹੀਂ ਦਿ ।

**ਤਲਿਆ ਹੋਇਆ ਭੋਜਨ-** ਬੱਚਿਆਂ ਨੂੰ ਫ੍ਰੈਂਚ ਫਰਾਈਜ਼, ਸਮੋਸੇ, ਚਿਪਸ ਅਤੇ ਪਕੌੜੇ ਵਰਗੀਆਂ ਚੀਜ਼ਾਂ ਪਸੰਦ ਹਨ, ਪਰ ਇਹ ਟ੍ਰਾਂਸ ਫੈਟ ਅਤੇ ਵਾਧੂ ਕੈਲੋਰੀ ਨਾਲ ਭਰਪੂਰ ਹੁੰਦੇ ਹਨ। ਇਨ੍ਹਾਂ ਨੂੰ ਖਾਣ ਨਾਲ ਦਿਲ ਦੀ ਬਿਮਾਰੀ ਦਾ ਖ਼ਤਰਾ ਵਧ ਸਕਦਾ ਹੈ, ਕੋਲੈਸਟ੍ਰੋਲ ਦਾ ਖ਼ਤਰਾ ਵਧ ਸਕਦਾ ਹੈ ਅਤੇ ਪਾਚਨ ਕਿਰਿਆ ਵੀ ਵਿਗੜ ਸਕਦੀ ਹੈ। ਇਨ੍ਹਾਂ ਦੀ ਬਜਾਏ, ਸਨੈਕਸ ਵਿੱਚ ਭੁੰਨੇ ਹੋਏ ਗਿਰੀਦਾਰ, ਬੀਜ ਜਾਂ ਫਲ ਖੁਆ ।

**ਪ੍ਰੋਸੈਸਡ ਮੀਟ (ਹੌਟ ਡੌਗ, ਸੌਸੇਜ, ਬੇਕਨ)-** ਪ੍ਰੋਸੈਸਡ ਮੀਟ ਵਿੱਚ ਉੱਚ ਸੋਡੀਅਮ, ਨਾਈਟ੍ਰੇਟ ਅਤੇ ਪ੍ਰੀਜ਼ਰਵੇਟਿਵ ਹੁੰਦੇ ਹਨ, ਜੋ ਬੱਚਿਆਂ ਲਈ ਨੁਕਸਾਨਦੇਹ ਹੁੰਦੇ ਹਨ। ਇਨ੍ਹਾਂ ਨੂੰ ਖਾਣ ਨਾਲ ਕੈਂਸਰ ਦਾ ਖ਼ਤਰਾ ਵਧਦਾ ਹੈ, ਬਲੱਡ ਪ੍ਰੈਸ਼ਰ ਵਧ ਸਕਦਾ ਹੈ ਅਤੇ ਗੁਰਦੇ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ। ਇਨ੍ਹਾਂ ਦੀ ਬਜਾਏ ਘਰ ਵਿੱਚ ਬਣਿਆ ਚਿਕਨ ਜਾਂ ਮੱਛੀ ਖੁਆ । ਇਨ੍ਹਾਂ ਵਿੱਚ ਲੀਨ ਪ੍ਰੋਟੀਨ ਹੁੰਦਾ ਹੈ, ਜੋ ਸਿਹਤ ਲਈ ਲਾਭਦਾਇਕ ਹੈ।

**ਫਲੇਵਰਡ ਪੌਪਕੌਰਨ (ਮਾਈਕ੍ਰੋਵੇਵ ਪੌਪ-ਕੌਰਨ)-** ਪੌਪਕੌਰਨ ਇੱਕ ਸਿਹਤਮੰਦ ਸਨੈਕ ਹੋ ਸਕਦਾ ਹੈ, ਪਰ ਬਾਜ਼ਾਰ ਵਿੱਚ ਉਪਲਬਧ ਫਲੇਵਰਡ ਪੌਪਕੌਰਨ ਵਿੱਚ ਨਕਲੀ ਸੁਆਦ, ਐਮਐਸਜੀ ਅਤੇ ਵਾਧੂ ਨਮਕ ਹੁੰਦਾ ਹੈ। ਇਨ੍ਹਾਂ ਨੂੰ ਖਾਣ ਨਾਲ ਡੀਹਾਈਡਰੇਸ਼ਨ, ਗੁਰਦੇ ਦੇ ਦਬਾਅ ਅਤੇ ਐਲਰਜੀ ਦਾ ਖ਼ਤਰਾ ਵੱਧ ਜਾਂਦਾ ਹੈ। ਇਨ੍ਹਾਂ ਦੀ ਬਜਾਏ, ਸਾਦੇ ਪੌਪਕੌਰਨ ਵਿੱਚ ਘਿ ਅਤੇ ਸੇਂਧਾ ਨਮਕ ਮਿਲਾ ।


# ਸਿਹਤ ਬਰਬਾਦ ਕਰ ਰਹੀ ਤੁਹਾਡੀ ਬੈਠ ਕੇ ਕੰਮ ਕਰਨ ਦੀ ਆਦਤ

ਅੱਜਕੱਲ੍ਹ ਲੋਕਾਂ ਦੀ ਸਰੀਰਕ ਕਸਰਤ ਘੱਟ ਗਈ ਹੈ। ਲੋਕ ਘੰਟਿਆਂ ਬੱਧੀ ਦਫ਼ਤਰਾਂ ਵਿੱਚ ਬੈਠ ਕੇ ਕੰਮ ਕਰਦੇ ਹਨ। ਘੰਟਿਆਂ ਬੱਧੀ ਬੈਠ ਕੇ ਲਗਾਤਾਰ ਕੰਮ ਕਰਨ ਨਾਲ ਕਈ ਸਿਹਤ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇੱਕ ਪਾਸੇ, ਮੋਟਾਪਾ, ਸ਼ੂਗਰ ਅਤੇ ਦਿਲ ਦੀ ਬਿਮਾਰੀ ਦਾ ਖ਼ਤਰਾ ਵੱਧ ਰਿਹਾ ਹੈ, ਦੂਜੇ ਪਾਸੇ, Dead Butt Syndrome ਵੀ ਤੁਹਾਡੇ ਲਈ ਮੁਸੀਬਤ ਦਾ ਇੱਕ ਨਵਾਂ ਕਾਰਨ ਬਣ ਸਕਦਾ ਹੈ।

ਦਰਅਸਲ, ਲਗਾਤਾਰ ਬੈਠਣ ਨਾਲ ਤੁਹਾਡੇ ਕੁੱਲ੍ਹੇ ਕੰਮ ਕਰਨਾ ਭੁੱਲ ਜਾਂਦੇ ਹਨ। ਇਸ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਬਿਮਾਰੀ ਬਾਰੇ ਜਾਣਨ ਲਈ, ਅਸੀਂ ਡਾ। ਅਮਿਤ ਪਾਂਡੇ (ਪੀਟੀ) (ਵਿਭਾਗ ਮੁਖੀ, ਫਿਜ਼ੀ ਥੈਰੇਪੀ, ਏਸ਼ੀਅਨ ਹਸਪਤਾਲ, ਫਰੀਦਾਬਾਦ) ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇੱਕ ਥਾਂ 'ਤੇ ਲੰਬੇ ਸਮੇਂ ਤੱਕ ਬੈਠਣ ਦੀ ਆਦਤ ਸਾਡੇ ਸਰੀਰ ਦੀਆਂ ਮਾਸਪੇਸ਼ੀਆਂ, ਖਾਸ ਕਰਕੇ ਗਲੂਟ ਮਾਸਪੇਸ਼ੀਆਂ 'ਤੇ ਬੁਰਾ ਪ੍ਰਭਾਵ ਪਾ ਸਕਦੀ ਹੈ। ਇਸਨੂੰ 'ਡੈੱਡ ਬੱਟ ਸਿੰਡਰੋਮ' ਕਿਹਾ ਜਾਂਦਾ ਹੈ।

ਦਰਅਸਲ, ਲਗਾਤਾਰ ਬੈਠਣ ਨਾਲ ਤੁਹਾਡੇ ਕੁੱਲ੍ਹੇ ਕੰਮ ਕਰਨਾ ਭੁੱਲ ਜਾਂਦੇ ਹਨ। ਇਸ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਬਿਮਾਰੀ ਬਾਰੇ ਜਾਣਨ ਲਈ, ਅਸੀਂ ਡਾ. ਅਮਿਤ ਪਾਂਡੇ (ਪੀਟੀ) (ਵਿਭਾਗ ਮੁਖੀ, ਫਿਜ਼ੀ ਥੈਰੇਪੀ, ਏਸ਼ੀਅਨ ਹਸਪਤਾਲ, ਫਰੀਦਾਬਾਦ) ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇੱਕ ਥਾਂ 'ਤੇ ਲੰਬੇ ਸਮੇਂ ਤੱਕ ਬੈਠਣ ਦੀ ਆਦਤ ਸਾਡੇ ਸਰੀਰ ਦੀਆਂ ਮਾਸਪੇਸ਼ੀਆਂ, ਖਾਸ ਕਰਕੇ ਗਲੂਟ ਮਾਸਪੇਸ਼ੀਆਂ 'ਤੇ ਬੁਰਾ ਪ੍ਰਭਾਵ ਪਾ ਸਕਦੀ ਹੈ। ਇਸਨੂੰ 'ਡੈੱਡ ਬੱਟ ਸਿੰਡਰੋਮ' ਕਿਹਾ ਜਾਂਦਾ ਹੈ।
ਇਹ ਸਮੱਸਿਆ ਸਿਰਫ਼ ਕੁੱਲ੍ਹੇ ਤੱਕ ਸੀਮਤ ਨਹੀਂ ਹੈ।

ਇਸ ਵਿੱਚ, ਕਮਰ ਦੀਆਂ ਮਾਸਪੇਸ਼ੀਆਂ ਦੀ ਤਾਕਤ ਅਤੇ ਸੰਤੁਲਨ ਘੱਟ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸਮੱਸਿਆ ਸਿਰਫ਼ ਕੁੱਲ੍ਹੇ ਤੱਕ ਸੀਮਤ ਨਹੀਂ ਹੈ, ਸਗੋਂ ਇਹ ਪਿੱਠ ਦਰਦ, ਗੋਡਿਆਂ ਵਿੱਚ ਖਿਚਾਅ ਅਤੇ ਤੁਰਨ ਵੇਲੇ ਅਸੰਤੁਲਨ ਦਾ ਕਾਰਨ ਵੀ ਬਣ ਸਕਦੀ ਹੈ। ਡੈਸਕ ਜੌਬ ਕਰਨ ਵਾਲੇ ਲੋਕਾਂ ਨੂੰ ਹਰ 30 ਤੋਂ 45 ਮਿੰਟਾਂ ਵਿੱਚ ਖੜ੍ਹੇ ਹੋਣਾ ਚਾਹੀਦਾ ਹੈ, ਖਿੱਚਣਾ ਚਾਹੀਦਾ ਹੈ, ਤੁਰਨਾ ਚਾਹੀਦਾ ਹੈ ਅਤੇ ਇੱਕ ਸਰਗਰਮ ਜੀਵਨ ਸ਼ੈਲੀ ਅਪਣਾਉਣਾ ਚਾਹੀਦਾ ਹੈ। ਇਹ ਨਾ ਸਿਰਫ਼ 'ਡੈੱਡ ਬੱਟ ਸਿੰਡਰੋਮ' ਨੂੰ ਰੋਕੇਗਾ ਸਗੋਂ ਰੀੜ੍ਹ ਦੀ ਹੱਡੀ ਅਤੇ ਮਾਸਪੇਸ਼ੀਆਂ ਦੀ ਸਿਹਤ ਨੂੰ ਵੀ ਬਣਾਈ ਰੱਖੇਗਾ।



### ਇਸਦੇ ਲੱਛਣ ਕੀ ਹਨ?

ਲੰਬੇ ਸਮੇਂ ਤੱਕ ਬੈਠਣ ਤੋਂ ਬਾਅਦ ਕੁੱਲ੍ਹੇ ਵਿੱਚ ਸੁੰਨ ਹੋਣਾ
ਕੁੱਲ੍ਹੇ ਵਿੱਚ ਹਲਕਾ ਦਰਦ
ਗੰਭੀਰ ਮਾਮਲਿਆਂ ਵਿੱਚ, ਇਹ ਦਰਦ ਲੱਤਾਂ ਜਾਂ ਪਿੱਠ ਤੱਕ ਫੈਲ ਸਕਦਾ ਹੈ।
ਇੱਕ ਪਾਸੇ ਲੇਟੇ ਹੋਣ 'ਤੇ ਵੀ ਦਰਦ
ਗੋਡਿਆਂ, ਗਿੱਟਿਆਂ ਅਤੇ ਪੈਰਾਂ ਵਿੱਚ ਦਰਦ
ਤੁਰਨ ਦੇ ਢੰਗ ਵਿੱਚ ਬਦਲਾਅ
ਸਰੀਰ ਦੇ ਸੰਤੁਲਨ ਦਾ ਨੁਕਸਾਨ
ਡੀਬੀਐਸ ਕਿਉਂ ਹੁੰਦਾ ਹੈ?
ਘੰਟਿਆਂ ਬੱਧੀ ਇੱਕੋ ਸਥਿਤੀ ਵਿੱਚ ਬੈਠਣਾ
ਅਚਾਨਕ ਬਿਨਾਂ ਖਿੱਚੇ ਭਾਰੀ ਕਸਰਤ ਕਰਨਾ
ਕਮਰ ਦੇ ਫਲੈਕਸਰਾਂ (ਪੱਟ ਅਤੇ ਕਮਰ ਦੇ ਵਿਚਕਾਰ ਮਾਸਪੇਸ਼ੀਆਂ) ਦਾ ਜਕੜਨ
ਕੁੱਲ੍ਹੇ ਦੀਆਂ ਮਾਸਪੇਸ਼ੀਆਂ ਦੀ ਕਮਜ਼ੋਰੀ ਅਤੇ ਢਿੱਲਾਪਣ

### ਇਹਨਾਂ ਲੋਕਾਂ ਨੂੰ ਜ਼ਿਆਦਾ ਖ਼ਤਰਾ ਹੈ

ਵਰਣਨਯੋਗ ਹੈ ਕਿ ਜੋ ਲੋਕ ਲੰਬੇ ਸਮੇਂ ਤੱਕ ਬੈਠੇ ਕੰਮ ਕਰਦੇ ਹਨ, ਉਨ੍ਹਾਂ ਨੂੰ ਇਸ ਬਿਮਾਰੀ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਇਸ ਤੋਂ ਇਲਾਵਾ, ਇਹ ਬਿਮਾਰੀ ਡਾਂਸਰਾਂ ਅਤੇ ਜ਼ਖਮੀ ਲੋਕਾਂ ਵਿੱਚ ਵੀ ਦੇਖੀ ਗਈ ਹੈ। ਇਸ ਤੋਂ ਬਚਣ ਲਈ, ਹਰ ਘੰਟੇ ਉੱਠੋ ਅਤੇ ਥੋੜ੍ਹੀ ਦੇਰ ਲਈ ਸੈਰ ਕਰੋ ਜਾਂ ਖਿੱਚੋ। ਲਿਫਟ ਦੀ ਬਜਾਏ ਪੌੜੀਆਂ ਦੀ ਵਰਤੋਂ ਕਰੋ। ਇਸ ਨਾਲ ਕੁੱਲ੍ਹੇ ਦੀਆਂ ਮਾਸਪੇਸ਼ੀਆਂ ਸਰਗਰਮ ਰਹਿਣਗੀਆਂ। ਇਸ ਲਈ ਕੁਝ ਕਸਰਤਾਂ ਵੀ ਮਦਦਗਾਰ ਹੋ ਸਕਦੀਆਂ ਹਨ।

### ਹੈਮਸਟ੍ਰਿੰਗ ਸਟ੍ਰੈਚ

ਇੱਕ ਪੈਰ ਅੱਗੇ ਰੱਖੋ, ਦੂਜਾ ਪਿੱਛੇ।
ਆਪਣੀ ਅਗਲੀ ਲੱਤ ਸਿੱਧੀ ਰੱਖੋ ਅਤੇ ਥੋੜ੍ਹਾ ਜਿਹਾ ਮੋੜੋ।
10 ਤੋਂ 30 ਸਕਿੰਟਾਂ ਲਈ ਫੜੀ ਰੱਖੋ, ਫਿਰ ਲੱਤਾਂ ਬਦਲੋ

### ਗਲੂਟ ਸਕਿਊਜ਼

ਸਿੱਧੇ ਖੜ੍ਹੇ ਹੋਵੋ, ਆਪਣੇ ਪੇਟ ਨੂੰ ਅੰਦਰ ਖਿੱਚੋ, ਅਤੇ ਆਪਣੇ ਮੋਢੇ ਪਿੱਛੇ ਰੱਖੋ।
ਕੁੱਲ੍ਹੇ ਦੀਆਂ ਮਾਸਪੇਸ਼ੀਆਂ ਨੂੰ ਤਿੰਨ ਸਕਿੰਟਾਂ ਲਈ ਕੱਸੋ, ਫਿਰ ਉਨ੍ਹਾਂ ਨੂੰ ਢਿੱਲਾ ਕਰੋ।
ਤਿੰਨ ਸੈੱਟਾਂ ਵਿੱਚ 10 ਵਾਰ ਕਰੋ

### ਸਕੁਐਟਸ

ਆਪਣੀਆਂ ਲੱਤਾਂ ਨੂੰ ਆਪਣੇ ਮੋਢਿਆਂ ਵਾਂਗ ਫੈਲਾ
ਹੌਲੀ-ਹੌਲੀ ਹੇਠਾਂ ਝੁਕੋ ਅਤੇ ਫਿਰ ਉੱਪਰ ਆ ।
ਇਹ 12-15 ਵਾਰ ਕਰੋ; ਜੇਕਰ ਤੁਸੀਂ ਚਾਹੋ ਤਾਂ ਵਜ਼ਨ ਵੀ ਵਰਤ ਸਕਦੇ ਹੋ।

### ਲੱਤਾਂ ਦੀ ਲਿਫਟਿੰਗ

ਆਪਣੀ ਪਿੱਠ ਦੇ ਭਾਰ ਲੇਟ ਜਾਓ।
ਦੋਵੇਂ ਲੱਤਾਂ ਨੂੰ ਸਿੱਧਾ ਉੱਪਰ ਚੁੱਕੋ ਅਤੇ ਫਿਰ ਹੌਲੀ-ਹੌਲੀ ਹੇਠਾਂ ਲਿਆ ।
10 ਵਾਰ ਦੁਹਰਾ

### ਗਲੂਟ ਬ੍ਰਿਜ

ਆਪਣੀ ਪਿੱਠ 'ਤੇ ਲੇਟ ਜਾ , ਆਪਣੇ ਗੋਡੇ ਮੋੜੋ।
ਆਪਣੇ ਕੁੱਲ੍ਹੇ ਉੱਪਰ ਚੁੱਕੋ ਅਤੇ ਫਿਰ ਉਹਨਾਂ ਨੂੰ ਹੇਠਾਂ ਕਰੋ
ਇਹ 10 ਤੋਂ 15 ਵਾਰ ਕਰੋ।

# ਵਿਆਹ ਤੋਂ ਬਾਅਦ ਪਤੀ-ਪਤਨੀ ਦਾ ਮੋਟਾਪਾ ਚਿੰਤਾ ਦਾ ਕਾਰਨ

ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ 'ਚ ਸਾਡਾ ਸਾਰਿਆਂ ਦਾ ਰਹਿਣ-ਸਹਿਣ ਦਾ ਤਰੀਕਾ ਤੇਜ਼ੀ ਨਾਲ ਬਦਲ ਰਿਹਾ ਹੈ। ਖਾਸ ਕਰਕੇ ਵਿਆਹੇ ਜੋੜਿਆਂ 'ਚ ਤਾਂ ਖਾਣ-ਪੀਣ ਦੀਆਂ ਆਦਤਾਂ ਜੀਵਨਸ਼ੈਲੀ ਤੇ ਐਕਟੀਵਿਟੀ ਕਾਰਨ ਇਕੋ ਜਿਹੇ ਹੁੰਦੇ ਜਾ ਰਹੇ ਹਨ। ਇਸ ਬਾਰੇ ਇਕ ਸਟੱਡੀ 'ਚ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਰਿਸਰਚ 'ਚ ਦੱਸਿਆ ਜਾ ਰਿਹਾ ਹੈ ਕਿ ਦੇਸ਼ 'ਚ ਹਰ ਚੌਥਾ ਵਿਆਹਿਆ ਜੋੜਾ ਮੋਟਾਪੇ ਨਾਲ ਜੂਝ ਰਿਹਾ ਹੈ। ਇਸਦਾ ਮਤਲਬ ਹੈ ਕਿ ਪਤੀ-ਪਤਨੀ ਦੋਵੇਂ ਹੀ ਵਰਵੇਟ ਜਾਂ ਮੋਟਾਪੇ ਵਾਲੀ ਸ਼੍ਰੇਣੀ ਵਿੱਚ ਆ ਰਹੇ ਹਨ।

ਰਿਪੋਰਟ ਅਨੁਸਾਰ, ਜੋੜਿਆਂ 'ਚ ਇਕੱਠੇ ਵਜ਼ਨ ਵਧਣ ਦਾ ਕਾਰਨ ਇੱਕੋ ਜਿਹੀ ਜੀਵਨਸ਼ੈਲੀ ਜਿਵੇਂ ਇਕੱਠੇ ਬਾਹਰ ਦਾ ਭੋਜਨ ਖਾਣਾ, ਟੀ।ਵੀ ਦੇਖਦੇ ਸਮੇਂ ਸਨੈਕਸ ਖਾਣਾ, ਘੱਟ ਤੁਰਨਾ-ਫਿਰਨਾ ਤੇ ਦੇਰ ਰਾਤ ਨਾਸ਼ਤਾ ਕਰਨਾ ਰੁਟੀਨ ਦਾ ਹਿੱਸਾ ਬਣ ਗਿਆ ਹੈ। ਇਹ ਚੀਜ਼ਾਂ ਮੈਟਰੋ ਸ਼ਹਿਰਾਂ 'ਚ ਜ਼ਿਆਦਾ ਦੇਖਣ ਨੂੰ ਮਿਲ ਰਹੀਆਂ ਹਨ। ਆ ਅਸੀਂ ਤੁਹਾਨੂੰ ਇਸ ਰਿਪੋਰਟ ਬਾਰੇ ਪੂਰੀ ਜਾਣਕਾਰੀ ਦੇਈਏ-



ਭਾਰਤੀ ਆਯੁਰਵੇਦ ਸੰਸਥਾ (ਆਈ.ਸੀ.ਐਮ.ਆਰ.) ਦੀ ਨਵੀਂ ਰਿਪੋਰਟ ਅਨੁਸਾਰ, ਭਾਰਤ 'ਚ ਜੋੜਿਆਂ 'ਚ ਮੋਟਾਪਾ ਤੇਜ਼ੀ ਨਾਲ ਵੱਧ ਰਿਹਾ ਹੈ। ਦੇਸ਼ ਦੇ ਚਾਰ ਵਿਆਹੇ ਜੋੜਿਆਂ 'ਚੋਂ ਇਕ ਜੋੜਾ (27.4%) ਅਜਿਹਾ ਹੈ, ਜਿਸ 'ਚ ਦੋਵੇਂ ਹੀ ਮੋਟੇ ਹਨ। ਇਹ ਰਿਸਰਚ Naitonal Faimly Health Survey-5 ਦੇ 2019-21 ਦੌਰਾਨ 52,737 ਵਿਆਹੇ ਜੋੜਿਆਂ ਦੇ ਅੰਕੜਿਆਂ 'ਤੇ ਨਿਰਭਰ ਹੈ। ਇਸ 'ਚ ਆਈ.ਸੀ.ਐਮ.ਆਰ. ਦੇ ਨੈਸ਼ਨਲ ਇੰਸਟੀਚਿਊਟ ਆਫ ਕੈਂਸਰ ਪ੍ਰਿਵੇਸ਼ਨ ਤੇ ਰਿਸਰਚ ਨੇ ਅਧਿਐਨ ਕੀਤਾ ਹੈ। ਇਸ ਅਨੁਸਾਰ 'ਕੁਰੰਟ ਵਿਕਾਸਾਂ ਦੇ ਨਿਊਟਰਿਸ਼ਨ" ਨਾਮ ਦੇ ਜਨਰਲ 'ਚ ਪ੍ਰਕਾਸ਼ਿਤ ਕੀਤਾ ਗਿਆ ਹੈ।

### ਪਤੀ-ਪਤਨੀ 'ਚ ਮੋਟਾਪਾ ਵਧਣ ਦੇ ਕੀ ਹਨ ਕਾਰਨ?

ਇਸ ਸਟੱਡੀ 'ਚ ਇੱਕ ਨਵੇਂ ਸ਼ਬਦ ਦਾ ਇਸਤੇਮਾਲ ਕੀਤਾ ਗਿਆ ਹੈ। ਜਿਸਦਾ ਨਾਮ ਹੈ "ਸਪ੍ਰੋਸਅਲ ਚੋਨਚੋਰਦਅਨਚਣ"। ਇਸਦਾ ਮਤਲਬ ਹੈ ਕਿ ਜਦੋਂ ਪਤੀ-ਪਤਨੀ ਆਪਸ 'ਚ ਇੱਕ-ਦੂਜੇ ਦੀ ਜੀਵਨਸ਼ੈਲੀ ਤੇ ਆਦਤਾਂ ਨੂੰ ਅਪਣਾਉਂਦੇ ਹੋਏ ਇਕੱਠੇ ਮੋਟੇ ਹੋ ਜਾਂਦੇ ਹਨ। ਇਨ੍ਹਾਂ ਆਦਤਾਂ 'ਚ ਸ਼ਾਮਿਲ ਹਨ-

- ਇਕੱਠੇ ਜੰਕ ਫੂਡ ਖਾਣਾ
- ਦੇਰ ਰਾਤ ਖਾਣਾ
- ਸਰੀਰਕ ਗਤੀਵਿਧੀ ਨਾ ਦੇ ਬਰਾਬਰ ਹੋਣਾ
- ਟੀਵੀ ਦੇਖਦੇ ਹੋਏ ਨਾਸ਼ਤਾ ਕਰਨਾ
- ਵੀਕੈਂਡ 'ਤੇ ਬਾਹਰ ਦਾ ਖਾਣਾ ਆਰਡਰ ਕਰਨਾ

ਵਰਣਨਯੋਗ ਕਿ ਇਹ ਸਾਰੀਆਂ ਆਦਤਾਂ ਵਜ਼ਨ 'ਤੇ ਸਿੱਧਾ ਅਸਰ ਪਾਉਂਦੀਆਂ ਹਨ। ਆਈ.ਸੀ.ਐਮ.ਆਰ. ਦੀ ਟੀਮ ਦਾ ਕਹਿਣਾ ਹੈ ਕਿ ਜਦੋਂ ਪਾਰਟਨਰ ਇਕ-ਦੂਜੇ ਦੀਆਂ ਆਦਤਾਂ ਅਪਣਾਉਂਦੇ ਹਨ, ਚਾਹੇ ਉਹ ਖਾਣ ਦੀ ਹੋਵੇ ਜਾਂ ਰੁਟੀਨ ਦੀ ਆਦਤ ਹੋਵੇ। ਇਨ੍ਹਾਂ ਕਾਰਨਾਂ ਕਰਕੇ ਵਜ਼ਨ ਇਕੱਠੇ ਵਧਣ ਲੱਗਦਾ ਹੈ।

ਕਿਹੜੇ ਜੋੜੇ ਮੁਟਾਪੇ ਤੋਂ ਜਿਆਦਾ ਪ੍ਰਭਾਵਿਤ ਹਨ?

- ਸ਼ਹਿਰੀ ਖੇਤਰਾਂ 'ਚ ਰਹਿਣ ਵਾਲੇ ਜੋੜਿਆਂ 'ਚ ਸਭ ਤੋਂ ਵੱਧ ਮੋਟਾਪਾ ਦੇਖਿਆ ਗਿਆ- ਕਰੀਬ 38.4%
- ਅਮੀਰ ਪਰਿਵਾਰਾਂ ਦੇ ਜੋੜੇ- ਲਗਪਗ 47.6% ਜੋੜੇ ਵਰਵੇਟ ਜਾਂ ਮੋਟੇ ਪਾਏ ਗਏ
- ਨਿਊਕਲੀਅਰ ਪਰਿਵਾਰ 'ਚ ਰਹਿਣ ਵਾਲੇ- 28.9%
- ਇਕੋ ਜਿਹੀ ਉਮਰ ਦੇ ਜੋੜੇ- 28.8% ਤੇ 31.4%
- ਬਿਨਾਂ ਨੌਕਰੀ ਵਾਲੇ ਜੋੜੇ- 33.9%
- ਟੀਵੀ ਦੇਖਣ ਜਾਂ ਅਖਬਾਰ ਪੜ੍ਹਣ ਵਾਲੇ ਜੋੜੇ- 32.8%
- ਹਰ ਹਫ਼ਤੇ ਨੌਨਵੈਂਜ ਖਾਣ ਵਾਲੇ ਜੋੜੇ, ਜਿਵੇਂ ਕਿ ਆਂਡੇ (30.7%) ਤੇ ਚਿਕਨ (29.9%), ਉਹਨਾਂ 'ਚ ਵੀ ਮੋਟਾਪਾ ਵੱਧ ਦੇਖਿਆ ਗਿਆ ਹੈ।

### ਕਿਹੜੇ ਸੂਬਿਆਂ 'ਚ ਜੋੜੇ ਜ਼ਿਆਦਾ ਮੋਟੇ ਹਨ?

ਦੱਖਣ ਭਾਰਤ 'ਚ 37.2% ਤੇ ਉੱਤਰ ਭਾਰਤ 'ਚ 33.5% ਜੋੜੇ ਮੋਟੇ ਪਾਏ ਗਏ ਹਨ। ਕੇਰਲ, ਜੰਮੂ-ਕਸ਼ਮੀਰ, ਮਣੀਪੁਰ, ਦਿੱਲੀ, ਗੋਵਾ, ਤਮਿਲਨਾਡੂ ਤੇ ਪੰਜਾਬ ਵਰਗੇ ਰਾਜਾਂ 'ਚ 42% ਤੋਂ ਵੱਧ ਜੋੜੇ ਵਰਵੇਟ ਪਾਏ ਗਏ ਹਨ।

### ਆਖ਼ਿਰ ਕਿਉਂ ਜ਼ਰੂਰੀ ਹੈ ਕਪਲ-ਬੇਸਡ ਹੈਲਥ ਇੰਟਰਵੇਸ਼ਨ?

ਆਈ.ਸੀ.ਐਮ.ਆਰ. ਦੀ ਟੀਮ ਦਾ ਕਹਿਣਾ ਹੈ ਕਿ ਹੁਣ ਸਿਰਫ਼ ਵਿਅਕਤੀਆਂ 'ਤੇ ਧਿਆਨ ਦੇਣ ਨਾਲ ਕੁਝ ਨਹੀਂ ਹੋਵੇਗਾ। ਮੋਟਾਪੇ ਨਾਲ ਨਜਿੱਠਣ ਲਈ ਪਤੀ-ਪਤਨੀ ਦੋਹਾਂ ਨੂੰ ਇਕੱਠੇ ਲੈ ਕੇ ਚੱਲਣਾ ਹੋਵੇਗਾ। ਖਾਸ ਕਰਕੇ ਉਹ ਜੋੜੇ ਜੋ ਸ਼ਹਿਰੀ, ਪੜ੍ਹੇ-ਲਿਖੇ ਤੇ ਆਰਥਿਕ ਤੌਰ 'ਤੇ ਮਜ਼ਬੂਤ ਹਨ। ਇਸ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਪਬਲਿਕ ਹੈਲਥ ਨੀਤੀ ਨੂੰ ਹੁਣ ਕਪਲ-ਆਧਾਰਿਤ ਦ੍ਰਿਸ਼ਟੀਕੋਣ ਅਪਣਾਉਣਾ ਚਾਹੀਦਾ ਹੈ ਤਾਂ ਜੋ ਪੂਰੇ ਪਰਿਵਾਰ ਨੂੰ ਸਿਹਤਮੰਦ ਜੀਵਨ ਸ਼ੈਲੀ ਵੱਲ ਲਿਜਾਇਆ ਜਾ ਸਕੇ।

# ਦੁਨੀਆ ਵਿੱਚ ਸਭ ਤੋਂ ਵੱਧ ਪਰਮਾਣੂ ਬੰਕਰ ਕਿਉਂ ਬਣਾਏ ਨੇ ਸਵਿੱਟਜ਼ਰਲੈਂਡ ਨੇ

"ਜੇ ਤੁਸੀਂ ਸ਼ਾਂਤੀ ਚਾਹੁੰਦੇ ਹੋ, ਤਾਂ ਤੁਹਾਨੂੰ ਯੁੱਧ ਲਈ ਤਿਆਰ ਰਹਿਣਾ ਚਾਹੀਦਾ ਹੈ।" ਇਹ ਬਿਆਨ ਸਹੀ ਹੈ, ਘੱਟੋ-ਘੱਟ ਯੂਰਪੀਅਨ ਦੇਸ਼ ਸਵਿੱਟਜ਼ਰਲੈਂਡ ਦੇ ਸੰਦਰਭ ਵਿੱਚ। ਸਵਿਸ ਐਲਪਸ ਦੀਆਂ ਮਜ਼ਬੂਤ ਚੱਟਾਨਾਂ ਨੂੰ ਡੂੰਘਾ ਪੁੱਟਿਆ ਗਿਆ ਹੈ। ਸੈਂਕੜੇ ਪਰਮਾਣੂ-ਵਿਰੋਧੀ ਬੰਕਰਾਂ ਤੋਂ ਇਲਾਵਾ, ਉਨ੍ਹਾਂ ਵਿੱਚ ਨਾਗਰਿਕ ਅਤੇ ਫੌਜੀ ਸੁਰੰਗਾਂ ਦਾ ਇੱਕ ਨੈੱਟਵਰਕ ਲੁਕਿਆ ਹੋਇਆ ਹੈ। ਇਨ੍ਹਾਂ ਬੰਕਰਾਂ ਦੇ ਪ੍ਰਵੇਸ਼ ਦੁਆਰ ਟਿੱਬਿਆਂ ਦੇ ਹੇਠਾਂ ਬਣਾਏ ਗਏ ਹਨ। ਇੱਥੇ ਇਮਾਰਤਾਂ ਹਨ ਜੋ ਆਮ ਘਰਾਂ ਵਰਗੀਆਂ ਦਿਖਾਈ ਦਿੰਦੀਆਂ ਹਨ, ਪਰ ਅਸਲ ਵਿੱਚ ਇਹ ਦੋ ਮੀਟਰ ਉੱਚੀਆਂ ਕੰਕਰੀਟ ਦੀਆਂ ਕੰਧਾਂ ਹਨ, ਜਿਨ੍ਹਾਂ ਵਿੱਚ ਰਾਈਫਲਾਂ ਤੈਨਾਤ ਕਰਨ ਲਈ ਛੇਕ ਕੀਤੇ ਗਏ ਹਨ। 88 ਲੱਖ ਦੀ ਆਬਾਦੀ ਵਾਲੇ ਸਵਿੱਟਜ਼ਰਲੈਂਡ ਵਿੱਚ ਪ੍ਰਤੀ ਵਿਅਕਤੀ ਸਭ ਤੋਂ ਜ਼ਿਆਦਾ ਨਿਊਕਲੀਅਰ ਸ਼ੈਲਟਰ ਹਨ। ਇਨ੍ਹਾਂ ਦੀ ਗਿਣਤੀ ਕਰੀਬ 317 ਲੱਖ ਹੈ। ਦੇਸ਼ ਦਾ 1963 ਦਾ ਇੱਕ ਕਾਨੂੰਨ ਨਾਗਰਿਕਾਂ ਨੂੰ ਪਰਮਾਣੂ ਐਮਰਜੈਂਸੀ ਜਾਂ ਕਿਸੇ ਗੁਆਂਢੀ ਦੇਸ਼ ਨਾਲ ਸੰਘਰਸ਼ ਦੀ ਸਥਿਤੀ ਵਿੱਚ 'ਬੰਕ ਬੈੱਡ' ਦੀ ਗਾਰੰਟੀ ਦਿੰਦਾ ਹੈ। ਇਸ ਕਾਨੂੰਨ ਦੇ ਤਹਿਤ ਅਜਿਹੀ ਐਮਰਜੈਂਸੀ ਸਥਿਤੀ ਲਈ ਹਰ ਵਿਅਕਤੀ ਨੂੰ ਘੱਟੋ-ਘੱਟ ਇੱਕ ਵਰਗ ਮੀਟਰ ਥਾਂ ਮਿਲਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਇਹ ਸ਼ੈਲਟਰ ਵਿਅਕਤੀ ਦੇ ਘਰੋਂ ਜ਼ਿਆਦਾ ਤੋਂ ਜ਼ਿਆਦਾ 30 ਮਿੰਟ ਪੈਦਲ ਦੂਰੀ ਜਾਂ ਜੇਕਰ ਇਲਾਕਾ ਪਹਾੜੀ ਹੈ ਤਾਂ 60 ਮਿੰਟ ਦੀ ਦੂਰੀ ਹੋਣੀ ਚਾਹੀਦੀ ਹੈ।

**ਐਮਰਜੈਂਸੀ ਵਿੱਚ ਘਰ**

ਸਵਿੱਟਜ਼ਰਲੈਂਡ ਵਿੱਚ ਅਪਾਰਟਮੈਂਟ ਮਾਲਕਾਂ ਨੂੰ ਆਪਣੇ ਸਾਰੇ ਨਿਵਾਸੀਆਂ ਲਈ ਐਮਰਜੈਂਸੀ ਸ਼ੈਲਟਰ ਬਣਾਉਣਾ ਲਾਜ਼ਮੀ ਹੈ। ਦੇਸ਼ ਦੇ ਸਿਵਲ ਸੁਰੱਖਿਆ ਦਫ਼ਤਰ ਦਾ ਕਹਿਣਾ ਹੈ, "ਜ਼ਿਆਦਾਤਰ ਲੋਕ ਅਜਿਹੀ ਇਮਾਰਤਾਂ ਵਿੱਚ ਰਹਿੰਦੇ ਹਨ ਜਿਨ੍ਹਾਂ ਦੇ ਆਪਣੇ ਬੰਕਰ ਹੁੰਦੇ ਹਨ। ਜੇਕਰ ਕਿਸੇ ਰਿਹਾਇਸ਼ੀ ਇਮਾਰਤ ਵਿੱਚ ਐਮਰਜੈਂਸੀ ਸ਼ੈਲਟਰ ਨਹੀਂ ਹੈ, ਤਾਂ ਜਨਤਕ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।" ਇਹ ਬੰਕਰ ਹਥਿਆਰਬੰਦ ਟਕਰਾਅ ਦੀ ਸਥਿਤੀ ਵਿੱਚ ਵਰਤੋਂ ਲਈ ਤਿਆਰ ਕੀਤੇ ਗਏ ਹਨ। ਇਨ੍ਹਾਂ 'ਤੇ ਆਧੁਨਿਕ ਹਥਿਆਰਾਂ ਦਾ ਅਸਰ ਨਹੀਂ ਹੁੰਦਾ ਹੈ। ਇਹ ਪਰਮਾਣੂ ਹਥਿਆਰਾਂ ਦੇ ਨਾਲ-ਨਾਲ ਜੈਵਿਕ ਅਤੇ ਰਸਾਇਣਕ ਹਥਿਆਰਾਂ ਤੋਂ ਵੀ ਸੁਰੱਖਿਆ ਪ੍ਰਦਾਨ ਕਰ ਸਕਦੇ ਹਨ। ਸਿਵਲ ਸੁਰੱਖਿਆ ਵਿਭਾਗ ਕਹਿੰਦਾ ਹੈ, "ਸ਼ੈਲਟਰ ਸਥਾਨ ਦਾ ਬਾਹਰੀ ਢਾਂਚਾ ਪ੍ਰਤੀ ਵਰਗ ਮੀਟਰ ਘੱਟੋ-ਘੱਟ 10 ਟਨ ਦਬਾਅ ਦਾ ਸਾਹਮਣਾ ਕਰਨ ਦੇ ਯੋਗ ਹੁੰਦਾ ਹੈ, ਜਿਸ ਦਾ ਮਤਲਬ ਹੈ ਕਿ ਇਹ ਆਪਣੇ ਉੱਤੇ ਡਿੱਗਣ ਵਾਲੀ ਇਮਾਰਤ ਦਾ ਭਾਰ ਵੀ ਝੱਲ ਸਕਦਾ ਹੈ।" ਉਦਾਹਰਣ ਵਜੋਂ, ਇਹ ਸ਼ੈਲਟਰ ਸਥਾਨ ਭੂਚਾਲ ਤੋਂ ਬਾਅਦ ਅਸਥਾਈ ਘਰਾਂ ਵਜੋਂ ਕੰਮ ਕਰ ਸਕਦੇ ਹਨ। ਇਨ੍ਹਾਂ ਵਿੱਚ ਲਗਾਏ ਗਏ ਫਿਲਟਰ ਜੈਵਿਕ ਅਤੇ ਰਸਾਇਣਕ ਹਥਿਆਰਾਂ ਤੋਂ ਵੀ ਸੁਰੱਖਿਆ ਪ੍ਰਦਾਨ ਕਰਦੇ ਹਨ ਕਿਉਂਕਿ ਇਹ ਦੂਸ਼ਿਤ ਬਾਹਰੀ ਹਵਾ ਨੂੰ ਸਾਫ਼ ਕਰਦੇ ਹਨ।

**'ਤਿਆਰ ਰਹਿਣਾ ਚੰਗਾ ਹੈ'**

ਜਰਮਨੀ ਅਤੇ ਫਰਾਂਸ ਦੀ ਸਰਹੱਦ 'ਤੇ ਸਵਿਸ ਸ਼ਹਿਰ ਬੇਸਲ ਵਿੱਚ ਰਹਿਣ ਵਾਲੇ ਨਿਕੋਲਸ ਸਟੈਡਲਰ ਕਹਿੰਦੇ ਹਨ, "ਮੈਂ ਇਹ ਜਾਣ ਕੇ ਸੁਰੱਖਿਅਤ ਮਹਿਸੂਸ ਕਰਦਾ ਹਾਂ ਕਿ ਪਰਮਾਣੂ ਹਮਲੇ ਜਾਂ ਆਫ਼ਤ ਦੀ ਸਥਿਤੀ ਵਿੱਚ, ਹਰ ਕਿਸੇ ਲਈ ਇੱਕ ਸ਼ੈਲਟਰ ਮੌਜੂਦ ਹੈ। "ਮੈਨੂੰ ਨਹੀਂ ਲੱਗਦਾ ਕਿ ਸਵਿੱਟਜ਼ਰਲੈਂਡ ਜਾਂ ਕਿਸੇ ਵੀ ਗੁਆਂਢੀ ਦੇਸ਼ ਵਿੱਚ ਯੁੱਧ ਦੀ ਸੰਭਾਵਨਾ ਹੈ, ਪਰ ਮੈਨੂੰ ਲੱਗਦਾ ਹੈ ਕਿ ਸਾਡੀ ਤਿਆਰੀ ਇੱਕ ਚੰਗੀ ਗੱਲ ਹੈ।" ਹਾਲਾਂਕਿ, ਉਹ ਮੰਨਦੇ ਹਨ ਕਿ ਜੇਕਰ ਕੋਈ ਵੀ ਐਮਰਜੈਂਸੀ ਵਾਲੀ ਸਥਿਤੀ ਆ ਜਾਵੇ ਤਾਂ ਉਨ੍ਹਾਂ ਨੂੰ ਨਹੀਂ ਪਤਾ ਕਿ ਕਿਸ ਸ਼ੈਲਟਰ ਵਿੱਚ ਜਾਣਾ ਹੋਵੇਗਾ। ਸਿਵਲ ਪ੍ਰੋਟੈਕਸ਼ਨ ਦਫ਼ਤਰ ਦੇ ਡਿਪਟੀ ਡਾਇਰੈਕਟਰ ਡੈਨੀਅਲ ਜੋਰਡੀ ਕਹਿੰਦੇ ਹਨ ਕਿ ਇਹ ਜਾਣਨਾ ਮਹੱਤਵਪੂਰਨ ਹੈ ਕਿ ਸੰਕਟ ਵੇਲੇ ਕਿੱਥੇ ਜਾਣਾ ਹੈ। ਉਨ੍ਹਾਂ ਕਿਹਾ, "ਜਿਸ ਬੰਕਰ ਵਿੱਚ ਤੁਹਾਨੂੰ ਜਾਣਾ ਪੈਂਦਾ ਹੈ, ਉਹ ਤੁਹਾਡੇ ਪਤੇ ਨਾਲ ਜੁੜਿਆ ਹੁੰਦਾ ਹੈ। ਪਰ ਪਰਿਵਾਰਾਂ ਲਈ ਘਰ ਬਦਲਣਾ ਆਮ ਗੱਲ ਹੈ। ਪਰ ਸਾਡੀ ਸਲਾਹ ਹੈ ਕਿ ਇਸ ਬਾਰੇ ਸਿਰਫ਼ ਲੋੜ ਪੈਣ 'ਤੇ ਹੀ ਸੂਚਿਤ ਕੀਤਾ ਜਾਵੇ।" ਇਹ ਨੈੱਟਵਰਕ ਦੂਜੇ ਵਿਸ਼ਵ ਯੁੱਧ ਦੇ ਵੇਲੇ ਤੋਂ ਸਵਿੱਟਜ਼ਰਲੈਂਡ ਵਿੱਚ ਮੌਜੂਦ ਹੈ। ਵਿਸ਼ਵ ਯੁੱਧ ਦੌਰਾਨ ਦੇਸ਼ ਨੇ ਆਪਣੀ ਨਿਰਪੱਖ ਨੀਤੀ ਬਣਾਈ ਰੱਖੀ। ਸਵਿੱਟਜ਼ਰਲੈਂਡ ਨੇ 1815 ਤੋਂ ਬਾਅਦ ਕਿਸੇ ਵੀ ਵਿਦੇਸ਼ੀ ਯੁੱਧ ਵਿੱਚ ਹਿੱਸਾ ਨਹੀਂ ਲਿਆ ਹੈ। ਕੋਲਡ ਵਾਰ ਦੇ ਬਾਅਦ ਇਨ੍ਹਾਂ ਸ਼ੈਲਟਰਾਂ ਦੇ ਨਿਰਮਾਣ ਨੂੰ ਹੋਰ ਵਧਾਵਾ ਦਿੱਤਾ ਗਿਆ ਹੈ। ਹਰੇਕ 10 ਸਾਲ ਵਿੱਚ ਇਨ੍ਹਾਂ ਦਾ ਨਿਰੀਖਣ ਕਰਨਾ ਲਾਜ਼ਮੀ ਹੈ ਅਤੇ ਇਸ ਲਈ ਪਰਮਾਣੂ ਪੱਤਰ ਜਾਰੀ ਕੀਤਾ ਜਾਂਦਾ ਹੈ। ਹਾਲਾਂਕਿ, ਹੁਣ ਇਨ੍ਹਾਂ ਵਿੱਚ ਕਈ ਥਾਵਾਂ ਅਸਥਾਈ ਪੈਂਟਰੀ, ਸਟੋਰੇਜ ਸੈਂਟਰ, ਮਿਊਜ਼ੀਅਮ, ਹੋਟਲ ਜਾਂ ਰੈਸਟੋਰੈਂਟ ਵਿੱਚ ਤਬਦੀਲ ਹੋ ਚੁੱਕੇ ਹਨ। ਡਿਪਟੀ ਡਾਇਰੈਕਟਰ ਜੋਰਡੀ ਕਹਿੰਦੇ ਹਨ, "ਵਿਚਾਰ ਇਹ ਸੀ ਕਿ ਇਸ ਜਗ੍ਹਾ ਦੀ ਬਣਤਰ ਵਿੱਚ ਕੋਈ ਬਦਲਾਅ ਕੀਤੇ ਬਿਨਾਂ ਇਸ ਦੀ ਵਰਤੋਂ ਕੀਤੀ ਜਾਵੇ। ਸਾਨੂੰ ਉਮੀਦ ਹੈ ਕਿ ਸੰਕਟ ਦੀ ਸਥਿਤੀ ਵਿੱਚ ਨਾਗਰਿਕਾਂ ਨੂੰ ਤਹਿਖ਼ਾਨੇ ਦੇ ਉਸ ਹਿੱਸੇ ਦੀ ਵਰਤੋਂ ਸ਼ੁਰੂ ਕਰਨ ਲਈ ਦੋ ਦਿਨ ਮਿਲਣਗੇ।"

**50-60 ਸਾਲ ਪਹਿਲਾਂ ਬਣਾਏ ਗਏ ਬੰਕਰ**


ਵਰਤੋਂ ਨਾ ਹੋਣ ਕਾਰਨ ਕੁਝ ਬੰਕਰਾਂ ਦੀ ਹਾਲਤ ਖ਼ਰਾਬ ਹੋ ਗਈ ਹੈ। ਡੋਮਿਨਿਕਨ ਰੀਪਬਲਿਕ ਦੇ ਵਕੀਲ ਯੂਜੇਨੀਓ ਗੈਰੀਡੋ, ਜੋ ਕਈ ਸਾਲਾਂ ਤੋਂ ਸਵਿੱਟਜ਼ਰਲੈਂਡ ਦੇ ਜ਼ਿਊਰਿਖ ਸ਼ਹਿਰ ਵਿੱਚ ਰਹਿ ਰਹੇ ਹਨ, ਕਹਿੰਦੇ ਹਨ, "ਮੈਂ ਖ਼ੁਦ ਨੂੰ ਬਹੁਤ ਸੁਰੱਖਿਅਤ ਮਹਿਸੂਸ ਨਹੀਂ ਕਰਦਾ। ਹਥਿਆਰਾਂ ਦਾ ਵਿਕਾਸ ਇਸ ਪੱਧਰ 'ਤੇ ਪਹੁੰਚ ਗਿਆ ਹੈ ਕਿ ਸਵਿੱਟਜ਼ਰਲੈਂਡ 'ਤੇ ਹਮਲਾ ਵੀ ਕਈ ਜਾਨਾਂ ਲੈ ਸਕਦਾ ਹੈ।" "ਮੈਨੂੰ ਯਕੀਨ ਨਹੀਂ ਹੈ ਕਿ 50 ਜਾਂ 60 ਸਾਲ ਪਹਿਲਾਂ ਬਣਾਏ ਗਏ ਬੰਕਰ ਅਜਿਹੇ ਹਮਲਿਆਂ ਨੂੰ ਰੋਕ ਸਕਣਗੇ।" ਸ਼ਾਇਦ ਇਹੀ ਕਾਰਨ ਹੈ ਕਿ ਸਰਕਾਰ ਹੁਣ ਇਸ ਨੈੱਟਵਰਕ ਨੂੰ ਬਿਹਤਰ ਅਤੇ ਆਧੁਨਿਕ ਬਣਾਉਣਾ ਚਾਹੁੰਦੀ ਹੈ। ਇਸ ਲਈ 250 ਮਿਲੀਅਨ ਡਾਲਰ ਦੇ ਨਿਵੇਸ਼ ਦੀ ਯੋਜਨਾ ਬਣਾਈ ਜਾ ਰਹੀ ਹੈ। ਇਸ ਯੋਜਨਾ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਇਹ ਬੰਕਰ ਐਮਰਜੈਂਸੀ ਵਿੱਚ ਵਰਤੋਂ ਲਈ ਤਿਆਰ ਹਨ। ਹਾਲਾਂਕਿ, ਅਧਿਕਾਰੀਆਂ ਦਾ ਕਹਿਣਾ ਹੈ ਕਿ ਬੰਕਰਾਂ ਵਿੱਚ ਸੁਧਾਰ ਕਿਸੇ ਯੁੱਧ ਦੀ ਤਿਆਰੀ ਨਹੀਂ ਹੈ, ਸਗੋਂ ਜਨਤਕ ਸੁਰੱਖਿਆ ਵਿੱਚ ਨਿਵੇਸ਼ ਹੈ।

ਜ਼ਿਊਰਿਖ ਵਿੱਚ ਰਹਿਣ ਵਾਲੀ ਇਜ਼ਾਬੇਲ ਕਹਿੰਦੀ ਹੈ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਹਮਲੇ ਦੀ ਸਥਿਤੀ ਵਿੱਚ ਉਨ੍ਹਾਂ ਨੂੰ ਕਿਹੜੇ ਬੰਕਰ ਵਿੱਚ ਜਾਣਾ ਪਵੇਗਾ। ਪਰ ਉਹ ਇਹ ਜਾਣ ਕੇ ਰਾਹਤ ਮਹਿਸੂਸ ਕਰਦੇ ਹਨ ਕਿ ਅਜਿਹੀ ਪ੍ਰਣਾਲੀ ਮੌਜੂਦ ਹੈ। ਉਹ ਕਹਿੰਦੀ ਹੈ, "ਮੈਨੂੰ ਲੱਗਦਾ ਹੈ ਕਿ ਇਹ ਪਰਮਾਣੂ ਆਫ਼ਤ ਜਾਂ ਟਕਰਾਅ ਦੀ ਸਥਿਤੀ ਵਿੱਚ ਲੋਕਾਂ ਦੀ ਰੱਖਿਆ ਕਰਨ ਦਾ ਇੱਕ ਵਧੀਆ ਤਰੀਕਾ ਹੈ। ਇਹ ਜਾਣ ਕੇ ਮੈਨੂੰ ਸ਼ਾਂਤੀ ਮਿਲਦੀ ਹੈ ਕਿ ਮੇਰੇ ਅਤੇ ਮੇਰੇ ਪਰਿਵਾਰ ਲਈ ਇੱਕ ਸੁਰੱਖਿਅਤ ਜਗ੍ਹਾ ਮੌਜੂਦ ਹੈ।" "ਅੱਜ ਦੀ ਦੁਨੀਆ ਵਿੱਚ ਜੋ ਕੁਝ ਹੋ ਰਿਹਾ ਹੈ, ਉਸ ਨੂੰ ਦੇਖਦੇ ਹੋਏ, ਕਿਸੇ ਵੀ ਸ਼ੱਕ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਮੈਨੂੰ ਉਮੀਦ ਹੈ ਕਿ ਸਵਿੱਟਜ਼ਰਲੈਂਡ ਆਪਣੀ ਨਿਰਪੱਖਤਾ ਕਾਇਮ ਰੱਖੇਗਾ ਅਤੇ ਆਪਣੇ ਲੋਕਾਂ ਲਈ ਇੱਕ ਸੁਰੱਖਿਅਤ ਜਗ੍ਹਾ ਰਹੇਗਾ।" ਸਵਿੱਟਜ਼ਰਲੈਂਡ ਨੇ ਹਿਟਲਰ ਦੇ ਯੁੱਗ ਦੌਰਾਨ ਜਰਮਨੀ ਤੋਂ ਭੱਜ ਰਹੇ ਹਜ਼ਾਰਾਂ ਯਹੂਦੀ ਸ਼ਰਨਾਰਥੀਆਂ ਨੂੰ ਸ਼ਰਨ ਦਿੱਤੀ।

**ਯੂਕਰੇਨ ਯੁੱਧ ਨੇ ਬਦਲੇ ਹਾਲਾਤ**

ਯੂਰਪ ਦੀ ਸਿਆਸਤ ਵਿੱਚ ਸਵਿੱਟਜ਼ਰਲੈਂਡ ਨੇ ਹਮੇਸ਼ਾ ਇੱਕ ਨਿਰਪੱਖ ਦੇਸ਼ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ। ਪਰ ਸਵਿੱਟਜ਼ਰਲੈਂਡ ਨੇ ਰੂਸ ਵਿਰੁੱਧ ਯੂਰਪੀ ਸੰਘ ਦੀਆਂ ਪਾਬੰਦੀਆਂ ਅਪਣਾਉਣ ਦੇ ਫ਼ੈਸਲੇ ਨਾਲ ਆਪਣੇ ਗੁੱਟ-ਨਿਰਪੱਖ ਵਾਲੇ ਰੁਖ਼ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਕੀਤੀ ਹੈ। ਸਥਾਨਕ ਮੀਡੀਆ ਰਿਪੋਰਟਾਂ ਦੇ ਅਨੁਸਾਰ, ਬੰਕਰ ਬਣਾਉਣ ਵਾਲੀਆਂ ਕੰਪਨੀਆਂ ਦਾ ਕਹਿਣਾ ਹੈ ਕਿ ਯੂਕਰੇਨ ਵਿੱਚ ਯੁੱਧ ਸ਼ੁਰੂ ਹੋਣ ਤੋਂ ਬਾਅਦ ਬੰਕਰਾਂ ਬਾਰੇ ਲੋਕਾਂ ਦੀ ਉਤਸੁਕਤਾ ਕਾਫ਼ੀ ਵੱਧ ਗਈ ਹੈ। ਮੇਂਗੇਯੂ ਏਜੀ ਅਤੇ ਲੂਨਰ ਵਰਗੀਆਂ ਕੰਪਨੀਆਂ ਨੂੰ ਮੌਜੂਦਾ ਬੰਕਰਾਂ ਦੀ ਮੁਰੰਮਤ ਅਤੇ ਸਮਰੱਥਾ ਬਾਰੇ ਬਹੁਤ ਸਾਰੇ ਸਵਾਲ ਪੁੱਛੇ ਗਏ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਬੰਕਰ 1960 ਅਤੇ 1980 ਦੇ ਦਹਾਕੇ ਦੇ ਹਨ ਅਤੇ ਹੁਣ ਤੁਰੰਤ ਰੱਖ-ਰਖਾਅ ਦੀ ਲੋੜ ਹੈ। ਸਿਵਲ ਸੁਰੱਖਿਆ ਵਿਭਾਗ ਦੇ ਇੱਕ ਅਧਿਕਾਰੀ ਡੈਨੀਅਲ ਜੋਰਡੀ ਪੁਸ਼ਟੀ ਕਰਦੇ ਹਨ, "ਹਾਂ, ਸਾਨੂੰ ਯੂਕਰੇਨ ਵਿੱਚ ਯੁੱਧ ਤੋਂ ਬਾਅਦ ਲੋਕਾਂ ਤੋਂ ਬਹੁਤ ਸਾਰੇ ਸਵਾਲ ਮਿਲੇ ਹਨ। ਇਹ ਸਵਾਲ ਨਾ ਸਿਰਫ਼ ਆਮ ਨਾਗਰਿਕਾਂ ਤੋਂ ਆ ਰਹੇ ਹਨ, ਸਗੋਂ ਉਨ੍ਹਾਂ ਲੋਕਾਂ ਤੋਂ ਵੀ ਆ ਰਹੇ ਹਨ ਜੋ ਐਮਰਜੈਂਸੀ ਵਿੱਚ ਲੋਕਾਂ ਨੂੰ ਸ਼ੈਲਟਰ ਤੱਕ ਪਹੁੰਚਾਉਂਦੇ ਹਨ।"

ਪੁੱਛੇ ਜਾ ਰਹੇ ਸਵਾਲਾਂ ਵਿੱਚ ਸਭ ਤੋਂ ਆਮ ਹੈ-







"ਮੇਰਾ ਬੰਕਰ ਕਿੱਥੇ ਹੈ?"

"ਕੀ ਮੇਰੇ ਕੋਲ ਹੈ?"

"ਕੀ ਬੰਕਰ ਅਜੇ ਵੀ ਸਹੀ ਸਲਾਮਤ ਹੈ?"

**"ਮੈਂ ਆਪਣਾ ਬੰਕਰ ਕਿਵੇਂ ਠੀਕ ਕਰ ਸਕਦਾ ਹਾਂ?"**

ਸਵਿੱਟਜ਼ਰਲੈਂਡ ਇੰਨੇ ਲੰਬੇ ਸਮੇਂ ਤੋਂ ਸ਼ਾਂਤੀਮਈ ਰਿਹਾ ਹੈ ਕਿ ਬਹੁਤ ਸਾਰੇ ਐਮਰਜੈਂਸੀ ਸ਼ੈਲਟਰ ਖ਼ਰਾਬ ਹੋ ਗਏ ਹਨ ਜਾਂ ਛੱਡ ਦਿੱਤੇ ਗਏ ਹਨ। ਐਸਡੇਜੀਓ ਇੰਸਟੀਚਿਊਟ ਦੇ ਪ੍ਰੋਫੈਸਰ ਜੁਆਨ ਮੋਸਕੋਸੋ ਡੇਲ ਪ੍ਰਾਡੋ ਦੱਸਦੇ ਹਨ, "ਯੂਕਰੇਨ ਦੇ ਹਮਲੇ ਨੇ ਜ਼ਾਪੋਰਿਜ਼ੀਆ ਪਰਮਾਣੂ ਊਰਜਾ ਪਲਾਂਟ ਵਰਗੀਆਂ ਮਹੱਤਵਪੂਰਨ ਪਰਮਾਣੂ ਸਹੂਲਤਾਂ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਧਮਾਕੇ ਜਾਂ ਹਮਲੇ ਦੀ ਸਥਿਤੀ ਵਿੱਚ ਰੇਡੀਓਐਕਟਿਵ ਪ੍ਰਦੂਸ਼ਣ ਮੱਧ ਯੂਰਪ ਨੂੰ ਪ੍ਰਭਾਵਿਤ ਕਰ ਸਕਦਾ ਹੈ।" ਅਮਰੀਕਾ ਵੱਲੋਂ ਯੂਰਪ ਤੋਂ ਆਪਣੀਆਂ ਕੁਝ ਫੌਜਾਂ ਵਾਪਸ ਬੁਲਾਉਣ ਦੇ ਐਲਾਨ ਅਤੇ ਪੱਛਮੀ ਯੂਰਪ ਦੀ ਸੁਰੱਖਿਆ ਪ੍ਰਤੀ ਉਸ ਦੀ ਘਟੀ ਹੋਈ ਵਚਨਬੱਧਤਾ ਨੇ ਸਵਿੱਟਜ਼ਰਲੈਂਡ ਨੂੰ ਵੀ ਪ੍ਰਭਾਵਿਤ ਕੀਤਾ ਹੈ।

**ਵਿਦੇਸ਼ੀ ਟਕਰਾਵਾਂ ਦੇ ਵਿਚਕਾਰ ਫਸਿਆ ਇੱਕ ਖੇਤਰ**

ਮੋਸਕੋਸੋ ਡੇਲ ਪ੍ਰਾਡੋ ਕਹਿੰਦੇ ਹਨ, "ਲੰਬੇ ਸਮੇਂ ਤੋਂ ਸਵਿੱਟਜ਼ਰਲੈਂਡ ਵਿਵਾਦਪੂਰਨ ਦੇਸ਼ਾਂ ਅਤੇ ਬਲਾਕਾਂ ਵਿਚਕਾਰ ਫਸਿਆ ਰਿਹਾ ਹੈ। ਇਹ ਸਥਿਤੀ ਸਦੀਆਂ ਤੱਕ ਰਹੀ, ਜਦੋਂ ਫਰਾਂਸ, ਜਰਮਨੀ, ਆਸਟ੍ਰੋ-ਹੰਗਰੀ ਸਾਮਰਾਜ ਅਤੇ ਰੂਸ ਵਿਚਕਾਰ ਯੁੱਧ ਅਤੇ ਟਕਰਾਅ ਹੁੰਦੇ ਸਨ।" "ਸ਼ੀਤ ਯੁੱਧ ਦੇ ਅੰਤ ਤੋਂ ਬਾਅਦ ਸਵਿੱਟਜ਼ਰਲੈਂਡ ਸ਼ਾਂਤੀ ਅਤੇ ਸਥਿਰਤਾ ਦੇ ਟਾਪੂ ਵਾਂਗ ਜਾਪਦਾ ਸੀ। ਪਰ ਯੂਕਰੇਨ ਵਿੱਚ ਜੰਗ ਕਾਰਨ ਹਾਲਾਤ ਬਦਲ ਗਏ ਹਨ।" ਅਜਿਹੇ ਸਮੇਂ ਜਦੋਂ ਯੂਰਪੀ ਸ਼ਕਤੀਆਂ ਰੱਖਿਆ ਅਤੇ ਹਥਿਆਰਾਂ 'ਤੇ ਆਪਣਾ ਖਰਚ ਵਧਾ ਰਹੀਆਂ ਹਨ, ਸਵਿੱਟਜ਼ਰਲੈਂਡ ਨੇ ਆਪਣੀ ਪੁਰਾਣੀ ਰੱਖਿਆ ਪ੍ਰਣਾਲੀ ਨੂੰ ਮੁੜ ਸਰਗਰਮ ਕਰਨਾ ਸ਼ੁਰੂ ਕਰ ਦਿੱਤਾ ਹੈ, ਉਹੀ ਪ੍ਰਣਾਲੀ ਜਿਸ ਨੇ ਇਸ ਨੂੰ ਪਿਛਲੀ ਸਦੀ ਦੇ ਹਥਿਆਰਬੰਦ ਸੰਘਰਸ਼ਾਂ ਤੋਂ ਬਾਹਰ ਰੱਖਿਆ ਸੀ।

# 3 ਤੋਂ 5 ਹਜਾਰ ਲੀਟਰ ਪਾਣੀ ਪੀ ਕੇ ਮਿਲਦੇ ਨੇ ਇੱਕ ਕਿੱਲੋ ਚੌਲ

**(ਸਫਾ 11 ਦੀ ਬਾਕੀ)**

ਉਗਾਈਆਂ ਜਾਂਦੀਆਂ ਹਨ, ਉੱਥੇ ਗਰਮੀ, ਸੋਕਾ, ਭਾਰੀ ਬਾਰਿਸ਼ ਅਤੇ ਹੜ੍ਹਾਂ ਦੀਆਂ ਘਟਨਾਵਾਂ ਵੱਧ ਰਹੀਆਂ ਹਨ।

ਭਾਰਤ ਵਿੱਚ 2024 ਦੇ ਚੌਲਾਂ ਦੇ ਸੀਜ਼ਨ ਦੌਰਾਨ ਤਾਪਮਾਨ 53 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ, ਜਦੋਂ ਕਿ ਬੰਗਲਾਦੇਸ਼ ਵਿੱਚ ਅਕਸਰ ਅਤੇ ਵੱਡੇ ਪੱਧਰ 'ਤੇ ਹੜ੍ਹ ਫ਼ਸਲਾਂ ਨੂੰ ਗੰਭੀਰ ਨੁਕਸਾਨ ਪਹੁੰਚਾ ਰਹੇ ਹਨ। ਇਸ ਚੁਣੌਤੀ ਨਾਲ ਨਜਿੱਠਣ ਲਈ ਆਈਆਰਆਰਆਈ (ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ) ਹੱਲ ਲੱਭਣ ਲਈ ਆਪਣੇ ਜੀਨ ਬੈਂਕ ਵਿੱਚ ਸੁਰੱਖਿਅਤ 1,32,000 ਚੌਲਾਂ ਦੀਆਂ ਕਿਸਮਾਂ ਦਾ ਵਿਸ਼-ਲੇਸ਼ਣ ਕਰ ਰਿਹਾ ਹੈ। ਇੱਕ ਮਹੱਤਵਪੂਰਨ ਪ੍ਰਾਪਤੀ ਵਿੱਚ ਵਿਗਿਆਨੀਆਂ ਨੇ ਇੱਕ ਜੀਨ ਲੱਭਿਆ ਹੈ ਜੋ ਪੌਦੇ ਨੂੰ 21 ਦਿਨਾਂ ਤੱਕ ਪਾਣੀ ਦੇ ਹੇਠਾਂ ਜਿਉਂਦਾ ਰੱਖ ਸਕਦਾ ਹੈ। ਡਾ. ਪਿੰਟੋ ਦੱਸਦੇ ਹਨ, "ਇਹ ਕਿਸਮਾਂ ਹੜ੍ਹਾਂ ਦੀਆਂ ਸਥਿਤੀਆਂ ਵਿੱਚ ਲੰਬੇ ਸਮੇਂ ਤੱਕ ਜਿਉਂਦੀਆਂ ਰਹਿ ਸਕਦੀਆਂ ਹਨ ਅਤੇ ਉਪਜ 'ਤੇ ਵੀ ਕੋਈ ਅਸਰ ਨਹੀਂ ਪੈਂਦਾ।"

ਉਹ ਕਹਿੰਦੇ ਹਨ ਕਿ ਬੰਗਲਾਦੇਸ਼ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਅਜਿਹੀਆਂ ਕਿਸਮਾਂ ਪ੍ਰਸਿੱਧ ਹੋ ਰਹੀਆਂ ਹਨ। ਕੁਝ ਦੇਸ਼ਾਂ ਨੇ ਚੌਲਾਂ ਦੀ ਖਪਤ ਘਟਾਉਣ ਦੀ ਕੋਸ਼ਿਸ਼ ਕੀਤੀ ਹੈ। ਬੰਗਲਾਦੇਸ਼ ਵਿੱਚ ਜਦੋਂ ਲਗਭਗ 15 ਸਾਲ ਪਹਿਲਾਂ ਚੌਲਾਂ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਸੀ, ਤਾਂ ਸਰਕਾਰ ਨੇ ਆਲੂਆਂ ਨੂੰ ਇੱਕ ਬਦਲ ਵਜੋਂ ਉਤਸ਼ਾਹਿਤ ਕਰਨ ਲਈ ਇੱਕ ਮੁਹਿੰਮ ਸ਼ੁਰੂ ਕੀਤੀ ਸੀ। ਢਾਕਾ ਵਿੱਚ ਰਹਿਣ ਵਾਲੇ ਸ਼ਰੀਫ ਸ਼ਬੀਰ ਕਹਿੰਦੇ ਹਨ, "ਸਾਨੂੰ ਆਲੂ ਪਸੰਦ ਹਨ" ਪਰ ਮੈਂ ਚੌਲਾਂ ਦੀ ਬਜਾਏ ਪੂਰੇ ਭੋਜਨ ਲਈ ਸਿਰਫ਼ ਆਲੂ ਖਾਣ ਦੀ ਕਲਪਨਾ ਵੀ ਨਹੀਂ ਕਰ ਸਕਦਾ।"

ਚੀਨ ਨੇ ਵੀ 2015 ਵਿੱਚ ਇੱਕ ਅਜਿਹੀ ਹੀ ਮੁਹਿੰਮ ਸ਼ੁਰੂ ਕੀਤੀ ਅਤੇ ਆਲੂਆਂ ਨੂੰ ਪੌਸ਼ਟਿਕ ਤੱਤਾਂ ਨਾਲ ਭਰਪੂਰ 'ਸੁਪਰਫੂਡ' ਵਜੋਂ ਉਤਸ਼ਾਹਿਤ ਕੀਤਾ।

ਦਰਅਸਲ, 1990 ਦੇ ਦਹਾਕੇ ਤੱਕ, ਚੀਨ ਦੁਨੀਆਂ ਦਾ ਮੋਹਰੀ ਆਲੂ ਉਤਪਾਦਕ ਬਣ ਗਿਆ ਸੀ, ਅਤੇ ਦੇਸ਼ ਦੇ ਕਈ ਹਿੱਸਿਆਂ ਨੇ ਆਲੂਆਂ ਨੂੰ ਮੁੱਖ ਭੋਜਨ ਵਜੋਂ ਅਪਣਾਉਣ ਲੱਗ ਪਏ ਸਨ। ਹਾਲਾਂਕਿ, ਇਹ ਮੁਹਿੰਮ ਸਫ਼ਲ ਨਹੀਂ ਹੋਈ। ਲੰਡਨ ਦੀ ਐਸਓਏਐਸ ਲੰਡਨ ਯੂਨੀਵਰਸਿਟੀ ਦੇ ਇੱਕ ਮਾਨਵ-ਵਿਗਿਆਨੀ ਜੈਕਬ ਕਲੇਨ ਦੱਸਦੇ ਹਨ, "ਦੱਖਣ-ਪੱਛਮ ਅਤੇ ਉੱਤਰ-ਪੱਛਮੀ ਚੀਨ ਵਿੱਚ ਕਈ ਵਾਰ ਆਲੂਆਂ ਨੂੰ ਮੁੱਖ ਭੋਜਨ ਵਜੋਂ ਖਾਧਾ ਜਾਂਦਾ ਹੈ।" ਪਰ ਉਹ ਅੱਗੇ ਕਹਿੰਦੇ ਹਨ, "ਬਹੁਤ ਸਾਰੇ ਖੇਤਰਾਂ ਵਿੱਚ ਆਲੂ ਗਰੀਬੀ ਨਾਲ ਜੁੜੇ ਹੋਏ ਹਨ।" ਕਲੇਨ ਕਹਿੰਦੇ ਹਨ, "ਦੱਖਣ-ਪੱਛਮੀ ਚੀਨ ਦੇ ਬਹੁਤ ਸਾਰੇ ਲੋਕਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਆਪਣਾ ਬਚਪਨ ਆਲੂ ਖਾ ਕੇ ਬਿਤਾਇਆ। ਦਰਅਸਲ, ਆਲੂ ਖਾਣ ਨਾਲ ਇੱਕ ਕਿਸਮ ਦਾ ਸਮਾਜਿਕ ਅਪਮਾਨ ਜੁੜਿਆ ਹੋਇਆ ਹੈ।" ਵਿਸ਼ਵ ਪੱਧਰ 'ਤੇ ਚੌਲ ਆਮ ਲੋਕਾਂ ਦੇ ਜੀਵਨ ਵਿੱਚ ਡੂੰਘਾਈ ਨਾਲ ਜੁੜੇ ਹੋਏ ਹਨ। ਇਹ ਸੁਆਦੀ, ਤਿਆਰ ਕਰਨ ਵਿੱਚ ਅਤੇ ਸਟੋਰ ਕਰਨ ਵਿੱਚ ਆਸਾਨ ਹੈ ਅਤੇ ਇਸ ਨੂੰ ਕਿਤੇ ਵੀ ਲੈ ਕੇ ਜਾ ਸਕਦੇ ਹੋ।

ਅੰਦਾਜ਼ਾ ਲਗਾਇਆ ਗਿਆ ਹੈ ਕਿ ਹਰ ਸਾਲ ਦੁਨੀਆਂ ਭਰ ਵਿੱਚ ਲਗਭਗ 52 ਕਰੋੜ ਟਨ ਚੌਲ ਖਪਤ ਕੀਤੇ ਜਾਂਦੇ ਹਨ। ਫਿਲੀਪੀਨਜ਼ ਤੋਂ ਐਡਰੀਆਨ ਬਿਆਂਕਾ ਵਿਲਾਨੁਏਵਾ ਮੰਨਦੇ ਹਨ ਕਿ ਉਹ ਚੌਲ ਖਾਣਾ ਘੱਟ ਕਰ ਸਕਦੀ ਹੈ ਪਰ ਇਸ ਨੂੰ ਛੱਡ ਨਹੀਂ ਸਕਦੀ। ਉਹ ਕਹਿੰਦੀ ਹੈ, "ਭਾਵੇਂ ਮੈਂ ਚੌਲ ਨਾ ਵੀ ਖਾਣਾ ਚਾਹਾ, ਜਦੋਂ ਮੈਂ ਕਿਸੇ ਦੇ ਘਰ ਜਾਂ ਪਾਰਟੀ ਵਿੱਚ ਜਾਂਦੀ ਹਾਂ, ਤਾਂ ਉਹ ਹਮੇਸ਼ਾ ਚੌਲਾਂ ਦੇ ਪਕਵਾਨ ਪਰੋਸਦੇ ਹਨ।" "ਮੈਨੂੰ ਲੱਗਦਾ ਹੈ ਕਿ ਮੈਂ ਚੌਲ ਖਾਣਾ ਘੱਟ ਕਰ ਦੇਵਾਂਗੀ, ਪਰ ਇਸ ਨੂੰ ਪੂਰੀ ਤਰ੍ਹਾਂ ਖਾਣਾ ਬੰਦ ਕਰਨਾ ਮੁਸ਼ਕਲ ਹੈ ਕਿਉਂਕਿ ਇਹ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹਨ।"

# ਬ੍ਰਿਟੇਨ ਨਾਲ ਹੋਏ ਸਮਝੌਤੇ ਕਰਕੇ ਭਾਰਤ 'ਚ ਕੀ-ਕੀ ਹੋਵੇਗਾ ਸਸਤਾ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਛੇ ਅਰਬ ਪਾਉਂਡ ਦੇ ਇੱਕ ਵਪਾਰ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ। ਇਸ ਸਮਝੌਤੇ ਦੇ ਤਹਿਤ, ਬ੍ਰਿਟੇਨ ਦੀ ਵਿਸਕੀ ਅਤੇ ਕਾਰਾਂ ਭਾਰਤ ਵਿੱਚ ਸਸਤੀਆਂ ਹੋਣਗੀਆਂ। ਦੂਜੇ ਪਾਸੇ, ਭਾਰਤੀ ਕੱਪੜੇ ਅਤੇ ਗਹਿਣੇ ਬ੍ਰਿਟੇਨ ਵਿੱਚ ਸਸਤੇ ਹੋਣਗੇ। ਭਾਰਤ ਅਤੇ ਬ੍ਰਿਟੇਨ ਦੋਵੇਂ ਇਸ ਵਪਾਰ ਸਮਝੌਤੇ ਤੋਂ ਲਾਭ ਪ੍ਰਾਪਤ ਕਰਨ ਦੀ ਉਮੀਦ ਕਰ ਰਹੇ ਹਨ। ਪਰ ਸਵਾਲ ਇਹ ਹੈ ਕਿ ਇਸ ਸੌਦੇ ਤੋਂ ਕਿਸਨੂੰ ਜ਼ਿਆਦਾ ਫਾਇਦਾ ਹੋਵੇਗਾ?

ਪ੍ਰਧਾਨ ਮੰਤਰੀ ਮੋਦੀ ਨੇ ਬ੍ਰਿਟੇਨ ਨਾਲ ਵਪਾਰ ਸਮਝੌਤੇ ਦੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਇਸ ਸੌਦੇ ਦੀ ਮਦਦ ਨਾਲ, ਭਾਰਤੀ ਕੱਪੜੇ, ਜੁੱਤੀਆਂ, ਗਹਿਣੇ, ਸੀਅ ਫੂਡ ਅਤੇ ਇੰਜੀਨੀਅਰਿੰਗ ਨਾਲ ਸਬੰਧਤ ਚੀਜ਼ਾਂ ਨੂੰ ਬ੍ਰਿਟਿਸ਼ ਬਾਜ਼ਾਰ ਤੱਕ ਬਿਹਤਰ ਪਹੁੰਚ ਮਿਲੇਗੀ। ਪ੍ਰਧਾਨ ਮੰਤਰੀ ਮੋਦੀ ਨੇ ਇਹ ਵੀ ਕਿਹਾ ਕਿ ਇਸ ਸੌਦੇ ਨਾਲ ਭਾਰਤੀਆਂ ਨੂੰ ਬ੍ਰਿਟੇਨ ਵਿੱਚ ਬਣੇ ਉਤਪਾਦਾਂ ਤੱਕ ਵਧੇਰੇ ਪਹੁੰਚ ਮਿਲੇਗੀ ਅਤੇ ਉਹ ਮੈਡੀਕਲ ਉਪਕਰਣ ਅਤੇ ਏਰੋਸਪੇਸ ਪਾਰਟਸ ਕਿਫਾਇਤੀ ਕੀਮਤਾਂ 'ਤੇ ਪ੍ਰਾਪਤ ਕਰ ਸਕਣਗੇ। ਦੂਜੇ ਪਾਸੇ, ਪ੍ਰਧਾਨ ਮੰਤਰੀ ਸਟਾਰਮਰ ਨੇ ਇਸ ਸੌਦੇ ਨੂੰ ਬ੍ਰਿਟੇਨ ਦੀ ਜਿੱਤ ਕਿਹਾ ਹੈ। ਉਨ੍ਹਾਂ ਕਿਹਾ ਹੈ ਕਿ ਇਸ ਸੌਦੇ ਨਾਲ ਬ੍ਰਿਟੇਨ ਵਿੱਚ 2,200 ਤੋਂ ਵੱਧ ਨੌਕਰੀਆਂ ਪੈਦਾ ਹੋਣਗੀਆਂ। ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੇ ਰੱਖਿਆ, ਸਿੱਖਿਆ, ਜਲਵਾਯੂ ਅਤੇ ਤਕਨੀਕ ਦੇ ਖੇਤਰ ਵਿੱਚ ਸਹਿਯੋਗ ਵਧਾਉਣ ਲਈ ਵੀ ਸਹਿਮਤੀ ਪ੍ਰਗਟਾਈ ਹੈ।

### ਭਾਰਤ ਨੂੰ ਕੀ ਫਾਇਦਾ ਹੋਵੇਗਾ?



ਇਸ ਹਫ਼ਤੇ ਦੇ ਸ਼ੁਰੂ ਵਿੱਚ ਹੀ ਮੋਦੀ ਕੈਬਨਿਟ ਨੇ ਭਾਰਤ-ਬ੍ਰਿਟੇਨ ਵਪਾਰ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ ਸੀ। ਪਰ ਇਸ ਸੌਦੇ ਨੂੰ ਅਜੇ ਬ੍ਰਿਟਿਸ਼ ਸੰਸਦ ਦੀ ਪ੍ਰਵਾਨਗੀ ਮਿਲਣਾ ਬਾਕੀ ਹੈ ਅਤੇ ਇਸਨੂੰ ਪ੍ਰਭਾਵੀ ਹੋਣ ਵਿੱਚ ਘੱਟੋ-ਘੱਟ ਇੱਕ ਸਾਲ ਦਾ ਸਮਾਂ ਲੱਗ ਸਕਦਾ ਹੈ। ਭਾਰਤ ਅਤੇ ਬ੍ਰਿਟੇਨ ਵਿਚਕਾਰ ਵਪਾਰ ਸਮਝੌਤੇ ਨੂੰ ਤਿੰਨ ਸਾਲ ਲੱਗੇ ਹਨ। ਦਿੱਲੀ ਸਥਿਤ ਥਿੰਕ ਟੈਂਕ, ਰਿਸਰਚ ਐਂਡ ਇਨਫਰਮੇਸ਼ਨ ਸਿਸਟਮ ਫਾਰ ਡਿਵੈਲਪਿੰਗ ਕੰਟਰੀਜ਼ (ਆਰਆਈਐਸ) ਦੇ ਡਾਇਰੈਕਟਰ ਜਨਰਲ ਬਿਸਵਜੀਤ ਧਰ ਦਾ ਮੰਨਣਾ ਹੈ ਕਿ ਦੂਜੇ ਵਿਕਸਤ ਦੇਸ਼ਾਂ ਦੇ ਮੁਕਾਬਲੇ, ਭਾਰਤ ਬ੍ਰਿਟੇਨ ਨਾਲ ਇਸ ਸਮਝੌਤੇ 'ਤੇ ਬਹੁਤ ਜਲਦੀ ਦਸਤਖ਼ਤ ਕਰਨ 'ਚ ਕਾਮਯਾਬ ਰਿਹਾ ਹੈ।

ਬਿਸਵਜੀਤ ਧਰ ਨੇ ਸਮਝੌਤੇ ਨੂੰ ਪ੍ਰਵਾਨਗੀ ਦੇਣ ਵਿੱਚ ਤਿੰਨ ਸਾਲ ਲੱਗਣ ਦਾ ਕਾਰਨ ਦੱਸਦੇ ਹੋਏ ਕਿਹਾ, "ਭਾਰਤ ਵਿੱਚ ਬਹੁਤ ਸਾਰੇ ਛੋਟੇ ਕਿਸਾਨ ਅਤੇ ਵਪਾਰੀ ਹਨ, ਉਹ ਇਸ ਤਰ੍ਹਾਂ ਦੇ ਵਪਾਰ ਨਾਲ ਅਸਹਿਜ ਅਤੇ ਅਸੁਰੱਖਿਅਤ ਮਹਿਸੂਸ ਕਰਦੇ ਹਨ। ਸਰਕਾਰ ਨੂੰ ਉਨ੍ਹਾਂ ਨੂੰ ਮਨਾਉਣ ਅਤੇ ਸਮਝਾਉਣ ਵਿੱਚ ਬਹੁਤ ਸਮਾਂ ਲੱਗਦਾ ਹੈ। ਇਸੇ ਕਰਕੇ ਭਾਰਤ ਨੂੰ ਦੂਜੇ ਦੇਸ਼ਾਂ ਨਾਲ ਵਪਾਰਕ ਸੌਦੇ ਕਰਨ ਵਿੱਚ ਜ਼ਿਆਦਾ ਸਮਾਂ ਲੱਗਦਾ ਹੈ।" ਬਿਸਵਜੀਤ ਧਰ ਨੇ ਕਿਹਾ, "ਹੋਰ ਵੱਡੇ ਦੇਸ਼ਾਂ ਨਾਲ ਵਪਾਰਕ ਸੌਦੇ ਕਰਨ ਵਿੱਚ ਸਾਨੂੰ ਜਿੰਨਾ ਸਮਾਂ ਲੱਗਾ ਹੈ, ਉਸ ਦੇ ਮੁਕਾਬਲੇ ਇਹ ਸੌਦਾ ਕਾਫੀ ਘੱਟ ਸਮੇਂ ਵਿੱਚ ਹੋ ਗਿਆ ਹੈ। ਯੂਰਪੀਅਨ ਯੂਨੀਅਨ ਨਾਲ ਅਸੀਂ 18 ਸਾਲਾਂ ਤੋਂ ਵਪਾਰਕ ਸੌਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਵੱਡੇ ਦੇਸ਼ਾਂ ਨਾਲ ਵਪਾਰਕ ਸੌਦੇ ਕਰਨ ਵਿੱਚ ਸਾਨੂੰ ਬਹੁਤ ਸਮਾਂ ਲੱਗ ਰਿਹਾ ਹੈ।"

ਸਮਝੌਤੇ ਦੇ ਅਨੁਸਾਰ ਭਾਰਤ ਤੋਂ ਬ੍ਰਿਟੇਨ ਨੂੰ ਬਰਾਮਦ (ਨਿਰਯਾਤ) ਕੀਤੇ ਜਾਣ ਵਾਲੇ ਬਹੁਤ ਸਾਰੇ ਉਤਪਾਦਾਂ 'ਤੇ ਟੈਰਿਫ ਘੱਟ ਹੋਵੇਗਾ। ਇਨ੍ਹਾਂ ਵਿੱਚ ਕੱਪੜੇ ਅਤੇ ਜੁੱਤੇ ਸ਼ਾਮਲ ਹਨ। ਇਸ ਸੌਦੇ ਨਾਲ ਭਾਰਤ ਤੋਂ ਬ੍ਰਿਟੇਨ ਨੂੰ ਬਰਾਮਦ ਕੀਤੇ ਜਾਣ ਵਾਲੇ ਭੋਜਨ ਅਤੇ ਫਰੋਜ਼ਨ ਪ੍ਰਾਨ (ਜੰਮੇ ਹੋਏ ਝੀਂਗੇ) 'ਤੇ ਵੀ ਟੈਰਿਫ ਘਟੇਗਾ। ਇਸ ਤੋਂ ਇਲਾਵਾ, ਕਾਰਾਂ ਦੀ ਬਰਾਮਦ 'ਤੇ ਟੈਰਿਫ ਵੀ ਘਟਾਇਆ ਜਾਵੇਗਾ। ਇਸ ਵਪਾਰਕ ਸੌਦੇ ਤੋਂ ਭਾਰਤ ਦੇ ਇਲੈਕਟ੍ਰਿਕ ਅਤੇ ਹਾਈਬ੍ਰਿਡ ਵਾਹਨਾਂ ਲਈ ਬ੍ਰਿਟਿਸ਼ ਬਾਜ਼ਾਰ ਤੱਕ ਪਹੁੰਚ ਮਿਲਣ ਦੀ ਵੀ ਉਮੀਦ ਹੈ। ਬ੍ਰਿਟੇਨ ਭਾਰਤ ਤੋਂ ਲਗਭਗ 11 ਬਿਲੀਅਨ ਪਾਉਂਡ (ਲਗਭਗ 1285 ਅਰਬ ਰੁਪਏ) ਦੇ ਸਮਾਨ ਦੀ ਦਰਾਮਦ (ਆਯਾਤ) ਕਰਦਾ ਹੈ। ਟੈਰਿਫ ਘੱਟ ਹੋਣ ਨਾਲ ਬ੍ਰਿਟੇਨ ਵਿੱਚ ਭਾਰਤੀ ਬਰਾਮਦ ਸਸਤੀ ਹੋ ਜਾਵੇਗੀ। ਮਾਹਰਾਂ ਦੇ ਅਨੁਸਾਰ, ਵਪਾਰ ਸਮਝੌਤੇ ਦੇ ਕਾਰਨ ਭਾਰਤ ਤੋਂ ਬ੍ਰਿਟੇਨ ਦੀ ਦਰਾਮਦ ਵੱਧ ਸਕਦੀ ਹੈ।

ਆਈਸੀਆਰਏ ਲਿਮਟਿਡ ਦੇ ਮੁੱਖ ਅਰਥਸ਼ਾਸਤਰੀ ਅਦਿਤੀ ਨਾਇਰ ਦੇ ਅਨੁਸਾਰ, ਭਾਰਤ ਅਤੇ ਬ੍ਰਿਟੇਨ ਵਿਚਕਾਰ ਮੁਫਤ ਵਪਾਰ ਸਮਝੌਤੇ (ਐਫਟੀਏ) ਨਾਲ ਦੋਵਾਂ ਦੇਸ਼ਾਂ ਵਿਚਕਾਰ ਵਪਾਰਕ ਸਬੰਧਾਂ ਦੇ ਮਜ਼ਬੂਤ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ, "ਪਿਛਲੇ ਇੱਕ ਦਹਾਕੇ ਵਿੱਚ ਬ੍ਰਿਟੇਨ ਨਾਲ ਭਾਰਤ ਦਾ ਵਪਾਰ ਮਾਮੂਲੀ ਵਧਿਆ ਹੈ। ਐਫਟੀਏ ਨਾਲ ਕੱਪੜਾ, ਧਾਤਾਂ, ਖੇਤੀਬਾੜੀ ਉਤਪਾਦ, ਇਲੈਕਟ੍ਰਿਕ ਅਤੇ ਇਲੈਕਟ੍ਰਾਨਿਕ ਉਤਪਾਦ, ਖੇਡਾਂ ਸਬੰਧੀ ਸਮਾਨ ਅਤੇ ਚਮੜੇ ਸਮੇਤ ਵੱਖ-ਵੱਖ ਖੇਤਰਾਂ ਵਿੱਚ ਬਰਾਮਦ ਦੇ ਮੌਕੇ ਵਧਣਗੇ।" ਭਾਰਤ ਤੋਂ ਬ੍ਰਿਟੇਨ ਵਿੱਚ ਸੋਨੇ-ਹੀਰੇ ਦੇ ਗਹਿਣੇ, ਕੱਪੜੇ ਅਤੇ ਚਮੜੇ ਦੇ ਸਮਾਨ ਦੀ ਬਰਾਮਦ 'ਤੇ ਕੋਈ ਟੈਰਿਫ ਨਹੀਂ ਹੋਵੇਗਾ। ਬ੍ਰਿਟੇਨ ਬਾਸਮਤੀ ਚੌਲ, ਝੀਂਗਾ, ਮਸਾਲਿਆਂ ਅਤੇ ਚਾਹ 'ਤੇ ਵੀ ਦਰਾਮਦ ਡਿਊਟੀ ਘਟਾਏਗਾ। ਇਸ ਨਾਲ ਭਾਰਤੀ ਨਿਰਯਾਤਕਾਂ ਦੀ ਬ੍ਰਿਟਿਸ਼ ਬਾਜ਼ਾਰਾਂ ਤੱਕ ਪਹੁੰਚ ਵਧੇਗੀ।

ਬਿਸਵਜੀਤ ਧਰ ਦਾ ਕਹਿਣਾ ਹੈ ਕਿ ਭਾਰਤ ਨੂੰ ਇਸ ਵਪਾਰ ਸਮਝੌਤੇ ਤੋਂ ਬਹੁਤ ਸਾਰੇ ਲਾਭਾਂ ਦੀ ਉਮੀਦ ਕਰ ਰਿਹਾ ਹੈ। ਉਨ੍ਹਾਂ ਕਿਹਾ, "ਬ੍ਰਿਟੇਨ ਨੇ ਭਾਰਤ ਨਾਲ ਨਿਰਯਾਤ ਲਗਭਗ ਖ਼ਤਮ ਹੀ ਕਰ ਦਿੱਤਾ ਹੈ। ਭਾਰਤ ਨੂੰ ਖਿਡੌਣਿਆਂ ਅਤੇ ਕੱਪੜਿਆਂ ਨਾਲ ਸਬੰਧਤ ਖੇਤਰਾਂ ਵਿੱਚ ਲਾਭ ਹੋਣ ਦੀ ਉਮੀਦ ਹੈ।" "ਇਨ੍ਹਾਂ ਖੇਤਰਾਂ ਵਿੱਚ ਦਰਾਮਦ ਵਧਣ ਦੀ ਉਮੀਦ ਹੈ। ਇਸ ਨਾਲ ਰੁਜ਼ਗਾਰ ਵਧੇਗਾ। ਇਹ ਸਾਡੀ ਸਭ ਤੋਂ ਵੱਡੀ ਲੋੜ ਹੈ। ਕਿਉਂਕਿ ਜਦੋਂ ਤੱਕ ਰੁਜ਼ਗਾਰ ਨਹੀਂ ਵੱਧਦਾ, ਆਮਦਨ ਨਹੀਂ ਵਧੇਗੀ।" ਹਾਲਾਂਕਿ, ਅਰਥਸ਼ਾਸਤਰੀ ਸ਼ਰਦ ਕੋਹਲੀ ਦਾ ਮੰਨਣਾ ਹੈ ਕਿ ਇਹ ਕਹਿਣਾ ਬਹੁਤ ਜਲਦਬਾਜ਼ੀ ਹੋਵੇਗੀ ਕਿ ਇਸ ਸੌਦੇ ਤੋਂ ਭਾਰਤ ਨੂੰ ਕਿੰਨਾ ਲਾਭ ਹੋਵੇਗਾ।

ਉਨ੍ਹਾਂ ਕਿਹਾ, "ਇਹ ਸੌਦਾ ਹੋ ਤਾਂ ਗਿਆ ਹੈ। ਪਰ ਇਸਨੂੰ ਅਜੇ ਬ੍ਰਿਟੇਨ ਦੀ ਸੰਸਦ ਵਿੱਚ ਪਾਸ ਕੀਤਾ ਜਾਣਾ ਹੈ। ਉੱਥੇ ਇਸਦਾ ਵਿਰੋਧ ਕੀਤਾ ਜਾ ਰਿਹਾ ਹੈ। ਉੱਥੇ ਵਿਰੋਧੀ ਧਿਰ ਇਸਦਾ ਵਿਰੋਧ ਕਰ ਰਹੀ ਹੈ। ਬ੍ਰਿਟੇਨ ਦੀ ਅਰਥਵਿਵਸਥਾ ਦੀ ਹਾਲਤ ਚੰਗੀ ਨਹੀਂ ਹੈ। ਲੋਕ ਉੱਥੇ ਸਾਮਾਨ ਨਹੀਂ ਖਰੀਦ ਰਹੇ ਕਿਉਂਕਿ ਉਨ੍ਹਾਂ ਕੋਲ ਖਰੀਦਣ ਲਈ ਪੈਸੇ ਨਹੀਂ ਹਨ।"

### ਸਰਵਿਸ ਸੈਕਟਰ ਵਿੱਚ ਕੀ ਬਦਲੇਗਾ?

ਪ੍ਰਧਾਨ ਮੰਤਰੀ ਮੋਦੀ ਨੇ ਉਮੀਦ ਜਤਾਈ ਹੈ ਕਿ ਇਸ ਸੌਦੇ ਤੋਂ ਦੋਵਾਂ ਦੇਸ਼ਾਂ ਦੇ ਸਰਵਿਸ ਸੈਕਟਰ ਨੂੰ ਫਾਇਦਾ ਹੋਵੇਗਾ। ਉਨ੍ਹਾਂ ਕਿਹਾ, "ਇਸ ਸੌਦੇ ਨਾਲ ਦੋਵਾਂ ਦੇਸ਼ਾਂ ਦੇ ਸਰਵਿਸ ਸੈਕਟਰ ਨੂੰ ਫਾਇਦਾ ਹੋਵੇਗਾ। ਖਾਸ ਕਰਕੇ ਤਕਨਾਲੋਜੀ ਅਤੇ ਵਿੱਤ ਖੇਤਰਾਂ ਵਿੱਚ। ਇਸ ਨਾਲ ਵਪਾਰ ਵਿੱਚ ਵੀ ਆਸਾਨੀ ਹੋਵੇਗੀ ਅਤੇ ਕਾਰੋਬਾਰ ਕਰਨ ਦੀ ਲਾਗਤ ਵੀ ਘਟੇਗੀ। ਇਨ੍ਹਾਂ ਸਮਝੌਤਿਆਂ ਨਾਲ ਦੋਵਾਂ ਦੇਸ਼ਾਂ ਵਿੱਚ ਨਿਵੇਸ਼ ਵਧੇਗਾ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।" ਅਦਿਤੀ ਨਾਇਰ ਦੇ ਅਨੁਸਾਰ, ਭਾਰਤ ਨੂੰ ਬ੍ਰਿਟੇਨ ਦੇ ਸਰਵਿਸ ਸੈਕਟਰ ਵਿੱਚ ਖ਼ਾਸ ਕਰਕੇ ਆਈਟੀ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਤਰਾਂ ਪ੍ਰਤੀ ਬ੍ਰਿਟੇਨ ਦੀਆਂ ਵਚਨਬੱਧਤਾਵਾਂ ਨਾਲ ਭਾਰਤ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ, "ਭਾਰਤੀ ਕਾਮਿਆਂ ਨੂੰ ਤਿੰਨ ਸਾਲਾਂ ਲਈ ਸਮਾਜਿਕ ਸੁਰੱਖਿਆ ਭੁਗਤਾਨਾਂ ਤੋਂ ਛੋਟ ਮਿਲਣ ਦੀ ਉਮੀਦ ਹੈ। ਇਸ ਤੋਂ ਇਲਾਵਾ, ਬ੍ਰਿਟੇਨ ਵਿੱਚ ਭਾਰਤੀ ਕਾਰਪੋਰੇਟਾਂ ਨੂੰ ਵੀ ਇਸ ਸੌਦੇ ਤੋਂ ਬਹੁਤ ਲਾਭ ਹੋਣ ਦੀ ਉਮੀਦ ਹੈ।"

ਦੂਜੇ ਪਾਸੇ ਬਿਸਵਜੀਤ ਧਰ ਕਹਿੰਦੇ ਹਨ, "ਭਾਰਤੀ ਕਾਮਿਆਂ ਨੂੰ ਤਿੰਨ ਸਾਲਾਂ ਲਈ ਸਮਾਜਿਕ ਸੁਰੱਖਿਆ ਭੁਗਤਾਨਾਂ ਤੋਂ ਛੋਟ ਮਿਲਣ ਨਾਲ ਉਨ੍ਹਾਂ ਦੇ ਖਰਚੇ ਘੱਟ ਜਾਣਗੇ। ਇਸ ਨਾਲ ਉੱਥੇ ਜਾਣ ਵਾਲੇ ਜਾਂ ਉੱਥੇ ਰਹਿਣ ਵਾਲੇ ਭਾਰਤੀਆਂ ਨੂੰ ਫਾਇਦਾ ਹੋ ਸਕਦਾ ਹੈ। ਉਨ੍ਹਾਂ ਕਿਹਾ, "ਬ੍ਰਿਟੇਨ ਦਾ ਸਰਵਿਸ ਸੈਕਟਰ ਕਾਫੀ ਵੱਡਾ ਹੈ। ਬ੍ਰਿਟੇਨ ਵੀ ਚਾਹੁੰਦਾ ਵੀ ਹੈ ਕਿ ਸਰਵਿਸ ਸੈਕਟਰ ਵਿੱਚ ਹੋਰ ਭਾਰਤੀ ਉੱਥੇ ਆਉਣ। ਮੈਨੂੰ ਉਮੀਦ ਹੈ ਕਿ ਵਪਾਰ ਸਮਝੌਤੇ ਨਾਲ ਉੱਥੇ ਭਾਰਤੀ ਨੌਜਵਾਨਾਂ ਨੂੰ ਨੌਕਰੀਆਂ ਮਿਲਣਗੀਆਂ।"

### ਕੀ ਬ੍ਰਿਟੇਨ ਨੂੰ ਫਾਇਦਾ ਹੋਵੇਗਾ?

ਬ੍ਰਿਟਿਸ਼ ਸਰਕਾਰ ਉਮੀਦ ਕਰ ਰਹੀ ਹੈ ਕਿ ਕਈ ਸਾਲਾਂ ਬਾਅਦ ਹੋਏ ਇਸ ਸਮਝੌਤੇ ਨਾਲ ਬ੍ਰਿਟਿਸ਼ ਅਰਥਵਿਵਸਥਾ ਨੂੰ 4.8 ਬਿਲੀਅਨ ਪਾਉਂਡ ਯਾਨੀ ਲਗਭਗ 560 ਅਰਬ ਰੁਪਏ ਦਾ ਫਾਇਦਾ ਹੋ ਸਕਦਾ ਹੈ। ਭਾਰਤ ਵਿੱਚ ਪਹਿਲਾਂ ਬ੍ਰਿਟੇਨ ਤੋਂ ਦਰਾਮਦ 'ਤੇ ਔਸਤਨ 15 ਫੀਸਦੀ ਟੈਰਿਫ ਲੱਗਦਾ ਸੀ, ਜੋ ਇਸ ਸੌਦੇ ਤੋਂ ਬਾਅਦ ਘਟ ਕੇ ਤਿੰਨ ਫੀਸਦੀ ਰਹਿ ਜਾਵੇਗਾ। ਟੈਰਿਫ ਵਿੱਚ ਕਮੀ ਦੇ ਕਾਰਨ, ਬ੍ਰਿਟਿਸ਼ ਕੰਪਨੀਆਂ ਲਈ ਭਾਰਤ ਵਿੱਚ ਕਾਰੋਬਾਰ ਕਰਨ ਦੇ ਹੋਰ ਮੌਕੇ ਪੈਦਾ ਹੋਣਗੇ।

ਭਾਰਤ ਵਿੱਚ ਬ੍ਰਿਟੇਨ ਤੋਂ ਵਿਸਕੀ ਦਰਾਮਦਗੀ 'ਤੇ ਪਹਿਲਾਂ 150 ਫੀਸਦੀ ਟੈਰਿਫ ਸੀ, ਜੋ ਹੁਣ ਘਟਾ ਕੇ 75 ਫੀਸਦੀ ਕਰ ਦਿੱਤਾ ਜਾਵੇਗਾ। ਇਸ ਨਾਲ ਭਾਰਤ ਵਿੱਚ ਵਿਸਕੀ ਵੇਚਣ ਦੇ ਮਾਮਲੇ ਵਿੱਚ ਬ੍ਰਿਟਿਸ਼ ਕੰਪਨੀਆਂ ਨੂੰ ਹੋਰ ਵਿਦੇਸ਼ੀ ਕੰਪਨੀਆਂ ਦੇ ਮੁਕਾਬਲੇ ਲਾਭ ਹੋ ਸਕਦਾ ਹੈ। ਇਸ ਵਪਾਰ ਸਮਝੌਤੇ ਤੋਂ ਬ੍ਰਿਟੇਨ ਨੂੰ ਕਿਵੇਂ ਫਾਇਦਾ ਹੋਵੇਗਾ, ਇਸ ਸਵਾਲ 'ਤੇ ਬਿਸਵਜੀਤ ਧਰ ਕਹਿੰਦੇ ਹਨ, "ਬ੍ਰਿਟੇਨ ਆਰਥਿਕਤਾ ਦੇ ਮਾਮਲੇ ਵਿੱਚ ਭਾਰਤ ਤੋਂ ਪਿੱਛੇ ਹੋ ਗਿਆ ਹੈ। ਬ੍ਰਿਟੇਨ ਦੀ ਅਰਥਵਿਵਸਥਾ ਨੂੰ ਅੱਗੇ ਵਧਾਉਣਾ ਹੈ ਤਾਂ ਉਸ ਨੂੰ ਵੱਡੇ ਬਾਜ਼ਾਰ ਦੀ ਭਾਲ ਹੈ। ਚੀਨ ਨੂੰ ਛੱਡ ਕੇ ਭਾਰਤ ਜਿੰਨਾ ਵੱਡਾ ਹੋਰ ਕੋਈ ਬਾਜ਼ਾਰ ਨਹੀਂ ਹੈ। ਬ੍ਰਿਟੇਨ ਨੂੰ ਕਈ ਖੇਤਰਾਂ ਵਿੱਚ ਫਾਇਦਾ ਹੋਣ ਵਾਲਾ ਹੈ। ਜੇਕਰ ਅਸੀਂ ਇੱਕ ਸੈਕਟਰ ਦੀ ਗੱਲ ਕਰੀਏ ਤਾਂ ਸਭ ਤੋਂ ਵੱਡਾ ਫਾਇਦਾ ਬ੍ਰਿਟੇਨ ਦੇ ਆਟੋਮੋਬਾਈਲ ਸੈਕਟਰ ਨੂੰ ਹੋਵੇਗਾ।"

### ਕੀ ਕਿਸੇ ਤੀਜੇ ਦੇਸ਼ ਨੂੰ ਨੁਕਸਾਨ ਹੋਵੇਗਾ?

ਇਸ ਸਾਲ ਦੇ ਸ਼ੁਰੂ ਵਿੱਚ ਡੌਨਲਡ ਟਰੰਪ ਦੇ ਦੂਜੀ ਵਾਰ ਅਮਰੀਕੀ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਦੁਨੀਆਂ ਵਿੱਚ ਵਪਾਰ ਯੁੱਧ ਸ਼ੁਰੂ ਹੋ ਗਿਆ ਹੈ। ਸ਼ਰਦ ਕੋਹਲੀ ਦਾ ਮੰਨਣਾ ਹੈ ਕਿ ਵਪਾਰ ਯੁੱਧ ਕਾਰਨ ਵੀ ਭਾਰਤ ਅਤੇ ਬ੍ਰਿਟੇਨ ਵਿਚਕਾਰ ਵਪਾਰ ਸਮਝੌਤਾ ਜਲਦੀ ਹੋਇਆ।

ਉਨ੍ਹਾਂ ਕਿਹਾ, "ਟਰੰਪ ਦੇ ਵਪਾਰ ਯੁੱਧ ਛੇੜਨ ਕਾਰਨ ਵਿਸ਼ਵ ਅਰਥਵਿਵਸਥਾ ਉਥਲ-ਪੁਥਲ ਹੋ ਗਈ ਹੈ। ਪਰ ਉਸਦਾ ਫਾਇਦਾ ਇਹ ਹੋਇਆ ਹੈ ਕਿ ਦੂਜੇ ਦੇਸ਼ ਆਪਣੇ ਸੌਦੇ ਜਲਦੀ ਪੂਰੇ ਕਰ ਰਹੇ ਹਨ। ਦੁਨੀਆਂ ਦੇ ਬਾਕੀ ਦੇਸ਼ਾਂ ਨੂੰ ਲੱਗਦਾ ਹੈ ਕਿ ਉਹ ਦੂਜੇ ਦੇਸ਼ਾਂ ਨਾਲ ਸੌਦੇ ਕਰਕੇ ਅਮਰੀਕਾ ਦੁਆਰਾ ਦਿੱਤੀਆਂ ਗਈਆਂ ਧਮਕੀਆਂ ਕਾਰਨ ਹੋਣ ਵਾਲੇ ਨੁਕਸਾਨ ਦੀ ਭਰਪਾਈ ਕਰ ਲੈਣਗੇ।" ਮਾਹਰ ਭਾਰਤ ਅਤੇ ਬ੍ਰਿਟੇਨ ਵਿਚਕਾਰ ਵਪਾਰ ਸਮਝੌਤੇ ਦਾ ਚੀਨ 'ਤੇ ਜੋ ਪ੍ਰਭਾਵ ਪਵੇਗਾ, ਉਸਦਾ ਵੀ ਅੰਦਾਜ਼ਾ ਲਗਾ ਰਹੇ ਹਨ। ਸ਼ਰਦ ਕੋਹਲੀ ਦਾ ਕਹਿਣਾ ਹੈ ਕਿ ਇਸ ਵਪਾਰ ਸਮਝੌਤੇ ਦਾ ਭਾਰਤ ਅਤੇ ਚੀਨ ਵਿਚਕਾਰ ਵਪਾਰਕ ਸਬੰਧਾਂ 'ਤੇ ਕੋਈ ਖਾਸ ਪ੍ਰਭਾਵ ਨਹੀਂ ਪਵੇਗਾ, ਪਰ ਚੀਨ ਨੂੰ ਬ੍ਰਿਟੇਨ ਨਾਲ ਵਪਾਰ ਵਿੱਚ ਨੁਕਸਾਨ ਝੱਲਣਾ ਪੈ ਸਕਦਾ ਹੈ। ਉਨ੍ਹਾਂ ਕਿਹਾ, "ਭਾਰਤ ਅਤੇ ਚੀਨ ਦਾ ਜਿੰਨਾ ਦੁਵੱਲਾ ਵਪਾਰ ਹੈ, ਉਸ ਤੋਂ ਦੁੱਗਣਾ ਚੀਨ ਅਤੇ ਬ੍ਰਿਟੇਨ ਦਾ ਦੁਵੱਲਾ ਵਪਾਰ ਹੈ।

ਚੀਨ ਤੋਂ ਬਹੁਤ ਸਾਰੀਆਂ ਸਸਤੀਆਂ ਚੀਜ਼ਾਂ ਬ੍ਰਿਟੇਨ ਜਾਂਦੀਆਂ ਹਨ, ਜਿਸ ਵਿੱਚ ਕੱਪੜੇ ਵੀ ਸ਼ਾਮਲ ਹਨ। ਪਰ ਕੱਪੜੇ ਅਤੇ ਜੁੱਤੀਆਂ ਦਾ ਸਮਾਨ ਭਾਰਤ ਤੋਂ ਉੱਥੇ ਜਾਵੇਗਾ ਤਾਂ ਉਨ੍ਹਾਂ 'ਤੇ ਟੈਰਿਫ ਨਹੀਂ ਲਗਾਏ ਜਾਣਗੇ। ਇਸ ਲਈ ਚੀਨ ਨੂੰ ਕਰੜੀ ਚੁਣੌਤੀ ਮਿਲਣ ਵਾਲੀ ਹੈ।" "ਪਰ ਭਾਰਤ ਅਤੇ ਚੀਨ ਵਿਚਕਾਰ ਵਪਾਰ 'ਤੇ ਇਸਦਾ ਕੋਈ ਅਸਰ ਨਹੀਂ ਪਵੇਗਾ। ਭਾਰਤ ਅਤੇ ਚੀਨ ਵਿਚਕਾਰ ਵਪਾਰ ਲਗਾਤਾਰ ਵਧ ਰਿਹਾ ਹੈ। ਇਹ ਸੌਦਾ ਹੋਵੇ ਜਾਂ ਨਾ ਹੋਵੇ, ਭਾਰਤ ਅਤੇ ਚੀਨ ਵਿਚਕਾਰ ਵਪਾਰ ਵਧਦਾ ਦੇਖਿਆ ਜਾ ਰਿਹਾ ਹੈ।"

# ਵਾਤਾਵਰਨ, ਮਨੁੱਖ ਅਤੇ ਰੁੱਖ

ਜੁਲਾਈ ਮਹੀਨਾ ਅਤੇ ਚੜ੍ਹਦਾ ਸਾਉਣ ਸਾਡੇ ਮੁਲਕ ਵਿੱਚ ਵਣ ਮਹਾਂ ਉਤਸਵ ਨੂੰ ਸਮਰਪਿਤ ਹੁੰਦਾ ਹੈ। ਰੁੱਖਾਂ ਦੀ ਅਹਿਮੀਅਤ ਨੂੰ ਦੇਖਦਿਆਂ ਮੁਲਕ ਦੇ ਪਹਿਲੇ ਖੇਤੀਬਾੜੀ ਮੰਤਰੀ ਡਾ. ਕੇਐਮ ਮੁਨਸ਼ੀ ਨੇ 1950 ਵਿੱਚ ਇਹ ਉਤਸਵ ਦਿੱਲੀ ਤੋਂ ਸ਼ੁਰੂ ਕੀਤਾ ਸੀ। ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ 20 ਜੁਲਾਈ ਨੂੰ ਪੁਰਾਣਾ ਕਿਲਾ ਦਿਲੀ ਵਿੱਚ ਪੌਦਾ ਲਗਾ ਕੇ ਉਤਸਵ ਦਾ ਅਗਾਜ਼ ਕੀਤਾ। ਇਸ ਮੁਹਿੰਮ

ਜੀ. ਕੇ. ਸਿੰਘ

ਪਿੱਛੇ ਦਿੱਲੀ ਦੇ ਤਤਕਾਲੀ ਕਮਿਸ਼ਨਰ ਡਾ। ਮਹਿੰਦਰ ਸਿੰਘ ਰੰਧਾਵਾ ਦੀ ਬਹੁਤ ਵੱਡੀ ਘਾਲਣਾ ਸੀ।

ਕਹਿੰਦੇ ਨੇ ਕਿ ਜੇ ਸਾਉਣ ਦੇ ਪਹਿਲੇ ਦਿਨ ਮੀਂਹ ਨਾ ਪਵੇ ਤਾਂ ਸਾਰਾ ਮਹੀਨਾ ਹੀ ਸੁੱਕਾ ਰਹਿੰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜੇ ਸਾਉਣ ਵਿੱਚ ਹਰ ਰੋਜ਼ ਸੌ ਮੀਂਹ ਨਾ ਪਵੇ ਤਾਂ ਸਾਉਣ ਕਾਹਦਾ! ਪਿਛਲੇ ਕਈ ਦਹਾਕਿਆਂ ਤੋਂ ਆਲਮੀ ਪੱਧਰ ’ਤੇ ਵਾਤਾਵਰਨ ਅਤੇ ਜਲਵਾਯੂ ਵਿੱਚ ਦੇਖਣ ਨੂੰ ਮਿਲ ਰਹੀਆਂ ਤਬਦੀਲੀਆਂ ਬਹੁਤ ਮਾਰੂ ਸਿੱਧ ਹੋ ਰਹੀਆਂ ਹਨ। ਠੰਢ ਦਾ ਮੌਸਮ ਦਸੰਬਰ ਲੰਘਿਆਂ ਸ਼ੁਰੂ ਹੋਣ ਲੱਗ ਪਿਆ ਅਤੇ ਸਾਉਣ ਮਹੀਨੇ ਸੁੱਕੇ ਬੀਤਣ ਲੱਗ ਪਏ ਹਨ। ਤਪਸ਼ ਵਿੱਚ ਵਾਧਾ, ਗਲੇਸ਼ੀਅਰਾਂ ਦਾ ਪਿਘਲਣਾ, ਤਟਾਂ ਦਾ ਅਕਸਰ ਤੂਫਾਨਾਂ ਨਾਲ ਘਿਰਨਾ ਅਤੇ ਭੂਚਾਲਾਂ ਦੀ ਦਸਤਕ ਨੇ ਸਾਡੇ ਖ਼ੌਫ ਵਿੱਚ ਵਾਧਾ ਕੀਤਾ ਹੈ। ਇਸ ਸਬੰਧੀ ਭਾਵੇਂ ਮਾਹਿਰਾਂ ਨੇ ਆਪੋ-ਆਪਣੇ ਸਿੱਟੇ ਕੱਢੇ ਹਨ ਪਰ ਇੱਕ ਗੱਲ ਸਾਂਝੀ ਅਤੇ ਸਵੀਕਾਰੀ ਜਾਂਦੀ ਹੈ ਕਿ ਮਨੁੱਖ ਨੇ ਆਪਣੀ ਆਰਥਿਕ ਭੁੱਖ ਖ਼ਾਤਿਰ ਕੁਦਰਤ ਨਾਲ ਐਸੀ ਛੇੜਛਾੜ ਕੀਤੀ ਹੈ



ਕਿ ਕਿਸੇ ਨਾ ਕਿਸੇ ਰੂਪ ਵਿੱਚ ਇਸ ਦਾ ਕਹਿਰ ਦਿਖਾਈ ਦਿੰਦਾ ਰਹਿੰਦਾ ਹੈ।

ਮੁਲਕ, ਖਾਸ ਤੌਰ ’ਤੇ ਪੰਜਾਬ ਵਿੱਚ ਦਰੱਖ਼ਤਾਂ ਜਾਂ ਜੰਗਲਾਂ ਥੱਲੇ ਰਕਬਾ ਨਾ-ਮਾਤਰ ਰਹਿ ਗਿਆ ਹੈ। ਮਨੁੱਖੀ ਲੋੜਾਂ ਦੀ ਪੂਰਤੀ ਲਈ ਹਰ ਮੁਲਕ ਵਿੱਚ ਵਣਾਂ ਥਲੇ ਘੱਟੋ-ਘੱਟ ਰਕਬਾ 33% ਚਾਹੀਦਾ ਹੈ। ਭਾਰਤ ਵਿੱਚ ਕੇਵਲ 17% ਰਕਬਾ ਜੰਗਲਾਂ ਅਧੀਨ ਹੈ। ਪੰਜਾਬ ਵਿੱਚ ਤਾਂ ਕੇਵਲ 5% ਧਰਤੀ ਰੁੱਖਾਂ ਥੱਲੇ ਹੈ। ਇਸ ਵਿੱਚ ਉਹ ਸਾਰੇ ਦਰੱਖਤ ਸ਼ੁਮਾਰ ਹਨ ਜਿਹੜੇ ਸੜਕਾਂ ਅਤੇ ਨਹਿਰਾਂ ਦੇ ਕੰਢਿਆਂ ’ਤੇ ਨਜ਼ਰ ਆ ਰਹੇ ਹਨ। ਕੋਈ ਸਮਾਂ ਸੀ, ਇਨ੍ਹਾਂ ਥਾਵਾਂ ’ਤੇ ਸਾਡੇ ਆਪਣੇ ਰਵਾਇਤੀ ਦਰੱਖ਼ਤ ਜਿਵੇਂ ਟਾਹਲੀ, ਤੂਤ, ਪਿੱਪਲ, ਬੋਹੜ ਤੇ ਖਾਸ ਜਗ੍ਹਾ ’ਤੇ ਫਲਾਂ ਵਾਲੇ ਦਰੱਖ਼ਤ ਜਿਵੇਂ ਅੰਬ, ਜਾਮਣ ਆਦਿ ਸੰਘਣੇ ਰੂਪ ਵਿੱਚ ਨਜ਼ਰ ਆਉਂਦੇ ਸਨ। ਹੁਣ ਸੜਕਾਂ ਜਾਂ ਨਹਿਰਾਂ ਕਿਨਾਰੇ ਮੁੱਖ ਰੂਪ ਵਿੱਚ ਸਫੈਦੇ ਜਾਂ ਵਿਦੇਸ਼ੀ ਨਸਲ ਦੇ ਦਰੱਖ਼ਤ ਮਿਲਦੇ ਹਨ। ਸਾਡੇ ਸੱਭਿਆਚਾਰ ਨਾਲ ਜੁੜੇ ਦਰੱਖ਼ਤ ਸਾਡੇ ਮੌਸਮ ਅਤੇ ਜਲਵਾਯੂ ਨਾਲ ਢੁਕਵੇਂ ਹੀ ਨਹੀਂ ਸਨ ਸਗੋਂ ਆਮ ਲੋਕਾਂ ਲਈ ਫਲ ਵੀ ਦਿੰਦੇ ਸਨ। ਖੁਸ਼ਕ ਇਲਾਕੇ ਵਿੱਚ ਬੇਰੀਆਂ, ਕਿੱਕਰਾਂ, ਕਰੀਰ, ਜੰਡ ਅਤੇ ਡੇਲਿਆਂ ਦੇ ਦਰੱਖ਼ਤ ਸਾਡੇ ਲਈ ਖਾਣ ਪੀਣ ਦੀਆਂ ਵਸਤਾਂ ਦਾ ਸਾਧਨ ਸਨ। ਨਵੀਂ ਕਿਸਮ ਦੇ ਦਰੱਖ਼ਤ ਸਾਡੇ ਅਤੇ ਜਾਨਵਰਾਂ ਲਈ ਦੋਸਤੀ ਵਾਲਾ ਸਹਿਚਾਰ ਨਹੀਂ ਰੱਖਦੇ। ਸਿੱਟੇ ਵਜੋਂ ਅਨੇਕ ਜਾਨਵਰ, ਜਿਹੜੇ ਇਨ੍ਹਾਂ ਦਰੱਖ਼ਤਾਂ ’ਤੇ ਆਪਣੇ ਆਲ੍ਹਣੇ ਬਣਾ ਕੇ ਰਹਿੰਦੇ ਸਨ, ਲੋਪ ਹੋ ਗਏ ਜਾਪਦੇ ਹਨ।

ਸਾਡਾ ਸੱਭਿਆਚਾਰ ਮੁੱਖ ਰੂਪ ਵਿੱਚ ਜੰਗਲਾਂ ਅਤੇ ਬਨਸਪਤੀ ਨਾਲ ਜੁੜਿਆ ਹੋਇਆ ਹੈ। ਭਾਰਤੀ ਸਮਾਜ ਵਿੱਚ ਉਨ੍ਹਾਂ ਦਰੱਖ਼ਤਾਂ ਦੀ ਪੂਜਾ ਹੁੰਦੀ ਹੈ ਜਿਹੜੇ ਮਨੁੱਖ ਲਈ ਪੁੱਜ ਕੇ ਲਾਭਦਾਇਕ ਹਨ; ਪਿੱਪਲ, ਨਿੰਮ ਅਤੇ ਬੋਹੜ ਦੀ ਤ੍ਰਿਵੈਣੀ ਨੂੰ ਅਸੀਂ ਹੁਣ ਵੀ ਪਵਿੱਤਰ ਮੰਨਦੇ ਹਾਂ। ਇਹ ਸਾਡੇ ਲੋਕ ਗੀਤਾਂ ਦਾ ਹਿੱਸਾ ਹੀ ਨਹੀਂ ਸਗੋਂ ਰੂਹ ਹਨ। ਇਨ੍ਹਾਂ ਰਵਾਇਤੀ ਦਰੱਖ਼ਤਾਂ ਨੇ ਸਾਡੇ ਸੱਭਿਆਚਾਰ ਦੀ ਸਿਰਜਣਾ ਕੀਤੀ। ਸਾਫ ਵਾਤਾਵਰਨ ਪੈਦਾ ਕਰਨ ਵਿੱਚ ਇਨ੍ਹਾਂ ਦੀ ਮੁੱਖ ਭੂਮਿਕਾ ਹੈ। ਪੱਛਮੀ ਦੇਸ਼ਾਂ ਦੇ ਵਾਤਾਵਰਨ ਵਿਗਿਆਨੀ ਕਹਿੰਦੇ ਹਨ ਕਿ ਜਿਸ ਦੇਸ਼ ਵਿੱਚ ਨਿੰਮ ਵਰਗਾ ਔਸ਼ਧੀ ਦਰੱਖ਼ਤ ਹੈ, ਉੱਥੇ ਲੋਕ ਬਿਮਾਰ ਕਿਉਂ ਹੁੰਦੇ ਹਨ। ਨਿੰਮ ਦੇ ਪੱਤਿਆਂ ਤੋਂ ਲੈ ਕੇ ਨਮੋਲੀਆਂ ਤੱਕ ਇਹ ਸਾਡੇ ਲਈ ਲਾਭਕਾਰੀ ਹੈ।

ਪਿਛਲੇ ਪੰਜਾਹ ਸਾਲਾਂ ਵਿੱਚ ਰੁੱਖਾਂ ਨਾਲ ਘੋਰ ਅਨਿਆਂ ਹੋਇਆ ਹੈ। ਬਹੁਤ ਰਕਬੇ ਨੂੰ ਖੇਤੀ ਥੱਲੇ ਲਿਆਉਣ ਦੀ ਮਨਸ਼ਾ ਨਾਲ ਅਸੀਂ ਬੇਕਿਰਕ ਹੋ ਕੇ ਦਰੱਖ਼ਤ ਵੱਢੇ। ਅਸੀਂ ਇਹ ਭੁੱਲ ਗਏ ਕਿ ਇਹ ਉਹੀ ਰੁੱਖ ਹਨ ਜਿਨ੍ਹਾਂ ਦਾ ਜ਼ਿਕਰ ਸੰਤਾਂ, ਪੀਰਾਂ ਨੇ ਆਪਣੀ ਬਾਣੀ ਵਿੱਚ ਨਿਮਰਤਾ ਅਤੇ ਸਬਰ ਦੇ ਚਿੰਨ੍ਹ ਵਜੋਂ ਕੀਤਾ ਹੈ ਅਤੇ ਸਾਨੂੰ ਨਸੀਹਤ ਵੀ ਦਿੱਤੀ ਕਿ ਜੇ ਰੋੜੇ-ਵੱਟੇ ਮਾਰਨ ’ਤੇ ਵੀ ਰੁੱਖ ਸਾਨੂੰ ਫਲ ਦਿੰਦੇ ਹਨ ਤਾਂ ਮਨੁੱਖ ਨੂੰ ਆਪਣੇ ਸਬਰ ਤੇ ਸ਼ਾਂਤੀ ਲਈ ਇਨ੍ਹਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ।

ਆਰਥਿਕ ਤਰੱਕੀ ਦੇ ਨਾਂ ’ਤੇ ਵੱਡੇ ਪੱਧਰ ’ਤੇ ਜੰਗਲਾਂ ਦੀ ਕਟਾਈ ਕਾਰਨ ਪੰਜਾਬ ਦੇ ਪਿੰਡ ਅਤੇ ਖੇਤ ਤਾਂ ਉਜਾੜ ਹੀ ਨਜ਼ਰ ਆਉਂਦੇ ਹਨ। ਪਹਿਲਾਂ ਵੱਡੀ ਗਿਣਤੀ ’ਚ ਰੁੱਖ ਮੁਰੱਬੇਬੰਦੀ ਦੀ ਭੇਂਟ ਚੜ੍ਹ ਗਏ; ਬਾਅਦ ਵਿੱਚ ਹਰੀ ਕ੍ਰਾਂਤੀ ਦੌਰਾਨ ਹੋਰ ਅਨਾਜ ਪੈਦਾ ਕਰਨ ਦੀ ਹੋੜ ਨੇ ਸਾਡੇ ਟਿੱਬੇ-ਟਿੱਲੇ ਐਨੇ ਪੱਧਰ ਕਰ ਦਿੱਤੇ ਕਿ ਬੇਰੀਆਂ, ਕਿੱਕਰਾਂ ਅਤੇ ਜੰਡ-ਕਰੀਰ ਇਤਿਹਾਸ ਦਾ ਹਿੱਸਾ ਬਣ ਗਏ। ਅਸੀਂ ਇਨ੍ਹਾਂ ਦਰੱਖ਼ਤਾਂ ਤੋਂ ਮਿਲਣ ਵਾਲੇ ਫਲਾਂ ਤੋਂ ਵੀ ਵਾਂਝੇ ਹੋ ਗਏ ਅਤੇ ਇੰਨਾਂ ਦਰਮਿਆਨ ਵਾਸ ਕਰਨ ਵਾਲੇ ਜਾਨਵਰ ਦੇਖਣ ਲਈ ਤਰਸ ਗਏ। ਹੁਣ ਅਸੀਂ ਬਿਜੜੇ ਦੇ ਖ਼ੂਬਸੂਰਤ ਲਮਕਦੇ ਘਰ ਕਿੱਥੇ ਦੇਖਾਂਗੇ? ਛੋਟੀਆਂ ਭੂਰੀਆਂ ਚਿੜੀਆਂ, ਘੁੱਗੀਆਂ ਜਿਹੜੀਆਂ ਸਥਾਈ ਰੂਪ ਵਿੱਚ ਬੇਰੀਆਂ ਉਤੇ ਆਲ੍ਹਣੇ ਬਣਾ ਕੇ ਰਹਿੰਦੀਆਂ ਸਨ, ਨੂੰ ਕਦੋਂ ਦੇਖ ਸਕਾਂਗੇ? ਵੀਰ-ਵਹੁਟੀਆਂ, ਘੋਗੇ, ਜਿਹੜੇ ਮੁੱਖ ਰੂਪ ਵਿੱਚ ਖੁਸ਼ਕ ਥਾਵਾਂ ’ਤੇ ਘੁਰਨੇ

**(ਬਾਕੀ ਅਗਲੇ ਸਫੇ ‘ਤੇ)**

## ਵਾਤਾਵਰਨ, ਮਨੁੱਖ ਅਤੇ ਰੁੱਖ

(ਸਫਾ 16 ਦੀ ਬਾਕੀ)

ਬਣਾ ਕੇ ਰਹਿੰਦੇ ਸਨ ਅਤੇ ਸਾਉਣ ਮਹੀਨੇ ਮੀਂਹਾਂ ਤੋਂ ਬਾਅਦ ਕੱਕੇ ਰੇਤੇ 'ਤੇ ਆਪਣੀ ਤੋਰ ਤੁਰਦੇ ਸਨ, ਸਭ ਖ਼ਤਮ ਹੋ ਗਏ। ਮਾਲਵੇ ਦੇ ਪਿੰਡਾਂ ਵਿੱਚ ਰੇਤਾ ਖੰਡ ਦੇ ਭਾਅ ਵਿਕ ਰਿਹੈ। ਧੁਰ ਬਠਿੰਡੇ ਦੀਆਂ ਜੜ੍ਹਾਂ ਤਕ ਝੋਨਾ ਲਗਾ ਕੇ ਅਸੀਂ ਜ਼ਮੀਨ ਨੂੰ ਹੁੰਮਸ ਅਤੇ ਗਰਮੀ ਦਾ ਸਰੋਤ ਬਣਾ ਦਿੱਤਾ। ਪੰਜਾਬ ਦੇ ਬਹੁਤੇ ਦਰੱਖ਼ਤ ਖੁਸ਼ਕ ਜਲਵਾਯੂ ਨਾਲ ਜੁੜੇ ਹੋਏ ਸਨ। ਸਾਰੇ ਖੇਤਾਂ ਅਤੇ ਵੱਟਾਂ ਦੁਆਲੇ ਖੜ੍ਹੇ ਪਾਣੀ ਨੇ ਰੁੱਖਾਂ ਦਾ ਲੱਗਣਾ ਹੀ ਮੁਹਾਲ ਕਰ ਦਿੱਤਾ ਹੈ।

ਸਿਆਣੇ ਕਹਿੰਦੇ ਨੇ ਕਿ ਰੁੱਖ ਸਾਡੇ ਜਨਮ ਤੋਂ ਲੈ ਕੇ ਮਰਨ ਤਕ ਦਾ ਪਰਦਾ ਢਕਦੇ ਹਨ। ਜ਼ਿੰਦਗੀ ਦੇ ਹਰ ਪੱਧਰ 'ਤੇ ਇਨ੍ਹਾਂ ਦੀਆਂ ਬਹੁ-ਮੁੱਲੀਆਂ ਨਿਆਮਤਾਂ ਸਾਡੇ ਲਈ ਖੁਸ਼ੀਆਂ ਦਾ ਮਾਹੌਲ ਸਿਰਜਦੀਆਂ ਹਨ। ਕੁਝ ਸਮਾਂ ਪਹਿਲਾਂ ਪਿੰਡਾਂ ਵਿੱਚ ਆਮ ਘਰਾਂ ਦੇ ਖੇਤੀਬਾੜੀ ਵਾਲੇ ਹਿੱਸੇ ਵਿੱਚ ਲੱਕੜਾਂ ਦੇ ਢੇਰ ਪਏ ਮਿਲਦੇ ਸਨ। ਜਨਮ-ਮਰਨ ਦੇ ਕਾਰਜਾਂ ਲਈ ਤੁਰੰਤ ਮਿਲਦੇ ਸਾਧਨ ਵਜੋਂ ਇਨ੍ਹਾਂ ਦੀ ਵਰਤੋਂ ਹੁੰਦੀ ਸੀ। ਹੁਣ ਇਨ੍ਹਾਂ ਘਰਾਂ ਵਿੱਚ ਲੋੜ ਪੈਣ 'ਤੇ ਲੱਕੜ ਲੱਭਿਆਂ ਵੀ ਨਹੀਂ ਲੱਭਦੀ। ਖੇਤੀ ਪ੍ਰਧਾਨ ਸੂਬੇ ਵਿੱਚ ਬਨਸਪਤੀ ਅਤੇ ਦਰੱਖ਼ਤਾਂ ਦਾ ਇਹ ਹਾਲ ਹੈ ਤਾਂ ਸ਼ਹਿਰਾਂ ਦੀ ਹਾਲਤ ਦਾ ਅੰਦਾਜ਼ਾ ਸੌਖਿਆਂ ਲਾਇਆ ਜਾ ਸਕਦਾ ਹੈ। ਅਚੰਭਾ ਹੋਇਆ ਜਦ ਪਿੰਡ ਵਾਲਿਆਂ ਇਹ ਦੱਸਿਆ ਕਿ ਮਨੁੱਖਾਂ ਦੀ ਅੰਤਮ ਰਸਮ ਲਈ ਸਸਕਾਰ ਵੇਲੇ ਗੈਸੀ ਭੱਠੀਆਂ ਲਾਈਆਂ ਜਾ ਰਹੀਆਂ ਹਨ।

ਖੇਤੀ ਦੀ ਵਧੇਰੇ ਉਪਜ ਲਈ ਵਣਾਂ ਦਾ ਜਿਹੜਾ ਹਾਲ ਹੋਇਆ, ਸਾਡੇ ਸਾਹਮਣੇ ਹੈ ਪਰ ਝੋਨੇ ਦੀ ਬਿਜਾਈ ਨੇ ਅੰਮ੍ਰਿਤ ਵਰਗਾ ਪਾਣੀ ਵੀ ਡੂੰਘਾ ਧਰਾਤਲ ਵਿੱਚ ਪਹੁੰਚਾ ਦਿੱਤਾ ਹੈ। ਮੱਛੀ ਮੋਟਰਾਂ ਵੀ ਪਾਣੀ ਕੱਢਣ ਤੋਂ ਹੁਣ ਅਸਮਰੱਥ ਜਾਪਦੀਆਂ ਹਨ। ਅਜਿਹੀ ਮੁਸ਼ੱਕਤ ਨਾਲ ਪੈਦਾ ਕੀਤੇ ਝੋਨੇ ਨੇ ਭਾਵੇਂ ਦੇਸ਼ ਦੇ ਅੰਨ ਭੰਡਾਰ ਵਿੱਚ ਯੋਗਦਾਨ ਪਾਇਆ ਪਰ ਇਸ ਦੀ ਕੀਮਤ ਬਹੁਤ ਵੱਡੀ ਤਾਰਨੀ ਪਈ ਹੈ। ਪਾਣੀ ਅਤੇ ਹਵਾ ਗੰਧਲੀ ਕਰ ਕੇ ਅਸੀਂ ਸਮੁੱਚੇ ਵਾਤਾਵਰਨ ਨੂੰ ਮਨੁੱਖ ਲਈ ਬੇੜੀਆਂ ਦੇ ਨਿਆਈਂ ਬਣਾ ਦਿੱਤਾ ਹੈ। ਪੁਰਾਤਨ ਫਸਲਾਂ ਖਤਮ ਕਰ ਕੇ ਅਸੀਂ ਉਹ ਜਿਣਸ ਪੈਦਾ ਕਰਨ 'ਤੇ ਜ਼ੋਰ ਲਾ ਦਿੱਤਾ ਜਿਹੜੀ ਨਾ ਸਾਡੀ ਖੁਰਾਕ ਦਾ ਹਿੱਸਾ ਹੈ ਅਤੇ ਨਾ ਹੀ ਸਾਡੇ ਪਸ਼ੂਆਂ ਦਾ ਖਾਜਾ। ਇਸ ਫਸਲ ਦਾ ਝਾੜ-ਫੂਸ ਵੀ ਕਿਸੇ ਕੰਮ ਨਹੀਂ ਆਉਂਦਾ। ਝੋਨਾ ਸਾਡੇ ਲੋਕ ਗੀਤਾਂ ਦਾ ਹਿੱਸਾ ਨਹੀਂ ਕਿਉਂਕਿ ਇਹ ਸਾਡੇ ਸਭਿਆਚਾਰ ਦਾ ਅੰਗ ਨਹੀਂ। ਕਣਕ, ਮੱਕੀ, ਸਰੋਂ, ਜੁਆਰ, ਬਾਜਰਾ, ਛੋਲੇ ਸਾਡੇ ਲੋਕ ਗੀਤਾਂ ਦਾ ਇਸੇ ਕਰ ਕੇ ਹਿੱਸਾ ਹਨ ਕਿਉਂਕਿ ਇਹ ਸਾਡੇ ਜਿਊਣ ਲਈ ਢੁਕਵੇਂ ਹਨ।

ਤਿੰਨ ਦਹਾਕੇ ਪਹਿਲਾਂ ਸਮਾਜ ਸੇਵਕ ਸੁੰਦਰ ਲਾਲ ਬਹੁਗੁਣਾ ਨੇ ਟੀਹਰੀ ਗੜਵਾਲ ਦੇ ਇਲਾਕੇ ਵਿੱਚ ਦਰੱਖ਼ਤਾਂ ਨੂੰ ਨਾ ਵੱਢਣ ਦੇਣ ਲਈ ਚਿਪਕੋ ਅੰਦੋਲਨ ਚਲਾਇਆ ਸੀ। ਵੱਡੀ ਗਿਣਤੀ ਲੋਕ ਰੁੱਖਾਂ ਦੇ ਰਖਵਾਲੇ ਵਜੋਂ ਇਸ ਵਿੱਚ ਸ਼ਾਮਲ ਹੋਏ। ਲੋਕ ਅੰਦੋਲਨ ਦਾ ਅਜਿਹਾ ਅਸਰ ਹੋਇਆ ਕਿ ਵੱਡੇ ਡੈਮ ਦੀ ਉਸਾਰੀ ਦੀ ਜਗ੍ਹਾ ਤਬਦੀਲ ਕਰਨੀ ਪਈ। ਬਹੁਗੁਣਾ ਨੇ ਝੋਨੇ ਵਿਰੁੱਧ ਵੀ ਅਵਾਜ਼ ਬੁਲੰਦ ਕੀਤੀ। ਉਨ੍ਹਾਂ ਖ਼ੁਦ ਆਪਣੀ ਖ਼ੁਰਾਕ ਵਿੱਚੋਂ ਚੌਲ ਮਨਫੀ ਕਰ ਦਿੱਤੇ ਸਨ। ਇਸ ਦਾ ਕਾਰਨ ਇਹ ਹੈ ਕਿ ਬੇਹਿਸਾਬਾ ਪਾਣੀ ਖਪਤ ਕਰ ਕੇ ਇਹ ਫਸਲ ਪੈਦਾ ਕੀਤੀ ਜਾਂਦੀ ਹੈ। ਪੰਜਾਬ ਵਿੱਚ ਅਸੀਂ ਰੁੱਖਾਂ ਦੇ ਬਚਾਓ ਅਤੇ ਵਣਾਂ ਦੇ ਫੈਲਾਓ ਨਾਲ ਵਾਤਾਵਰਨ ਦੀ ਸੰਭਾਲ ਲਈ ਕੋਈ ਮਾਅਰਕੇ ਵਾਲੀ ਮੁਹਿੰਮ ਨਹੀਂ ਸ਼ੁਰੂ ਕਰ ਸਕੇ। ਲੱਖਾਂ ਕਰੋੜਾਂ ਦਰੱਖ਼ਤ ਸਾਡੀ ਸ਼ਹਿਰੀਕਰਨ ਦੀ ਨੀਤੀ ਅਧੀਨ ਖੇਤਾਂ ਵਿੱਚੋਂ ਖ਼ਤਮ ਹੋ ਰਹੇ ਹਨ।

ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਜਿਹੜੀ ਵਾਤਾਵਰਨ ਦੀ ਸਮੱਸਿਆ 'ਤੇ ਕਾਂ ਅੱਖ ਰੱਖਦੀ ਹੈ, ਨੇ ਪੰਜਾਬ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਸੂਬੇ ਵਿੱਚ ਪਿਛਲੇ 18 ਸਾਲਾਂ ਦੌਰਾਨ ਦਰੱਖ਼ਤਾਂ ਹੇਠ ਰਕਬੇ ਵਿੱਚ 19% ਗਿਰਾਵਟ ਆਈ ਹੈ। ਜੇ ਹਰ ਸਾਲ ਇਹ ਰਕਬਾ ਘਟ ਰਿਹਾ ਹੈ ਤਾਂ ਸਪੱਸ਼ਟ ਹੈ ਕਿ ਨਵੀਂ ਪੌਦ ਅਸੀਂ ਧਾਰਮਿਕ ਸਮਾਗਮਾਂ ਵਿੱਚ ਪ੍ਰਸ਼ਾਦ ਦੇ ਰੂਪ ਵਿੱਚ ਪ੍ਰਾਪਤ ਤਾਂ ਕਰਦੇ ਹਾਂ ਪਰ ਉਨ੍ਹਾਂ ਨੂੰ ਲਗਾ ਕੇ ਸੰਭਾਲ ਨਹੀਂ ਕਰਦੇ। ਪਿੰਡਾਂ ਦੀਆਂ ਫਿਰਨੀਆਂ ਅਤੇ ਸੰਪਰਕ ਸੜਕਾਂ ਦੇ ਦੋਹੀਂ ਪਾਸੀਂ ਸਾਉਣ ਮਹੀਨੇ ਪੰਚਾਇਤਾਂ ਜਾਂ ਸਮਾਜ ਸੇਵੀ ਸੰਸਥਾਵਾਂ ਨਵੇਂ ਦਰੱਖ਼ਤ ਲਾ ਸਕਦੀਆਂ ਹਨ। ਸਾਉਣੀ ਦੀਆਂ ਫਸਲਾਂ ਬੀਜਣ ਬਾਅਦ ਵਿਹਲ ਵੀ ਹੁੰਦੀ ਹੈ ਪਰ ਯੋਗ ਅਗਵਾਈ ਅਤੇ ਸਮਰਪਣ ਭਾਵਨਾ ਦੀ ਅਣਹੋਂਦ ਵਿੱਚ ਇਹ ਕਾਰਜ ਵਿਰਲੇ ਪਿੰਡਾਂ ਵਿੱਚ ਹੀ ਸਿਰੇ ਚੜ੍ਹਦਾ ਹੈ।

ਗੁਰਬਾਣੀ ਵਿੱਚ ਵਾਤਾਵਰਨ ਦੀ ਸੰਭਾਲ ਨੂੰ ਮੁੱਖ ਸਥਾਨ ਦਿੱਤਾ ਗਿਆ ਹੈ। ਜੇਕਰ ਸਾਡੇ ਧਾਰਮਿਕ ਸਥਾਨਾਂ 'ਤੇ ਹਰ ਰੋਜ਼ ਨਹੀਂ, ਸਿਰਫ਼ ਸੰਗਰਾਂਦ ਵਾਲੇ ਦਿਨ ਹਵਾ ਦੇ ਗੰਧਲੇਪਣ ਨੂੰ ਰੋਕਣ, ਪਾਣੀ ਦੀ ਸਵੱਛਤਾ ਨੂੰ ਬਰਕਰਾਰ ਰੱਖਣ ਅਤੇ ਧਰਤੀ ਨੂੰ ਹਰੀ ਭਰੀ ਰੱਖਣ ਲਈ ਕੁਝ ਉਪਦੇਸ਼ ਗੁਰਬਾਣੀ ਦੀ ਰੌਸ਼ਨੀ ਵਿੱਚ ਦਿੱਤੇ ਜਾਣ ਤਾਂ ਅਸੀਂ ਥੋੜ੍ਹੇ ਸਮੇਂ ਵਿੱਚ ਉਹ ਤਬਦੀਲੀ ਲਿਆ ਸਕਦੇ ਹਾਂ ਜਿਹੜੀ ਕਿਸੇ ਕਾਨੂੰਨ ਜਾਂ ਸਰਕਾਰੀ ਹੁਕਮ ਨਾਲ ਪ੍ਰਾਪਤ ਨਹੀਂ ਹੋ ਸਕਦੀ। ਵਾਤਾਵਰਨ ਦੀ ਸੰਭਾਲ ਵਿੱਚ ਪੰਚਾਇਤਾਂ, ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਨਿੱਗਰ ਰੋਲ ਅਦਾ ਕਰ ਸਕਦੀਆਂ ਹਨ।

# ਆਜ਼ਾਦੀ ਘੁਲਾਟੀਆ .ਗਦਰੀ ਬਾਬਾ ਬੂਝਾ ਸਿੰਘ

ਆਜ਼ਾਦੀ ਘੁਲਾਟੀਏ ਬੂਝਾ ਸਿੰਘ ਦੀ ਸੁਤੰਤਰ ਭਾਰਤ ਵਿੱਚ ਇੱਕ ਪੁਲਿਸ 'ਮੁਕਾਬਲੇ' ਦੌਰਾਨ ਹੋਈ ਮੌਤ ਤੋਂ ਬਾਅਦ ਸ਼ਿਵ ਕੁਮਾਰ ਬਟਾਲਵੀ ਨੇ ਰੁੱਖ ਨੂੰ 'ਫਾਂਸੀ' ਨਾਂ ਦੀ ਕਵਿਤਾ ਲਿਖ ਕੇ ਸ਼ਰਧਾਂਜਲੀ ਦਿੱਤੀ ਸੀ।

ਸ਼ਿਵ ਨੇ ਲਿਖਿਆ:

ਉਹਦੇ ਕਈ ਦੋਸ਼ ਹਨ : ਉਹਦੇ ਪੱਤ ਸਾਵਿਆਂ ਦੀ ਥਾਂ,<br>
ਹਮੇਸ਼ਾ ਲਾਲ ਉਗਦੇ ਸਨ, ਬਿਨਾਂ 'ਵਾ ਦੇ ਵੀ ਉੱਡਦੇ ਸਨ

ਬ੍ਰਿਟਿਸ਼ ਸਾਮਰਾਜ ਵਿਰੁੱਧ ਭਾਰਤ ਦੀ ਆਜ਼ਾਦੀ ਲਈ ਉੱਠੀ ਗ਼ਦਰ ਲਹਿਰ ਤੋਂ ਬਾਅਦ ਪੰਜਾਬ ਵਿੱਚ ਉੱਠੀਆਂ ਕਈ ਲਹਿਰਾਂ ਦਾ ਹਿੱਸਾ ਰਹੇ ਬੂਝਾ ਸਿੰਘ 82 ਸਾਲ ਦੀ ਉਮਰ ਵਿੱਚ ਮਾਰੇ ਗਏ ਸਨ। ਇਹ ਮੁਕਾਬਲਾ 55 ਸਾਲ ਪਹਿਲਾਂ 27-28 ਜੁਲਾਈ, 1970 ਦੀ ਰਾਤ ਨੂੰ ਨਾਈਮਜਾਰਾ (ਨਵਾਂ ਸ਼ਹਿਰ) ਦੇ ਪੁੱਲ 'ਤੇ ਵਾਪਰਿਆ ਸੀ। ਇਸ ਘਟਨਾ ਦੀ ਗੂੰਜ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ਵਿਧਾਨ ਸਭਾ ਵਿੱਚ ਵੀ ਪਈ। ਉਸ ਸਮੇਂ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਮੁੱਖ ਮੰਤਰੀ ਸਨ।

### ਬੂਝਾ ਸਿੰਘ ਕੌਣ ਸੀ?

ਗ਼ਦਰ ਤੋਂ ਬਾਅਦ ਕਿਰਤੀ ਲਹਿਰ, ਮੁਜਾਰਾ ਲਹਿਰ, ਕਮਿਊਨਿਸਟ ਪਾਰਟੀਆਂ ਅਤੇ ਨਕਸਲੀ ਲਹਿਰ ਵਿੱਚ ਸਿਆਸੀ ਕਾਰਕੁਨ ਰਹੇ ਬੂਝਾ ਸਿੰਘ ਨੂੰ 'ਬਾਬਾ ਬੂਝਾ ਸਿੰਘ' ਵੱਜੋਂ ਵੀ ਜਾਣਿਆਂ ਜਾਂਦਾ ਸੀ। ਪੰਜਾਬੀ ਕਹਾਣੀਕਾਰ ਅਤੇ ਇਤਿਹਾਸਿਕ ਸਾਹਿਤ ਦੇ ਰਚੇਤਾ ਅਜਮੇਰ ਸਿੱਧੂ ਦੀ ਕਿਤਾਬ, 'ਬਾਬਾ ਬੂਝਾ ਸਿੰਘ, ਗ਼ਦਰ ਤੋਂ ਨਕਸਲਬਾੜੀ ਤੱਕ' ਵਿੱਚ ਲਿਖਦੇ ਹਨ ਕਿ ਉਹਨਾਂ ਦਾ ਜਨਮ ਪਿੰਡ ਚੱਕ ਮਾਈਦਾਸ, ਅੱਜ-ਕੱਲ੍ਹ ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਹੋਇਆ ਸੀ ਪਰ ਉਹਨਾਂ ਦੀ ਜਨਮ ਤਰੀਕ ਦੇ ਕਈ ਹਵਾਲੇ ਮਿਲਦੇ ਹਨ। ਸ਼ਹੀਦੀ ਯਾਦਗਾਰ ਕਮੇਟੀ, ਜਲੰਧਰ ਅਨੁਸਾਰ ਬੂਝਾ ਸਿੰਘ ਦਾ ਜਨਮ ਸਾਲ 1888 ਹੈ। ਇੰਡੀਆ ਆਫ਼ਿਸ ਰਿਕਾਰਡਜ਼ ਬ੍ਰਿਟਿਸ਼ ਲਾਇਬ੍ਰੇਰੀ ਲੰਡਨ ਐਕਟੀਵਿਟੀ ਇਨ ਅਰਜਨਟੀਨਾ ਦੀ ਫਾਈਲ ਅਤੇ ਪਾਸਪੋਰਟ ਮੁਤਾਬਕ ਉਨ੍ਹਾਂ ਦੀ ਜਨਮ ਤਾਰੀਕ 19 ਦਸੰਬਰ 1903 ਹੈ।





ਸਿੱਧੂ ਕਹਿੰਦੇ ਹਨ ਕਿ ਕਿਸਾਨੀ ਸੰਕਟ ਦੇ ਚੱਲਦਿਆਂ ਬੂਝਾ ਸਿੰਘ 1930 ਵਿੱਚ ਅਰਜਨਟੀਨਾ ਚਲੇ ਗਏ ਅਤੇ ਇੱਥੇ ਜਾ ਕੇ ਉਹ ਤੇਜਾ ਸਿੰਘ ਸੁਤੰਤਰ ਅਤੇ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਨਾਲ ਗ਼ਦਰ ਲਹਿਰ ਵਿੱਚ ਸਰਗਰਮ ਹੋ ਗਏ। 'ਗ਼ਦਰ' ਅਤੇ 'ਕਿਰਤੀ' ਪਰਚਿਆਂ ਨੇ ਬੂਝਾ ਸਿੰਘ ਦੇ ਮਨ ਵਿੱਚ ਆਜ਼ਾਦੀ ਦੇ ਅੰਦੋਲਨ ਲਈ ਜਜ਼ਬਾ ਪੈਦਾ ਕਰ ਦਿੱਤਾ ਸੀ ਅਤੇ ਉਹਨਾਂ ਨੇ ਪਾਰਟੀ ਦੀ ਮੈਂਬਰਸ਼ਿਪ ਲੈ ਲਈ ਸੀ।

ਸਿਆਸੀ ਕਾਰਕੁਨ ਅਤੇ ਬੂਝਾ ਸਿੰਘ ਤੋਂ ਸਿਆਸਤ ਦੇ ਗੁਰ ਲੈਣ ਵਾਲੇ ਦਰਸ਼ਨ ਖਟਕੜ ਕਹਿੰਦੇ ਹਨ, "ਬੂਝਾ ਸਿੰਘ ਜਵਾਨੀ ਦੇ ਦਿਨਾਂ ਤੋਂ ਹੀ ਅੰਗਰੇਜ਼ਾਂ ਖ਼ਿਲਾਫ਼ ਲਹਿਰ ਵਿੱਚ ਸਰਗਰਮ ਸਨ। ਉਹ ਉਹਨਾਂ ਸਮਿਆਂ ਵਿੱਚ ਲੱਗਣ ਵਾਲੇ ਅਕਾਲੀ ਮੋਰਚਿਆਂ ਲਈ ਲੰਗਰ ਦਾ ਪ੍ਰਬੰਧ ਵੀ ਕਰਦੇ ਰਹੇ ਸਨ। ਗ਼ਦਰ ਲਹਿਰ ਦਾ ਪਹਿਲਾ ਹੱਲਾ ਅਸਫ਼ਲ ਹੋਣ ਤੋਂ ਬਾਅਦ ਬੂਝਾ ਸਿੰਘ ਨੂੰ ਅਰਜਨਟੀਨਾ ਤੋਂ ਮਾਸਕੋ (ਰੂਸ) ਭੇਜਿਆ ਗਿਆ। ਉਹਨਾਂ ਨੇ ਰੂਸ ਵਿੱਚ ਆਏ ਇਨਕਲਾਬ ਤੋਂ ਬਾਅਦ ਉੱਥੇ ਦੋ ਸਾਲ ਸਿਧਾਂਤ ਗਿਆਨ ਹਾਸਿਲ ਕੀਤਾ ਅਤੇ ਹਥਿਆਰ ਚਲਾਉਣ ਦੀ ਟਰੇਨਿੰਗ ਲਈ ਸੀ।" ਸਿੱਧੂ ਮੁਤਾਬਕ ਆਪਣੇ ਸਿਆਸੀ ਸਫ਼ਰ ਦੌਰਾਨ ਬੂਝਾ ਸਿੰਘ ਕਈ ਵਾਰ ਜੇਲ੍ਹ ਗਏ, ਉਹਨਾਂ ਨੇ ਸੁਭਾਸ਼ ਚੰਦਰ ਬੋਸ ਨਾਲ ਵੀ ਕੰਮ ਕੀਤਾ ਅਤੇ ਆਪਣੇ ਪਿੰਡ ਦੀ 1963 ਤੋਂ 1968 ਤੱਕ ਸਰਪੰਚੀ ਵੀ ਕੀਤੀ।

ਬੂਝਾ ਸਿੰਘ ਨਾਲ ਕੰਮ ਕਰਨ ਵਾਲੇ ਸੁਰਿੰਦਰ ਕੁਮਾਰੀ ਕੋਛੜ ਕਹਿੰਦੇ ਹਨ, "ਬੂਝਾ ਸਿੰਘ ਮਾਰਕਸਵਾਦੀ ਵਿਚਾਰਾਧਾਰਾ ਦੇ ਮਾਸਟਰ ਸਨ ਅਤੇ ਆਮ ਲੋਕਾਂ ਨੂੰ ਉਹਨਾਂ ਦੀ ਭਾਸ਼ਾ ਵਿੱਚ ਉਹਨਾਂ ਦੀ ਲੁੱਟ ਅਤੇ ਅਮੀਰੀ-ਗਰੀਬੀ ਦੇ ਪਾੜੇ ਬਾਰੇ ਸਮਝਾਉਂਦੇ ਸਨ। ਉਹ ਔਰਤਾਂ ਨੂੰ ਆਪਣੇ ਫੈਸਲੇ ਲੈਣ ਅਤੇ ਨੌਕਰੀਆਂ ਕਰਨ ਲਈ ਪ੍ਰੇਰਿਤ ਕਰਦੇ ਸਨ।

### ਸੁਭਾਸ਼ ਚੰਦਰ ਬੋਸ ਨੂੰ ਰੂਸ ਛੱਡਣ ਦੀ ਡਿਊਟੀ

ਪੰਜਾਬ ਪਹੁੰਚੇ ਗ਼ਦਰੀਆਂ ਨੇ 'ਕਿਰਤੀ' ਨਾਂ ਦਾ ਰਸਾਲਾ ਕੱਢਣਾ ਸ਼ੁਰੂ ਕੀਤਾ ਜਿਸ ਤੋਂ ਬਾਅਦ 'ਕਿਰਤੀ ਪਾਰਟੀ' ਦਾ ਗਠਨ ਕੀਤਾ ਗਿਆ ਪਰ ਅੰਗਰੇਜ਼ ਸਰਕਾਰ ਨੇ 1934 ਵਿੱਚ ਇਸ 'ਕਿਰਤੀ ਪਾਰਟੀ' ਨੂੰ ਗੈਰ-ਕਾਨੂੰਨੀ ਐਲਾਨ ਦਿੱਤਾ। ਇਸ ਪਾਬੰਦੀ ਤੋਂ ਬਾਅਦ ਕਿਰਤੀ ਪਾਰਟੀ ਦੇ ਕਈ ਆਗੂਆਂ ਨੇ ਕਾਂਗਰਸ ਪਾਰਟੀ ਦੀ ਮੈਂਬਰਸ਼ਿਪ ਲੈ ਲਈ। ਦਰਸ਼ਨ ਖਟਕੜ ਦੱਸਦੇ ਹਨ ਕਿ ਇਸ ਦੌਰਾਨ ਬੂਝਾ ਸਿੰਘ ਵੀ ਕਾਂਗਰਸ ਪਾਰਟੀ ਨਾਲ ਕੰਮ ਕਰਨ ਲੱਗੇ। ਅਜਮੇਰ ਸਿੱਧੂ ਕਹਿੰਦੇ ਹਨ ਕਿ 1939 ਵਿੱਚ ਸ਼ੁਭਾਸ਼ ਚੰਦਰ ਬੋਸ ਕਾਂਗਰਸ ਦੇ ਕੌਮੀ ਪ੍ਰਧਾਨ ਬਣੇ ਅਤੇ ਇਸ ਜਿੱਤ ਪਿੱਛੇ ਬਾਬਾ ਬੂਝਾ ਸਿੰਘ ਅਤੇ ਕਿਰਤੀ ਪਾਰਟੀ ਦਾ ਵੀ ਵੱਡਾ ਹੱਥ ਸੀ।

ਉਹ ਕਹਿੰਦੇ ਹਨ, "1941 ਵਿੱਚ ਬੋਸ ਨੂੰ ਰੂਸ ਪਹੁੰਚਾਉਣ ਦੀ ਡਿਊਟੀ ਵੀ ਬੂਝਾ ਸਿੰਘ ਦੀ ਲੱਗੀ ਸੀ। ਗ਼ਦਰੀ ਕਾਰਕੁਨ ਬੋਸ ਨੂੰ ਜੋਸਫ਼ ਸਟਾਲਿਨ ਨਾਲ ਮਿਲਾਉਣਾ ਚਾਹੁੰਦੇ ਸਨ ਪਰ ਰਸਤੇ ਵਿੱਚ ਹੀ ਬੂਝਾ ਸਿੰਘ ਦੀ ਗ੍ਰਿਫ਼ਤਾਰੀ ਹੋ ਗਈ ਪਰ ਬੂਝਾ ਸਿੰਘ ਨੂੰ ਦਿੱਤੀ ਗਈ ਇਹ ਜ਼ਿੰਮੇਵਾਰੀ, ਉਹਨਾਂ ਦੇ ਵੱਡੇ ਕੱਦ ਨੂੰ ਦਰਸਾਉਂਦੀ ਹੈ।"

ਸਿੱਧੂ ਦੀ ਕਿਤਾਬ ਮੁਤਾਬਕ ਬੂਝਾ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ 1947 ਵਿੱਚ ਭਾਰਤ-ਪਾਕਿਸਤਾਨ ਵੰਡ ਸਮੇਂ ਹੋਈ ਫਿਰਕੂ ਹਿੰਸਾ ਵਿਰੁੱਧ ਲਾਮਬੰਦੀ ਕੀਤੀ। ਸਾਲ 1962 ਵਿੱਚ ਚੀਨ-ਭਾਰਤ ਹਮਲੇ ਦੇ ਸਬੰਧ ਵਿੱਚ ਭਾਰਤ ਸਰਕਾਰ ਦੀ ਨੁਕਤਾਚੀਨੀ ਕਰਨ ਬਦਲੇ ਬੂਝਾ ਸਿੰਘ ਦੀ ਗ੍ਰਿਫ਼ਤਾਰੀ ਵੀ ਹੋਈ।

### ਜ਼ਮੀਨਾਂ 'ਤੇ ਕਬਜ਼ਿਆਂ 'ਚ ਮੋਹਰੀ

ਬੂਝਾ ਸਿੰਘ ਨੇ 1964 ਵਿੱਚ ਸੀਪੀਆਈ (ਐੱਮ) ਲਈ ਜਲੰਧਰ ਜ਼ਿਲ੍ਹੇ ਵਿੱਚ ਕਮੇਟੀ ਮੈਂਬਰ ਵੱਜੋਂ ਕੰਮ ਕੀਤਾ। ਅਜਮੇਰ ਸਿੱਧੂ ਲਿਖਦੇ ਹਨ, "ਨਕਸਲਬਾੜੀ ਲਹਿਰ ਉੱਠਣ ਬਾਅਦ ਉਹ ਤਾਲਮੇਲ ਕਮੇਟੀ ਪੰਜਾਬ ਵਿੱਚ 1968 ਵਿੱਚ ਸ਼ਾਮਲ ਹੋ ਗਏ। ਉਹ 22 ਅਪ੍ਰੈਲ 1969 ਨੂੰ ਸੀਪੀਆਈ (ਐੱਮਐੱਲ) ਦੀ ਸੂਬਾ ਜਥੇਬੰਦਕ ਕਮੇਟੀ ਦੇ ਮੈਂਬਰ ਚੁਣੇ ਗਏ।" ਉਹ ਅੱਗੇ ਲਿਖਦੇ ਹਨ, "ਅੱਚਰਵਾਲ ਸਾਜ਼ਿਸ਼ ਕੇਸ 1968 ਵਿੱਚ ਉਹਨਾਂ ਦੇ ਪੁਲਿਸ ਵਰੰਟ ਕੱਢੇ ਗਏ ਸਨ। ਉਹਨਾਂ ਨੇ 8 ਦਸੰਬਰ 1968 ਨੂੰ ਸਮਾਓਂ ਦੇ ਜ਼ਮੀਨੀ ਕਬਜ਼ੇ ਅਤੇ ਜੂਨ 1969 ਨੂੰ ਕਿਲਾ ਹਕੀਮਾਂ (ਸੰਗਰੂਰ) ਦੇ ਜ਼ਮੀਨੀ ਕਬਜ਼ੇ ਵਿੱਚ ਮੋਹਰੀ ਭੂਮਿਕਾ ਨਿਭਾਈ ਸੀ।" ਕਿਤਾਬ ਵਿੱਚ ਪੁਲਿਸ ਦੀ ਐੱਫ਼ਆਈਆਰ ਮੁਤਾਬਕ ਬੂਝਾ ਸਿੰਘ ਅਤੇ ਉਹਨਾਂ ਦੇ ਕੁਝ ਸਾਥੀ ਇਕੱਠੇ ਹੋ ਕੇ ਮੋਤੀ ਸਿੰਘ ਰਾਣਾ ਲੈਂਡਲਾਰਡ ਵਾਸੀ ਜਾਡਲਾ ਨੂੰ ਜਾਨੀ ਨੁਕਸਾਨ ਪਹੁੰਚਾਉਣ ਜਾ ਰਹੇ ਸੀ। ਇਸ ਦੌਰਾਨ ਨਾਈਮਜਾਰਾ ਨਾਕਾ ਲਗਾਇਆ ਗਿਆ।

"ਕਰੀਬ 3 ਵਜੇ ਰਾਤ ਚਾਰ ਆਦਮੀ ਮਜਾਰਾ ਕਲਾਂ ਵੱਲੋਂ ਪੁਲ ਉਕਤ ਵੱਲ ਆਉਂਦੇ ਪਾਏ ਗਏ, ਜਿੰਨਾਂ ਨੂੰ ਕਰੀਬ ਆਉਣ ਉਪਰ 'ਠਹਿਰੋ ਕੋਣ ਹੈ?...', ਦੀ ਆਵਾਜ਼ ਦਿੱਤੀ ਤਾਂ ਉਕਤ ਪੁਰਸ਼ਾਂ ਨੇ 4/5 ਫਾਇਰ ਨਾਕਾ ਪਾਰਟੀ ਵੱਲ ਨੂੰ ਆਪਣੇ ਦਸਤੀ ਹਥਿਆਰਾਂ ਨਾਲ ਕੀਤੇ।" ਐੱਫ਼ਆਈਆਰ ਮੁਤਾਬਕ ਇਸ ਦੌਰਾਨ ਹੋਏ ਮੁਕਾਬਲੇ ਵਿੱਚ ਬੂਝਾ ਸਿੰਘ ਦੀ ਮੌਤ ਹੋ ਗਈ। ਦਰਸ਼ਨ ਖਟਕੜ ਕਹਿੰਦੇ ਹਨ ਕਿ ਬੂਝਾ ਸਿੰਘ ਦੀ ਪਹਿਲਾਂ ਹੀ ਫਿਲੌਰ ਨੇੜੇ ਛੋਟੇ ਜਿਹੇ ਪਿੰਡ ਨਗਰ ਤੋਂ ਗ੍ਰਿਫ਼ਤਾਰੀ ਕਰ ਲਈ ਗਈ ਸੀ। ਉਹ ਕਹਿੰਦੇ ਹਨ, "...। ਪੁਲਿਸ ਨੇ ਪੁਲ ਕੋਲ ਲਿਜਾ ਕਿ ਝੂਠਾ ਮੁਕਾਬਲਾ ਬਣਾਇਆ।"

### ਵਿਧਾਨ ਸਭਾ 'ਚ ਗੂੰਜ

ਇਸ ਬਾਰੇ ਬਾਅਦ ਵਿੱਚ ਬਣੇ ਜਸਟਿਸ ਵੀਐੱਮ ਤਾਰਕੁੰਡੇ ਕਮਿਸ਼ਨ ਨੇ ਕਈ ਹੋਰ ਕੇਸਾਂ ਦੇ ਨਾਲ-ਨਾਲ ਬੂਝਾ ਸਿੰਘ ਦੇ ਕੇਸ ਨੂੰ ਵੀ ਮੁਕਾਬਲਾ ਨਾ ਮੰਨਦਿਆ ਪੁਲਿਸ ਦੀ ਬੇਰਹਿਮੀ ਨਾਲ ਹੋਇਆ ਕਤਲ ਦੱਸਿਆ। ਇਸ ਕਮੇਟੀ ਦੇ ਮੈਂਬਰਾਂ ਵਿੱਚ ਪੱਤਰਕਾਰ ਕੁਲਦੀਪ ਨਈਅਰ ਅਤੇ ਅਰੁਣ ਸ਼ੌਰੀ ਵੀ ਸ਼ਾਮਿਲ ਸਨ। ਸਿੱਧੂ ਦੱਸਦੇ ਹਨ ਕਿ ਪੰਜਾਬ ਵਿਧਾਨ ਸਭਾ ਵਿੱਚ ਉਸ ਸਮੇਂ ਵਿਧਾਇਕ ਸੱਤਪਾਲ ਡਾਂਗ ਅਤੇ ਦਲੀਪ ਸਿਘ ਟਪਿਆਲਾ ਨੇ ਇਸ ਰਿਪੋਰਟ ਨੂੰ ਪੇਸ਼ ਕੀਤਾ।

ਅਜਮੇਰ ਸਿੱਧੂ ਦੀ ਕਿਤਾਬ ਵਿੱਚ ਛਪੀ ਵਿਧਾਨ ਸਭਾ ਦੀ ਪ੍ਰੋਸੀਡਿੰਗ ਮੁਤਾਬਕ ਮੁੱਖ ਮੰਤਰੀ ਨੇ ਕਿਹਾ ਸੀ, "ਸਪੀਕਰ ਸਾਹਿਬ, ਮੈਜਿਸਟਰੀਅਲ ਇਨਕੁਆਇਰੀ ਹੋ ਚੁੱਕੀ ਹੈ, ਇਸ ਲਈ ਹੋਰ ਇਨਕੁਆਇਰੀ ਦੀ ਲੋੜ ਨਹੀਂ ਹੈ। ਜਿਹੜੀ ਤਾਰਕੁੰਡੇ ਕਮੇਟੀ ਦੀ ਰਿਪੋਰਟ ਦਾ ਇਹ ਜ਼ਿਕਰ ਕਰਦੇ ਹਨ, ਉਹ ਇੱਕ ਪ੍ਰਾਈਵੇਟ ਇਨਕੁਆਇਰੀ ਹੋਈ ਹੈ। ਸਰਕਾਰ ਨੇ ਉਸ ਨੂੰ ਕੋਈ ਰਿਕਾਰਡ ਨਹੀਂ ਸੀ ਦੇਣਾ। ਕਾਨੂੰਨ ਦੇ ਮੁਤਾਬਿਕ ਜੋ ਹੋਣਾ ਸੀ, ਉਹ ਹੋਇਆ ਹੈ। ਇਸ ਲਈ ਦੁਬਾਰਾ ਇਨਕੁਆਇਰੀ ਦੀ ਲੋੜ ਨਹੀਂ ਹੈ।'

ਬੂਝਾ ਸਿੰਘ ਦਾ ਵਿਆਹ ਧੰਤੀ (ਧੰਨ ਕੌਰ) ਨਾਲ ਹੋਇਆ ਸੀ ਅਤੇ ਉਹਨਾਂ ਦੇ ਦੋ ਧੀਆਂ, ਨਸੀਬ ਕੌਰ ਉਰਫ਼ ਰੇਸ਼ਮ ਕੌਰ ਤੇ ਅਜੀਤ ਕੌਰ, ਅਤੇ ਇੱਕ ਪੁੱਤਰ ਹਰਦਾਸ ਸਿੰਘ ਸਨ। ਹਰਦਾਸ ਸਿੰਘ ਦੀ ਅਮਰੀਕਾ ਰਹਿੰਦੀ 71 ਸਾਲਾ ਧੀ ਹਰਦੀਪ ਕੌਰ ਕਹਿੰਦੇ ਹਨ, "ਬੂਝਾ ਸਿੰਘ ਦਾ ਸਫ਼ਰ ਇਹੋ ਸਿਖਾਉਂਦਾ ਹੈ ਕਿ ਇਨਸਾਨ ਨੂੰ ਕਿਸ ਤਰ੍ਹਾਂ ਰਹਿਣਾ ਚਾਹੀਦਾ ਹੈ। ਇੱਕ ਤਾਂ ਬਾਬਾ ਜੀ ਗੁਰਬਾਣੀ ਪੜ੍ਹੇ ਸਨ, ਦੂਜਾ ਉਹਨਾਂ ਦਾ ਚੀਨ, ਦੱਖਣੀ ਅਮਰੀਕਾ, ਇੰਗਲੈਂਡ ਅਤੇ ਰੂਸ ਦਾ ਤਜ਼ਰਬਾ ਸੀ। ਉਹਨਾਂ ਕੋਲ ਦੁਨੀਆਂ ਭਰ ਦਾ ਤਜ਼ਰਬਾ ਹੋ ਗਿਆ ਸੀ। ਜਦੋਂ ਉਹ ਭਾਰਤ ਆਏ ਤਾਂ ਉਹਨਾਂ ਕਿਹਾ ਕਿ ਬਦਲਾਅ ਕਰਨਾ ਹੀ ਪੈਣਾ ਹੈ।"

ਹਰਦੀਪ ਕੌਰ ਮੁਤਾਬਕ, "ਬੂਝਾ ਸਿੰਘ ਨੇ ਕਦੇ ਵੀ ਨਿੱਜੀ ਸਵਾਰਥ ਲਈ ਕੰਮ ਨਹੀਂ ਕੀਤਾ। ਜਦੋਂ ਕਿਸੇ ਦਾ ਇੱਕ ਵਿਚਾਰ 'ਤੇ ਵਿਸ਼ਵਾਸ ਬਣ ਜਾਵੇ ਕਿ ਇਹ ਕਰਨਾ ਹੀ ਹੈ ਤਾਂ ਉਮਰ ਦਾ ਕੋਈ ਫ਼ਰਕ ਨਹੀਂ ਪੈਂਦਾ। ਉਹਨਾਂ ਨੇ ਸਾਰੀ ਜ਼ਿੰਦਗੀ ਸੰਘਰਸ਼ ਨਹੀਂ ਛੱਡਿਆ। ਉਹ ਨੌਜਵਾਨਾਂ ਨੂੰ ਸਿਖਾਉਂਦੇ ਸਨ ਕਿ ਅਸੀਂ ਇਨਕਲਾਬ ਕਰਨਾ ਹੈ।" ਉਹ ਕਹਿੰਦੇ ਹਨ, "ਦੁਨੀਆਂ ਭਰ ਦਾ ਗਿਆਨ ਲੈਣ ਤੋਂ ਬਾਅਦ ਉਹਨਾਂ ਨੇ ਆਪਣੇ ਵਿਚਾਰ ਦਾ ਪੱਲਾ ਨਹੀਂ ਛੱਡਿਆ। ਉਹ ਚਾਹੁੰਦੇ ਸਨ ਕਿ ਦੁਨੀਆਂ ਭਰ ਵਿੱਚ ਜੋ ਗਲਤੀਆਂ ਹੋਈਆਂ, ਉਹ ਪੰਜਾਬ ਜਾਂ ਭਾਰਤ ਵਿੱਚ ਨਾ ਹੋਣ।"

## ਬਰਸਾਤਾਂ ਦੇ ਮਹੀਨੇ ਨਾ ਖਾਓ ਇਹ ਸਬਜੀਆਂ

ਸਾਵਣ ਦੇ ਮਹੀਨੇ ਵਿੱਚ ਦੁੱਧ ਅਤੇ ਦਹੀਂ ਨਾ ਖਾਣਾ ਸਿਹਤ ਦੇ ਨਾਲ-ਨਾਲ ਵਿਸ਼ਵਾਸ ਲਈ ਵੀ ਮਹ-ੱਤਵਪੂਰਨ ਹੈ। ਇਸ ਤੋਂ ਇਲਾਵਾ 3 ਹੋਰ ਅਜਿਹੇ ਭੋਜਨ ਹਨ, ਜਿਨ੍ਹਾਂ ਨੂੰ ਸਾਵਣ ਵਿੱਚ ਗਲਤੀ ਨਾਲ ਵੀ ਨਹੀਂ ਖਾਣਾ ਚਾਹੀਦਾ। ਆ ਜਾਣਦੇ ਹਾਂ ਸ਼ਾਰਦਾ ਹਸਪਤਾਲ ਦੇ ਇੰਟਰਨਲ ਮੈਡੀਸਨ ਦੇ ਸੀਨੀਅਰ ਸਲਾਹਕਾਰ ਡਾ. ਸ਼੍ਰੇ ਸ਼੍ਰੀਵਾਸਤਵ ਤੋਂ ਇਨ੍ਹਾਂ 3 ਭੋਜਨਾਂ ਬਾਰੇ-

ਮਸ਼ਰੂਮ- ਵਿਟਾਮਿਨ-ਡੀ ਨਾਲ ਭਰਪੂਰ ਮਸ਼ਰੂਮ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੇ ਹਨ ਪਰ ਤੁਹਾਨੂੰ ਸਾਵਣ ਯਾਨੀ ਬਰਸਾਤ ਦੇ ਦਿਨਾਂ ਵਿੱਚ ਇਸ ਨੂੰ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਹ ਇਸ ਲਈ ਹੈ ਕਿਉਂਕਿ ਬਰਸਾਤ ਦੇ ਮੌਸਮ ਵਿੱਚ ਨਮੀ ਕਾਰਨ ਇਹ ਦੂਸ਼ਿਤ ਹੋ ਸਕਦਾ ਹੈ, ਜਿਸ ਕਾਰਨ ਭੋਜਨ ਦੇ ਜ਼ਹਿਰ ਦਾ ਖ਼ਤਰਾ ਵੱਧ ਜਾਂਦਾ ਹੈ।

ਫੁੱਲ ਗੋਭੀ- ਤੁਹਾਨੂੰ ਬਰਸਾਤ ਦੇ ਦਿਨਾਂ ਵਿੱਚ ਬੰਦ ਗੋਭੀ ਜਾਂ ਫੁੱਲ ਗੋਭੀ ਖਾਣ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ। ਦਰਅਸਲ, ਮੀਂਹ ਕਾਰਨ ਹੋਣ ਵਾਲੀ ਨਮੀ ਕਾਰਨ, ਬੰਦ ਗੋਭੀ ਜਾਂ ਫੁੱਲ ਗੋਭੀ ਦੀਆਂ ਪਰਤਾਂ ਵਿਚਕਾਰ ਫੰਗਸ ਆਸਾਨੀ ਨਾਲ ਉੱਗ ਸਕਦਾ ਹੈ, ਜੋ ਸਰੀਰ ਵਿੱਚ ਦਾਖਲ ਹੋਣ 'ਤੇ ਲਾਗ ਦਾ ਖ਼ਤਰਾ ਵਧਾਉਂਦਾ ਹੈ।

ਪਾਲਕ- ਪਾਲਕ ਆਇਰਨ ਦਾ ਇੱਕ ਵਧੀਆ ਸਰੋਤ ਹੈ। ਇਸਨੂੰ ਖਾਣ ਨਾਲ ਸਰੀਰ ਵਿੱਚ ਆਇਰਨ ਦੀ ਕਮੀ ਦੂਰ ਹੁੰਦੀ ਹੈ। ਹਾਲਾਂਕਿ, ਬਰਸਾਤ ਦੇ ਦਿਨਾਂ ਵਿੱਚ ਇਸਨੂੰ ਖਾਣਾ ਸਿਹਤ ਲਈ ਨੁਕਸਾਨਦੇਹ ਹੈ।

# ਅਮਰੀਕਾ ਨੂੰ ਵੀ ਮਹਿੰਗਾ ਪੈ ਸਕਦਾ ਹੈ ਟੈਰਿਫ ਦਾ ਦਾਅ



ਸ਼ਿਵਕਾਂਤ ਸ਼ਰਮਾ

ਖ਼ਾਤਿਰ ਗਜ਼ਨਵੀ ਦੀ ਮਸ਼ਹੂਰ ਗਜ਼ਲ ਦਾ ਮਤਲਾ ਹੈ-ਗੋ ਜ਼ਰਾ ਸੀ ਬਾਤ ਪਰ ਬਰਸੋਂ ਕੇ ਯਾਰਾਨੇ ਗਏ। ਪੁਤਿਨ ਤੇ ਟਰੰਪ ਵਿਚਾਲੇ ਹਾਲ ਹੀ ਵਿਚ ਕੁਝ ਅਜਿਹਾ ਹੀ ਹੋਇਆ ਹੈ। ਹਾਂ, ਗੱਲ ਸਿਰਫ਼ ਇੰਨੀ ਹੀ ਨਹੀਂ ਹੈ। ਸੰਨ 2013 ਦੀ ਮਿਸ ਯੂਨੀਵਰਸ ਸੁੰਦਰਤਾ ਪ੍ਰਤੀਯੋਗਿਤਾ ਨੂੰ ਲੈ ਕੇ ਮਾਸਕੋ ਗਏ ਟਰੰਪ ਨੇ ਰੂਸੀ ਅਰਬਪਤੀਆਂ ਅਤੇ ਰਾਸ਼ਟਰਪਤੀ ਪੁਤਿਨ ਦੀ ਖਾਤਰਦਾਰੀ ਤੋਂ ਖ਼ੁਸ਼ ਹੋ ਕੇ ਕਿਹਾ ਸੀ ਕਿ ਉਹ ਰਾਸ਼ਟਰਪਤੀ ਓਬਾਮਾ ਨਾਲੋਂ ਵੀ ਜ਼ਿਆਦਾ ਪ੍ਰਭਾਵਸ਼ਾਲੀ ਹੋ ਚੁੱਕੇ ਹਨ।

ਵਲਾਦੀਮੀਰ ਪੁਤਿਨ ਦਾ ਰੰਗ ਉਨ੍ਹਾਂ ’ਤੇ ਇੰਨਾ ਗਹਿਰਾ ਚੜ੍ਹਿਆ ਕਿ ਰਾਸ਼ਟਰਪਤੀ ਬਣਨ ਤੋਂ ਬਾਅਦ 2018 ਦੇ ਹੈਲਸਿੰਕੀ ਸਿਖਰ ਸੰਮੇਲਨ ਵਿਚ ਉਨ੍ਹਾਂ ਨੇ ਆਪਣੇ ਖ਼ੁਫ਼ੀਆ ਤੰਤਰ ਵਿਰੁੱਧ ਪੁਤਿਨ ਦਾ ਪੱਖ ਲੈਂਦੇ ਹੋਏ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਰੂਸ ਨੇ ਅਮ-ਰੀਕੀ ਚੋਣਾਂ ਵਿਚ ਗੜਬੜੀ ਕਰਵਾਈ ਸੀ। ਪੁਤਿਨ ਦੇ ਨਾਲ ਆਪਣੇ ਖ਼ਾਸ ਰਿਸ਼ਤੇ ਦਾ ਦਮ ਭਰਦੇ ਹੋਏ ਉਨ੍ਹਾਂ ਨੇ ਕਿਹਾ ਸੀ ਕਿ ਉਹ ਰਾਸ਼ਟਰਪਤੀ ਬਣਨ ਦੇ 24 ਘੰਟਿਆਂ ਅੰਦਰ ਜੰਗਬੰਦੀ ਕਰਵਾ ਦੇਣਗੇ।

ਜਦ ਉਹ ਨਹੀਂ ਹੋਈ ਤਾਂ ਉਨ੍ਹਾਂ ਨੇ ਰੂਸ ’ਤੇ ਪਾਬੰਦੀਆਂ ਹਟਾਉਣ ਅਤੇ ਕ੍ਰੀਮੀਆ ਨੂੰ ਰੂਸ ਦੇ ਹਿੱਸੇ ਦੇ ਰੂਪ ਵਿਚ ਮਾਨਤਾ ਦੇਣ ਵਰਗੇ ਲਾਲਚ ਦੇ ਕੇ ਪੁਤਿਨ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਕੀਤੀ। ਜੰਗ ਦਾ ਠੀਕਰਾ ਜ਼ੈਲੰਸਕੀ ਦੇ ਸਿਰ ਭੰਨਿਆ, ਉਸ ਨੂੰ ਤਾਨਾਸ਼ਾਹ ਕਹਿੰਦੇ ਹੋਏ ਵ੍ਹਾਈਟ ਹਾਊਸ ਵਿਚ ਮੀਡੀਆ ਦੇ ਸਾਹਮਣੇ ਬੁਰਾ-ਭਲਾ ਕਿਹਾ। ਉਨ੍ਹਾਂ ਨੇ ਯੂਕਰੇਨ ਦੀ ਫ਼ੌਜੀ ਅਤੇ ਆਰਥਿਕ ਮਦਦ ਰੋਕ ਲਈ ਅਤੇ ਬਿਨਾਂ ਸ਼ਰਤ ਗੱਲਬਾਤ ਲਈ ਸਹਿਮਤ ਕੀਤਾ। ਜੰਗਬੰਦੀ ਲਈ ਟਰੰਪ ਨੇ ਪੁਤਿਨ ਨਾਲ ਛੇ ਵਾਰ ਫੋਨ ਵਾਰਤਾਵਾਂ ਕੀਤੀਆਂ ਪਰ ਪੁਤਿਨ ਨਾ ਸਿਰਫ਼ ਗੱਲ ਲਟਕਾਉਂਦੇ ਰਹੇ ਬਲਕਿ ਹਰ ਗੱਲਬਾਤ ਤੋਂ ਬਾਅਦ ਵੱਡੇ-ਵੱਡੇ ਹਮਲੇ ਕਰਦੇ ਰਹੇ।




ਇਸ ਮਹੀਨੇ ਦੀ ਗੱਲਬਾਤ ਤੋਂ ਬਾਅਦ ਟਰੰਪ ਦਾ ਪੁਤਿਨ ਤੋਂ ਮੋਹ ਭੰਗ ਹੋ ਗਿਆ ਅਤੇ ਉਨ੍ਹਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਉਨ੍ਹਾਂ ਤੋਂ ਨਾਖ਼ੁਸ਼ ਹਨ। ਇਕ ਇੰਟਰਵਿਊ ਵਿਚ ਟਰੰਪ ਨੇ ਕਿਹਾ ਕਿ ਉਹ ਪੁਤਿਨ ਤੋਂ ਨਿਰਾਸ਼ ਹਨ ਪਰ ਹਤਾਸ਼ ਨਹੀਂ। ਉਨ੍ਹਾਂ ਨੇ ਯੂਕਰੇਨ ਨੂੰ ਨਾਟੋ ਦੇ ਮਾਧਿਅਮ ਨਾਲ ਅਤਿ-ਆਧੁਨਿਕ ਰੱਖਿਆ ਪ੍ਰਣਾਲੀ ਅਤੇ ਮਿਜ਼ਾਈਲਾਂ ਦੇਣੀਆਂ ਸ਼ੁਰੂ ਕਰਨ ਦਾ ਐਲਾਨ ਕੀਤਾ ਅਤੇ ਪੁਤਿਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਉਹ 50 ਦਿਨਾਂ ਦੇ ਅੰਦਰ ਜੰਗਬੰਦੀ ਲਈ ਰਾਜ਼ੀ ਨਹੀਂ ਹੋਏ ਤਾਂ ਰੂਸੀ ਮਾਲ ਖ਼ਰੀਦਣ ਵਾਲੇ ਮੁਲਕਾਂ ’ਤੇ 100 ਪ੍ਰਤੀਸ਼ਤ ਟੈਰਿਫ ਵਰਗੀਆਂ ਸਖ਼ਤ ਪਾਬੰਦੀਆਂ ਲਗਾਈਆਂ ਜਾਣਗੀਆਂ।

ਜਦੋਂ ਤੋਂ ਟਰੰਪ ਨੇ ਦੂਜੀ ਵਾਰ ਅਮਰੀਕਾ ਦੀ ਸੱਤਾ ਸੰਭਾਲੀ ਹੈ, ਉਦੋਂ ਤੋਂ ਹੀ ਉਹ ਟੈਰਿਫ ਨੂੰ ਇਕ ਹਥਿਆਰ ਵਜੋਂ ਵਰਤ ਰਹੇ ਹਨ ਜੋ ਬਹੁਤਾ ਕਾਰਗਰ ਸਾਬਿਤ ਨਹੀਂ ਹੋ ਰਿਹਾ। ਪਹਿਲਾਂ ਉਨ੍ਹਾਂ ਨੇ ਉਨ੍ਹਾਂ ਮੁਲਕਾਂ ਦੇ ਉਤਪਾਦਾਂ ’ਤੇ ਬਹੁਤ ਜ਼ਿਆਦਾ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀਜੋ ਅਮਰੀਕੀ ਉਤਪਾਦਾਂ ’ਤੇ ਬਹੁਤ ਟੈਕਸ ਲਗਾਉਂਦੇ ਹਨ। ਭਾਰਤ ਵੀ ਉਨ੍ਹਾਂ ’ਚੋਂ ਇਕ ਸੀ।

ਫਿਰ ਟਰੰਪ ਨੂੰ ਆਪਣਾ ਇਹ ਫ਼ੈਸਲਾ ਕਈ ਵਾਰ ਅੱਗੇ ਪਾਉਣਾ ਪਿਆ। ਹੁਣ ਉਹ ਇਹੀ ਹਥਿਆਰ ਰੂਸ ਅਤੇ ਉਸ ਦੇ ਦੋਸਤ ਮੁਲਕਾਂ ਖ਼ਿਲਾਫ਼ ਵਰਤਣ ਦਾ ਡਰਾਵਾ ਦੇ ਰਹੇ ਹਨ। ਅਮਰੀਕਾ ਅਤੇ ਪੱਛਮੀ ਦੇਸ਼ ਤੇ ਉਨ੍ਹਾਂ ਦਾ ਫ਼ੌਜੀ ਗੱਠਜੋੜ ਨਾਟੋ ਰੂਸ-ਯੂਕਰੇਨ ਜੰਗ ਖ਼ਤਮ ਕਰਵਾਉਣ ਲਈ ਹਰ ਹਰਬਾ ਵਰਤਣ ’ਤੇ ਉਤਾਰੂ ਹਨ। ਨਾਟੋ ਦੇ ਜਨਰਲ ਸਕੱਤਰ ਮਾਰਕ ਰੂਟਾ ਨੇ ਤਾਂ ਚੀਨ, ਭਾਰਤ ਤੇ ਬ੍ਰਾਜ਼ੀਲ ਨੂੰ ਸਿੱਧੇ ਹੀ ਕਹਿ ਦਿੱਤਾ ਕਿ ਜਾਂ ਤਾਂ ਤਿੰਨੋਂ ਮਿਲ ਕੇ ਪੁਤਿਨ ਨੂੰ ਜੰਗਬੰਦੀ ਲਈ ਸਹਿਮਤ ਕਰੋ, ਨਹੀਂ ਤਾਂ ਅਮਰੀਕੀ ਪਾਬੰਦੀਆਂ ਲਈ ਤਿਆਰ ਹੋ ਜਾਣ। ਯੂਰਪੀ ਸੰਘ ਨੇ ਰੂਸ ’ਤੇ ਨਵੀਆਂ ਪਾਬੰਦੀਆਂ ਲਗਾ ਦਿੱਤੀਆਂ ਹਨ ਅਤੇ ਅਮਰੀਕੀ ਸੈਨੇਟ ਰੂਸ ਤੋਂ ਤੇਲ ਖ਼ਰੀਦਣ ਵਾਲੇ ਦੇਸ਼ਾਂ ’ਤੇ 500 ਪ੍ਰਤੀਸ਼ਤ ਤੱਕ ਟੈਰਿਫ ਲਗਾਉਣ ਵਾਲੇ ਪ੍ਰਸਤਾਵ ਦੀ ਤਿਆਰੀ ਕਰ ਰਹੀ ਹੈ। ਰੂਸ ਪ੍ਰਤੀਦਿਨ ਲਗਪਗ 70 ਲੱਖ ਬੈਰਲ ਤੇਲ ਦੀ ਬਰਾਮਦ ਕਰਦਾ ਹੈ ਜਿਸ ਦਾ 47 ਫ਼ੀਸਦੀ ਚੀਨ ਖ਼ਰੀਦਦਾ ਹੈ ਅਤੇ 38 ਪ੍ਰਤੀਸ਼ਤ ਭਾਰਤ।

ਰੂਸ ਇਸ ਸਮੇਂ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਤੇਲ ਉਤਪਾਦਕ ਦੇਸ਼ ਹੈ। ਉਸ ਦੇ ਤੇਲ ਦੀ ਵਿਕਰੀ ਬੰਦ ਹੋਣ ਨਾਲ ਦੁਨੀਆ ਵਿਚ ਤੇਲ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋ ਸਕਦਾ ਹੈ ਜਿਸ ਦਾ ਅਸਰ ਚੀਨ ਅਤੇ ਭਾਰਤ ’ਤੇ ਤਾਂ ਪਵੇਗਾ ਹੀ, ਯੂਰਪ ਅਤੇ ਅਮਰੀਕਾ ਵੀ ਉਸ ਤੋਂ ਅਣਛੋਹੇ ਨਹੀਂ ਰਹਿ ਸਕਣਗੇ ਕਿਉਂਕਿ ਤੇਲ ਦੀਆਂ ਕੀਮਤਾਂ ਵਿਚ ਉਛਾਲ ਕਾਰਨ ਮਹਿੰਗਾਈ ਵਧੇਗੀ ਅਤੇ ਦੁਨੀਆ ਦਾ ਅਰਥਚਾਰਾ ਸੰਕਟ ਵਿਚ ਪੈ ਜਾਵੇਗਾ।

ਇਸ ਨਾਲ ਰੂਸ ਦਾ ਨੁਕਸਾਨ ਤਾਂ ਉਦੋਂ ਹੋਵੇਗਾ ਜਦ ਚੀਨ, ਭਾਰਤ ਅਤੇ ਬ੍ਰਾਜ਼ੀਲ ਤੇਲ ਖ਼ਰੀਦਣਾ ਬੰਦ ਕਰਨਗੇ। ਹਾਲਾਂਕਿ ਤੇਲ ਦੀਆਂ ਕੀਮਤਾਂ ਵਧਣ ਨਾਲ ਰੂਸ ਨੂੰ ਫ਼ਾਇਦਾ ਹੋਣਾ ਤੁਰੰਤ ਸ਼ੁਰੂ ਹੋ ਗਿਆ ਹੈ। ਵੈਸੇ ਵੀ ਪੁਤਿਨ ਨੂੰ ਲੱਗਦਾ ਹੈ ਕਿ ਟਰੰਪ ਦੀ ਧਮਕੀ ਗਿੱਦੜਭਬਕੀ ਤੋਂ ਸਿਵਾਏ ਕੁਝ ਨਹੀਂ ਹੈ। ਇਸ ਲਈ ਪੁਤਿਨ ਨੇ ਯੂਕਰੇਨ ’ਤੇ 700 ਡ੍ਰੋਨ ਅਤੇ ਦਰਜਨ ਭਰ ਮਿਜ਼ਾਈਲਾਂ ਨਾਲ ਵੱਡਾ ਹਮਲਾ ਕੀਤਾ। ਅਮਰੀਕੀ ਚਿਤਾਵਨੀ ਦੇ ਜਵਾਬ ਵਿਚ ਰੂਸੀ ਵਿਦੇਸ਼ ਮੰਤਰਾਲੇ ਦੀ ਬੁਲਾਰਨ ਜ਼ਖਰੋਵਾ ਨੇ ਵੀ ਕਿਹਾ ਕਿ ਅਲਟੀਮੇਟਮ, ਬਲੈਕਮੇਲ ਅਤੇ ਧਮਕੀਆਂ ਸਾਨੂੰ ਮਨਜ਼ੂਰ ਨਹੀਂ ਹਨ। ਅਸੀਂ ਆਪਣੀ ਸੁਰੱਖਿਆ ਅਤੇ ਹਿੱਤਾਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕਾਂਗੇ। ਰੂਸੀ ਸ਼ੇਅਰ ਬਾਜ਼ਾਰ ਵਿਚ ਵੀ ਘਬਰਾਹਟ ਦੀ ਜਗ੍ਹਾ ਤੇਜ਼ੀ ਦਿਖਾਈ ਦਿੱਤੀ।

ਟਰੰਪ ਦਾ ਪੁਤਿਨ ਤੋਂ ਮੋਹ ਭੰਗ ਹੋਣਾ ਸਮਝ ਵਿਚ ਆਉਂਦਾ ਹੈ ਪਰ ਆਰਥਿਕ ਪਾਬੰਦੀਆਂ ਦੇ ਜਿਸ ਹਥਿਆਰ ਨਾਲ ਬਾਇਡਨ ਕੁਝ ਹਾਸਲ ਨਹੀਂ ਕਰ ਸਕੇ ਤਾਂ ਉਸੇ ਨੂੰ ਦੁਬਾਰਾ ਚਲਾਉਣ ਦਾ ਮਕਸਦ ਕੀ ਹੋ ਸਕਦਾ ਹੈ? ਮਸ਼ਹੂਰ ਇਤਿਹਾਸਕਾਰ ਯੁਵਾਲ ਨੋਆ ਹਰਾਰੀ ਮੁਤਾਬਕ ਟਰੰਪ ਕਿਲ੍ਹੇਬੰਦੀ ਦੀ ਮਾਨਸਿਕਤਾ ਨਾਲ ਕੰਮ ਕਰਦੇ ਹਨ। ਉਨ੍ਹਾਂ ਦੀਆਂ ਨੀਤੀਆਂ ਵਿਚ ਕਿਸੇ ਨਾ ਕਿਸੇ ਠੋਸ ਪ੍ਰਾਪਤੀ ਦਾ ਸਵਾਰਥ ਛੁਪਿਆ ਰਹਿੰਦਾ ਹੈ।

ਯੂਕਰੇਨ ਦੀ ਫ਼ੌਜੀ ਮਦਦ ਲਈ ਉਨ੍ਹਾਂ ਨੇ ਨਾਟੋ ਨੂੰ ਮਾਧਿਅਮ ਬਣਾਇਆ ਤਾਂ ਕਿ ਯੂਕਰੇਨ ਨੂੰ ਹਥਿਆਰ ਮਿਲ ਜਾਣ ਅਤੇ ਉਨ੍ਹਾਂ ਨੂੰ ਨਾਟੋ ਜ਼ਰੀਏ ਉਨ੍ਹਾਂ ਦੇ ਦਾਮ। ਟਰੰਪ ਦਾਅਵਾ ਕਰ ਚੁੱਕੇ ਹਨ ਕਿ ਚੀਨ ਦੇ ਨਾਲ ਸਿਧਾਂਤਕ ਤੌਰ ’ਤੇ ਵਪਾਰ ਸੌਦਾ ਹੋ ਚੁੱਕਾ ਹੈ ਪਰ ਉਸ ਦਾਅਵੇ ਨੂੰ ਤਿੰਨ ਹਫ਼ਤੇ ਬੀਤ ਚੁੱਕੇ ਹਨ ਪਰ ਸੌਦੇ ’ਤੇ ਮੋਹਰ ਨਹੀਂ ਲੱਗ ਸਕੀ ਹੈ।

ਉਨ੍ਹਾਂ ਨੇ ਭਾਰਤ ਨਾਲ ਵੀ ਸੌਦਾ ਹੋ ਜਾਣ ਦਾ ਸੰਕੇਤ ਦਿੱਤਾ ਹੈ। ਅਲਬੱਤਾ ਰਸਮੀ ਤੌਰ ’ਤੇ ਕੋਈ ਐਲਾਨ ਨਹੀਂ ਹੋਇਆ ਹੈ। ਹੋ ਸਕਦਾ ਹੈ ਕਿ ਇਨ੍ਹਾਂ ਵਪਾਰ ਸੌਦਿਆਂ ਨੂੰ ਮਨ ਮੁਤਾਬਕ ਅਤੇ ਜਲਦੀ ਨਿਪਟਾਉਣ ਵਾਸਤੇ ਰੂਸੀ ਤੇਲ ਖ਼ਰੀਦਣ ਵਾਲਿਆਂ ’ਤੇ ਟੈਰਿਫ ਲਗਾਉਣ ਦੀ ਚਿਤਾਵਨੀ ਦਿੱਤੀ ਜਾ ਰਹੀ ਹੋਵੇ। ਨਹੀਂ ਤਾਂ ਇਹ ਗੱਲ ਪੁਤਿਨ ਵੀ ਜਾਣਦੇ ਹਨ ਅਤੇ ਟਰੰਪ ਵੀ ਕਿ ਸ਼ੀ ਜਿਨਪਿੰਗ ਵੀ ਟਰੰਪ ਦੀ ਧਮਕੀ ਵਿਚ ਆ ਕੇ ਰੂਸ ਤੋਂ ਤੇਲ ਲੈਣਾ ਬੰਦ ਨਹੀਂ ਕਰਨ ਵਾਲੇ। ਉਹ ਟੈਰਿਫ ਜੰਗ ਵਿਚ ਵੀ ਨਹੀਂ ਝੁਕੇ ਕਿਉਂਕਿ ਚੀਨ ਕੋਲ ਦੁਰਲਭ ਖਣਿਜਾਂ, ਚੁੰਬਕਾਂ ਅਤੇ ਸੈਮੀਕੰਡਕਟਰਾਂ ਦਾ ਬ੍ਰਹਮ ਅਸਤਰ ਸੀ।

ਉਸ ਦੇ ਨਾਲ ਆਖ਼ਰਕਾਰ ਟਰੰਪ ਨੂੰ ਹੀ ਸੌਦਾ ਕਰਨਾ ਪਿਆ। ਟਰੰਪ ਸਮਝ ਚੁੱਕੇ ਹਨ ਕਿ ਸਵਾ ਲੱਖ ਤੋਂ ਵੱਧ ਸੈਨਿਕਾਂ ਅਤੇ ਅਰਥ-ਵਿਵਸਥਾ ਦੀ ਬਲੀ ਚੜ੍ਹਾਅ ਚੁੱਕੇ ਪੁਤਿਨ ਨੂੰ ਗੱਲਾਂ ਅਤੇ ਧਮਕੀਆਂ ਨਾਲ ਪਿੱਛੇ ਹਟਾਉਣਾ ਸੰਭਵ ਨਹੀਂ ਹੈ। ਨਾ ਹੀ ਉਹ ਇਸ ਅੰਤਹੀਣ ਜੰਗ ਵਿਚ ਯੂਕਰੇਨ ਲਈ ਅਮਰੀਕੀ ਖ਼ਜ਼ਾਨਾ ਖੋਲ੍ਹਣ ਨੂੰ ਤਿਆਰ ਹਨ। ਇਸ ਲਈ ਉਨ੍ਹਾਂ ਨੇ ਨਾਟੋ ਜ਼ਰੀਏ ਹਥਿਆਰ ਵੇਚਣ ਦਾ ਰਸਤਾ ਚੁਣਿਆ ਹੈ ਤਾਂ ਕਿ ਯੂਕਰੇਨ ਆਪਣੀ ਰੱਖਿਆ ਕਰਦੇ ਹੋਏ ਰੂਸੀ ਸੈਨਾ ਅਤੇ ਰੱਖਿਆ ਤੰਤਰ ਨੂੰ ਇੰਨੀ ਸੱਟ ਮਾਰਦਾ ਰਹੇ ਕਿ ਇਕ ਦਿਨ ਪੁਤਿਨ ਥੱਕ ਕੇ ਗੱਲਬਾਤ ਲਈ ਮਜਬੂਰ ਹੋ ਜਾਣ।

ਦੂਜੇ ਪਾਸੇ, ਪੁਤਿਨ ਦਾ ਟੀਚਾ ਯੂਕਰੇਨ ਦੀ ਸੈਨਿਕ ਅਤੇ ਖ਼ੁਫ਼ੀਆ ਸ਼ਕਤੀ ਅਤੇ ਰੱਖਿਆ ਉਦਯੋਗ ਨੂੰ ਤਬਾਹ ਕਰ ਕੇ ਉਸ ਨੂੰ ਅਜਿਹੇ ਨਾਕਾਮ ਰਾਸ਼ਟਰ ਵਿਚ ਤਬਦੀਲ ਕਰ ਦੇਣਾ ਹੈ ਜਿੱਥੇ ਰੂਸੀ ਹਮਲਿਆਂ ਦੇ ਡਰੋਂ ਕੋਈ ਨਿਵੇਸ਼ ਨਾ ਕਰੇ ਅਤੇ ਉਹ ਰੂਸ ’ਤੇ ਆਸ਼ਰਿਤ ਹੋ ਕੇ ਰਹਿ ਜਾਵੇ। ਇਸ ਖੇਡ ਵਿਚ ਭਾਰਤ ਨੂੰ ਕੂਟਨੀਤਕ ਨਿਪੁੰਨਤਾ ਦੇ ਨਾਲ ਚੀਨ ਦੇ ਨਾਲ ਮਿਲ ਕੇ ਚੱਲਣਾ ਹੋਵੇਗਾ ਕਿਉਂਕਿ ਟਰੰਪ ਉਸੇ ਦੀ ਸੁਣਦੇ ਹਨ ਜਿਸ ਕੋਲ ਪਲਟਵਾਰ ਕਰਨ ਦੀ ਕਾਬਲੀਅਤ ਹੁੰਦੀ ਹੈ।

ਚੀਨ ਕੋਲ ਪਲਟਵਾਰ ਲਈ ਦੁਰਲਭ ਖਣਿਜ ਹਨ ਅਤੇ ਰੂਸ ਕੋਲ ਤੇਲ ਅਤੇ ਅਨਾਜ। ਅਜਿਹੇ ਵਿਚ ਭਾਰਤ ਨੂੰ ਆਪਣੀ ਕੂਟਨੀਤੀ ’ਤੇ ਦਾਅ ਲਗਾਉਣਾ ਹੋਵੇਗਾ। ਉਮਦਾ ਕੂਟਨੀਤੀ ਸਦਕਾ ਹੀ ਭਾਰਤ ਟਰੰਪ ਦੇ ਜਾਲ਼ ਵਿਚ ਫਸਣ ਤੋਂ ਬਚ ਸਕਦਾ ਹੈ ਅਤੇ ਆਪਣੇ ਸਦਾਬਹਾਰ ਦੋਸਤ ਰੂਸ ਤੋਂ ਵੀ ਫ਼ਾਇਦਾ ਲੈਂਦਾ ਰਹਿ ਸਕਦਾ ਹੈ।

# ਸੁਪਰ ਵੀਜ਼ਾ ਰਾਹੀ ਮਾਪਿਆਂ ਨੂੰ ਕੈਨੇਡਾ ਬੁਲਾ ਸਕਣਗੇ ਬੱਚੇ

ਕੈਨੇਡਾ ਸਰਕਾਰ ਨੇ ਹਾਲ ਹੀ ਵਿੱਚ ਪੇਰੇਂਟਸ ਐਂਡ ਗਰੈਂਡ ਪੈਰੇਂਟਸ ਪ੍ਰੋਗਰਾਮ (ਪੀਜੀਪੀ) ਤਹਿਤ ਸੱਦਾ ਭੇਜਣ ਦੀ ਜਾਣਕਾਰੀ ਦਿੱਤੀ ਹੈ। ਕੈਨੇਡਾ ਵੀਜ਼ਾ ਦੀ ਵੈਬਸਾਈਟ 'ਤੇ 16 ਜੁਲਾਈ ਨੂੰ ਜਾਰੀ ਨੋਟੀਫਿਕੇਸ਼ਨ ਮੁਤਾਬਕ, 2025 ਦੇ ਪੀਜੀਪੀ ਸੱਦਿਆਂ ਦਾ ਦੌਰ ਆਉਂਦੀ 28 ਜੁਲਾਈ ਤੋਂ ਸ਼ੁਰੂ ਹੋਵੇਗਾ। ਇਮੀਗ੍ਰੇਸ਼ਨ, ਰਿਫਿਊਜੀ ਐਂਡ ਸਿਟੀਜ਼ਨਸ਼ਿਪ, ਕੈਨੇਡਾ (ਆਈਆਰਸੀਸੀ) 28 ਜੁਲਾਈ ਤੋਂ ਬਾਅਦ ਦੋ ਹਫ਼ਤਿਆਂ ਦੀ ਮਿਆਦ ਵਿੱਚ 17,860 ਸੱਦੇ ਭੇਜੇਗਾ, ਜਿਸ ਦੇ ਤਹਿਤ 10,000 ਅਰਜ਼ੀਆਂ ਨੂੰ ਸਥਾਈ ਨਿਵਾਸ ਲਈ ਮਨਜ਼ੂਰੀ ਲਈ ਚੁਣਿਆ ਜਾਵੇਗਾ। ਨੋਟੀਫਿਕੇਸ਼ ਵਿੱਚ ਕਿਹਾ ਗਿਆ ਹੈ ਕਿ ਸਪਾਂਸਰ ਜਿਨ੍ਹਾਂ ਨੇ 2020 ਵਿੱਚ ਅਰਜ਼ੀ ਜਮ੍ਹਾਂ ਕਰਵਾਈ ਸੀ, ਅਤੇ ਜਿਨ੍ਹਾਂ ਨੂੰ ਅਜੇ ਤੱਕ ਅਰਜ਼ੀ ਦੇਣ ਲਈ ਸੱਦਾ ਨਹੀਂ ਮਿਲਿਆ ਹੈ, ਉਨ੍ਹਾਂ ਨੂੰ 28 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਦੋ ਹਫ਼ਤਿਆਂ ਦੀ ਮਿਆਦ ਦੌਰਾਨ ਆਪਣੇ ਈਮੇਲ (ਸਪੈਮ ਅਤੇ ਜੰਕ ਫੋਲਡਰਾਂ ਸਮੇਤ) ਚੈੱਕ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਜਿਨ੍ਹਾਂ ਸਪਾਂਸਰਾਂ ਨੂੰ ਆਈਟੀਏ (ਇਨਵੀਟੇਸ਼ਨ ਟੂ ਅਪਲਾਈ) ਪ੍ਰਾਪਤ ਹੁੰਦਾ ਹੈ, ਉਨ੍ਹਾਂ ਨੂੰ ਆਪਣੀ ਪੀਜੀਪੀ ਅਰਜ਼ੀ ਪਰਮਾਨੈਂਟ ਰੈਜ਼ੀਡੈਂਸ ਪੋਰਟਲ (ਜਾਂ ਰੀਪ੍ਰੈਜ਼ੈਨਟੇਟਿਵ ਪਰਮਾਨੈਂਟ ਰੈਜ਼ੀਡੈਂਸ ਪੋਰਟਲ) ਰਾਹੀਂ ਆਪਣੇ ਸੱਦਿਆਂ 'ਤੇ ਦੱਸੀ ਗਈ ਆਖਰੀ ਮਿਤੀ ਤੱਕ ਜਮ੍ਹਾਂ ਕਰਾਉਣੀ ਚਾਹੀਦੀ ਹੈ।

**ਕੀ ਹੈ ਪੀਜੀਪੀ ਪ੍ਰੋਗਰਾਮ**

ਪੀਜੀਪੀ ਯਾਨੀ ਪੇਰੇਂਟਸ ਐਂਡ ਗਰੈਂਡ ਪੇਰੇਂਟਸ ਪ੍ਰੋਗਰਾਮ, ਇੱਕ ਖ਼ਾਸ ਤਰ੍ਹਾਂ ਦਾ ਪ੍ਰੋਗਰਾਮ ਹੈ, ਜਿਸ ਤਹਿਤ ਕੈਨੇਡਾ ਦੇ ਨਾਗਰਿਕ (ਸਿ-ਟੀਜ਼ਨ) ਅਤੇ ਪੀਆਰ (ਪਰਮਾਨੈਂਟ ਰੈਜ਼ੀਡੈਂਟਸ) ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਪੀਆਰ ਲਗਵਾ ਕੇ ਬੁਲਾਉਂਦੇ ਹਨ।




**ਸੁਪਰ ਵੀਜ਼ਾ ਕੀ ਹੈ**

ਸੁਪਰ ਵੀਜ਼ਾ, ਉਹ ਵੀਜ਼ਾ ਹੁੰਦਾ ਹੈ ਜਿਸ ਤਹਿਤ ਕੈਨੇਡਾ ਦੇ ਨਾਗਰਿਕ (ਸਿਟੀਜ਼ਨ) ਅਤੇ ਪੀਆਰ (ਪਰਮਾਨੈਂਟ ਰੈਜ਼ੀਡੈਂਟਸ) ਦੇ ਮਾਪੇ ਜਾਂ ਦਾਦਾ-ਦਾਦੀ ਆਪਣੇ ਬੱਚਿਆਂ ਕੋਲ ਜਾ ਕੇ 5 ਸਾਲਾਂ ਲਈ ਰਹਿ ਸਕਦੇ ਹਨ। ਉੱਥੇ ਜਾ ਕੇ ਇਸ ਵੀਜ਼ਾ ਦੀ ਸਮਾ ਸੀਮਾਂ ਨੂੰ ਵਧਾਇਆ ਵੀ ਜਾ ਸਕਦਾ ਹੈ। 10 ਸਾਲਾਂ ਤੱਕ ਉਹ ਕੈਨੇਡਾ ਵਿੱਚ ਮਲਟੀਪਲ ਐਂਟਰੀ (ਵਾਰ-ਵਾਰ ਦਾਖ਼ਲ) ਵੀ ਕਰ ਸਕਦੇ ਹਨ। ਸੁਪਰ ਵੀਜ਼ਾ ਇੱਕ ਖ਼ਾਸ ਤਰ੍ਹਾਂ ਦਾ ਵੀਜ਼ਾ ਹੁੰਦਾ ਹੈ, ਜੋ ਕਿ ਕੈਨੇਡਾ ਦੇ ਨਾਗਰਿਕ (ਸਿਟੀਜ਼ਨ) ਅਤੇ ਪੀਆਰ (ਪਰਮਾਨੈਂਟ ਰੈਜ਼ੀਡੈਂਟਸ) ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਬੁਲਾਉਣ ਲਈ ਲਗਵਾ ਸਕਦੇ ਹਨ। ਇਸ ਤਹਿਤ ਮਾਪੇ ਜਾਂ ਦਾਦਾ-ਦਾਦੀ ਆਪਣੇ ਬੱਚਿਆਂ ਕੋਲ ਜਾ ਕੇ 5 ਸਾਲਾਂ ਲਈ ਰਹਿ ਸਕਦੇ ਹਨ। ਉੱਥੇ ਜਾ ਕੇ ਇਸ ਵੀਜ਼ਾ ਦੀ ਸਮੇਂ ਸੀਮਾਂ ਨੂੰ ਵਧਾਇਆ ਵੀ ਜਾ ਸਕਦਾ ਹੈ। 10 ਸਾਲਾਂ ਤੱਕ ਉਹ ਕੈਨੇਡਾ ਵਿੱਚ ਮਲਟੀਪਲ ਐਂਟਰੀ (ਵਾਰ-ਵਾਰ ਦਾਖ਼ਲ) ਵੀ ਕਰ ਸਕਦੇ ਹਨ। ਕੈਨੇਡਾ ਦੀ ਅਧਿਕਾਰਤ ਵੈੱਬਸਾਈਟ ਮੁਤਾਬਕ ਸੁਪਰ ਵੀਜ਼ਾ ਪ੍ਰੋਗਰਾਮ ਤਹਿਤ ਪ੍ਰਕਿਰਿਆ ਵਿੱਚ ਥੋੜ੍ਹਾ ਸਮਾਂ ਲੱਗਦਾ ਹੈ।

**ਵਿਜ਼ੀਟਰ ਵੀਜ਼ਾ ਤੋਂ ਵੱਖਰਾ ਕਿਵੇਂ ਹੈ?**

ਸੁਪਰ ਵੀਜ਼ਾ, ਵਿਜ਼ੀਟਰ ਵੀਜ਼ਾ ਨਾਲੋਂ ਵੱਖਰੀ ਕਿਸਮ ਦਾ ਵੀਜ਼ਾ ਹੈ। ਇਹ ਵੀਜ਼ਾ ਖ਼ਾਸ ਤੌਰ ’ਤੇ ਮਾਪਿਆਂ ਅਤੇ ਦਾਦਾ-ਦਾਦੀ ਲਈ ਹੈ। ਸੁਪਰ ਵੀਜ਼ਾ ਤਹਿਤ ਇੱਕ ਅਰਜ਼ੀਕਾਰ ਇੱਕੋ ਸਾਰ 5 ਸਾਲ ਰਹਿ ਸਕਦਾ ਹੈ ਜਦਕਿ ਵਿਜ਼ੀਟਰ ਵੀਜ਼ਾ ਤਹਿਤ ਅਰਜ਼ੀਕਾਰ ਵੱਧ ਤੋਂ ਵੱਧ 6 ਮਹੀਨੇ ਰਹਿ ਸਕਦਾ ਹੈ। ਸੁਪਰ ਵੀਜ਼ਾ ’ਚ ਸਿਰਫ ਅਰਜ਼ੀਕਾਰ ਦੇ ਆਪਣੇ ਬੱਚੇ (ਬਾਇਲੋਜੀਕਲ) ਜਾਂ ਗੋਦ ਲਏ ਬੱਚੇ ਹੀ ਬੁਲਾ ਸਕਦੇ ਹਨ ਜਦਕਿ ਵਿਜ਼ੀਟਰ ਵੀਜ਼ਾ ਵਿੱਚ ਅਜਿਹਾ ਨਹੀਂ ਹੈ।

ਪੀਜੀਪੀ ਤਹਿਤ ਸਪਾਂਸਰ ਲਈ ਇਹ ਜ਼ਰੂਰੀ ਹੈ ਕਿ ਉਹ ਬੁਲਾਉਣ ਵਾਲੇ ਵਿਅਕਤੀ ਦੀ ਇੱਕ ਮਿੱਥੇ ਸਮੇਂ ਲਈ ਪੂਰੀ ਜ਼ਿੰਮੇਵਾਰੀ ਚੁੱਕੇ ਭਾਵੇਂ ਉਹ ਕਿਸੇ ਵੀ ਹਾਲਾਤ ਵਿੱਚ ਹੋਵੇ।

ਸਪਾਂਸਰ ਨੂੰ ਦੋ ਚੀਜ਼ਾਂ ’ਤੇ ਦਸਤਖ਼ਤ ਕਰਨੇ ਪੈਣਗੇ, ਇੱਕ ਹੈ ‘ਅੰਡਰਟੇਕਿੰਗ’(ਹਲਫ਼ਨਾਮਾ) ਅਤੇ ਦੂਸਰਾ ਹੈ ‘ਸਪਾਂਸਰਸ਼ਿਪ ਐਗਰੀਮਨੈਂਟ’।

ਸਪਾਂਸਰ ਬਣਨ ਲਈ ਤੁਹਾਨੂੰ ‘ਅੰਡਰ-ਟੇਕਿੰਗ’ ’ਤੇ ਦਸਤਖ਼ਤ ਕਰਨੇ ਪੈਣਗੇ। ਅੰਡਰਟੇਕਿੰਗ ਵਿੱਚ ਦੋ ਚੀਜ਼ਾਂ ਲਈ ਸਹਿਮਤੀ ਦੇਣੀ ਹੁੰਦੀ ਹੈ...

1. ਇੱਕ ਮਿੱਥੇ ਸਮੇਂ ਲਈ ਤੁਸੀਂ ਜਿਨ੍ਹਾਂ ਨੂੰ ਸਪਾਂਸਰ ਕਰ ਰਹੇ ਹੋ, ਉਨ੍ਹਾਂ ਦਾ ਪੂਰਾ ਖਰਚ ਚੁੱਕੋਗੇ।
2. ਜਿਨ੍ਹਾਂ ਨੂੰ ਤੁਸੀਂ ਸਪਾਂਸਰ ਕਰ ਰਹੇ ਹੋ, ਉਨ੍ਹਾਂ ਨੂੰ ਸਰਕਾਰ ਤੋਂ ਸੋਸ਼ਲ ਅਸਿਟੈਂਟ ਯਾਨੀ ਸਮਾਜਿਕ ਮਦਦ ਲਈ ਦਰਖਾਸਤ ਨਾ ਕਰਨੀ ਪਵੇ। ਜੇਕਰ ਉਸੇ ਮਿੱਥੇ ਸਮੇਂ ਲਈ ਉਹ ਸਰਕਾਰ ਤੋਂ ਮਦਦ ਲੈਂਦੇ ਹਨ ਤਾਂ ਤੁਹਾਨੂੰ ਉਸ ਦਾ ਖਰਚਾ ਚੁੱਕਣਾ ਪਵੇਗਾ। ਜਦੋਂ ਤੁਹਾਡੇ ਵੱਲੋਂ ਸਪਾਂਸਰ ਕੀਤੇ ਗਏ ਮਾਪੇ ਜਾਂ ਦਾਦਾ-ਦਾਦੀ ਕੈਨੇਡਾ ਦੇ ਪਰਮਾਨੈਂਟ ਰੈਜ਼ੀਡੈਂਟਸ ਬਣ ਜਾਣ ਤਾਂ ਤੁਸੀਂ ਉਨ੍ਹਾਂ ਦੇ ਰਹਿਣ ਦੇ ਸਮੇਂ ਨੂੰ ਘਟਾ ਨਹੀਂ ਸਕਦੇ ਅਤੇ ਨਾ ਹੀ ਆਪਣੀ ਸਪਾਂਸਰਸ਼ਿਪ ਵਾਪਸ ਲੈ ਸਕਦੇ ਹੋ। ਤੁਸੀਂ ਆਪਣੀ ਸਪਾਂਸਰਸ਼ਿਪ ਨੂੰ ਬਸ ਉਦੋਂ ਤੱਕ ਹੀ ਵਾਪਸ ਲੈ ਸਕਦੇ ਹੋ ਜਦੋਂ ਤੱਕ ਉਹ ਪਰਮਾਨੈਂਟ ਰੈਜ਼ੀਡੈਂਟ ਨਹੀਂ ਬਣ ਜਾਂਦੇ।

**‘ਦਿ ਸਪਾਂਸਰਸ਼ਿਪ ਐਗਰੀਮੈਂਟ’**

ਸਪਾਂਸਰਸ਼ਿਪ ਐਗਰੀਮੈਂਟ ਵਿੱਚ ਸਪਾਂਸਰ ਜਿਨ੍ਹਾਂ ਵਿਅਕਤੀਆਂ ਨੂੰ ਸਪਾਂਸਰ ਕਰ ਰਿਹਾ ਹੁੰਦਾ ਹੈ, ਉਨ੍ਹਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਦੀ ਜ਼ਿੰਮੇਵਾਰੀ ਲੈਣੀ ਪਵੇਗੀ ਜਿਵੇਂ -

1. ਉਨ੍ਹਾਂ ਦੇ ਖਾਣ-ਪੀਣ, ਕੱਪੜੇ, ਰਹਿਣ ਦੀ ਥਾਂ ਅਤੇ ਰੋਜ਼ਮਰਾਂ ਦੀਆਂ ਜ਼ਰੂਰਤਾਂ ਦਾ ਖ਼ਿਆਲ ਰੱਖਣਾ ਪਵੇਗਾ।
2. ਜਿਹੜੀਆਂ ਸਿਹਤ ਸੇਵਾਵਾਂ ਪਬਲਿਕ ਹੈਲਥ ਸਰਵਿਸ ’ਚ ਕਵਰ ਨਹੀਂ ਹੁੰਦੀਆਂ, ਜਿਵੇਂ ਕਿ ਦੰਦਾਂ ਜਾਂ ਅੱਖਾਂ ਦੀਆਂ ਬੀਮਾਰੀਆਂ ਆਦਿ, ਉਨ੍ਹਾਂ ਦਾ ਖਰਚਾ ਤੁਹਾਨੂੰ ਚੁੱਕਣਾ ਪਵੇਗਾ।

ਕੈਨੇਡਾ ਸਰਕਾਰ ਦੀ ਅਧਿਕਾਰਤ ਵੈੱਬਸਾਈਟ ਮੁਤਾਬਕ ਪੈਰੇਂਟਸ ਐਂਡ ਗ੍ਰੈਂਡਪੈਰੇਂਟਸ ਪ੍ਰੋਗਰਾਮ ਤਹਿਤ ਤੁਸੀਂ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਸਪਾਂਸਰ ਕਰ ਸਕਦੇ ਹੋ ਜੇਕਰ...

- ਤੁਹਾਡੀ ਅਰਜ਼ੀ ਨੂੰ ਸਵੀਕਾਰ ਕੀਤਾ ਜਾਂਦਾ ਹੈ
- ਤੁਹਾਡੀ ਉਮਰ ਘੱਟੋ-ਘੱਟ 18 ਸਾਲ ਜਾਂ ਇਸ ਤੋਂ ਵੱਧ ਹੈ
- ਤੁਸੀਂ ਕੈਨੇਡਾ ਰਹਿੰਦੇ ਹੋ
- ਤੁਸੀਂ ਕੈਨੇਡੀਅਨ ਨਾਗਰਿਕ ਹੋ ਜਾਂ ਕੈਨੇਡਾ ’ਚ ਪਰਮਾਨੈਂਟ ਰੈਜ਼ੀਡੈਂਟ ਹੋ ਜਾਂ ਕੈਨੇਡੀਅਨ-ਇੰਡੀਅਨ ਐਕਟ ਦੇ ਤਹਿਤ ਤੁਸੀਂ ਕੈਨੇਡਾ ’ਚ ਭਾਰਤੀ ਵਿਅਕਤੀ ਦੇ ਤੌਰ ’ਤੇ ਦਰਜ ਹੋ
- ਜਿਨ੍ਹਾਂ ਨੂੰ ਤੁਸੀਂ ਬੁਲਾ ਰਹੇ ਹੋ, ਉਨ੍ਹਾਂ ਲਈ ਤੁਹਾਡੇ ਕੋਲ ਲੋੜੀਂਦੇ ਫੰਡਜ਼ ਹੋਣੇ ਚਾਹੀਦੇ ਹਨ। ਇਸ ਦੇ ਲਈ ਤੁਹਾਨੂੰ ਇਨਕਮ ਦਾ ਸਬੂਤ ਦੇਣਾ ਪਵੇਗਾ ਅਤੇ ਜੇਕਰ ਤੁਹਾਡਾ ਪਾਰਟਨਰ ਹੈ ਤਾਂ ਤੁਹਾਨੂੰ ਦੋਵਾਂ ਦੀ ਇਨਕਮ ਦੀ ਅਰਜ਼ੀ ਨੂੰ ਇਕੱਠਿਆ ਦਸਤਖ਼ਤ ਕਰਨਾ ਪਵੇਗਾ।
- ਤੁਸੀਂ ‘ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਐਕਟ’ ਅਤੇ ‘ਦਿ ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਰੈਗੁਲੇਸ਼ਨਜ਼’ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰੀ ਕਰਦੇ ਹੋਣੇ ਚਾਹੀਦੇ ਹੋ।

**ਮਾਪੇ ਜਾਂ ਦਾਦਾ-ਦਾਦੀ ਨੂੰ ਸਪਾਂਸਰ ਨਹੀਂ ਕਰ ਸਕਦਾ?**

ਸਪਾਂਸਰ ਨੂੰ ਸੁਪਰ ਵੀਜ਼ਾ ਲਗਵਾਉਣ ਦੇ ਯੋਗ ਨਹੀਂ ਮੰਨਿਆ ਜਾਵੇਗਾ ਜੇਕਰ ...

- ਤੁਸੀਂ ਜੇਲ੍ਹ ਜਾਂ ਕਿਸੇ ਵੀ ਤਰ੍ਹਾਂ ਦੀ ਹਿਰਾਸਤ ’ਚ ਹੋ
- ਤੁਸੀਂ ਇਮੀਗ੍ਰੇਸ਼ਨ ਲੋਨ, ਪਰਫਾਰਮੰਸ ਬਾਂਡ ਜਾਂ ਅਦਾਲਤ ਵੱਲੋਂ ਨਿਰਦੇਸ਼ਿਤ ਵਿੱਤੀ ਮਦਦ (ਐਲੀਮਨੀ ਜਾਂ ਚਾਈਲਡ ਸਪੋਰਟ) ਅਦਾ ਨਹੀਂ ਕੀਤਾ ਹੋਇਆ
- ਜੇਕਰ ਤੁਸੀਂ ਪਹਿਲਾਂ ਕਦੇ ਜਿਸ ਨੂੰ ਸਪਾਂਸਰ ਕੀਤਾ ਸੀ, ਉਸ ਨੂੰ ਲੋੜੀਂਦੀ ਮਦਦ ਨਹੀਂ ਦਿੱਤੀ
- ਕਿਸੀ ਬੈਂਕ ਵੱਲੋਂ ‘ਦਿਵਾਲੀਆ’ ਘੋਸ਼ਿਤ ਕੀਤੇ ਗਏ ਹੋ
- ਤੁਸੀਂ ਸਰਕਾਰ ਤੋਂ ਮਦਦ ਲੈ ਰਹੇ ਹੋ
- ਕਿਸੀ ਅਪਰਾਧਿਕ ਮਾਮਲੇ ’ਚ ਤੁਹਾਡਾ ਨਾਮ ਹੈ
- ਜੇਕਰ ਕੈਨੇਡਾ ’ਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਹੋ

**ਕਿਸ ਨੂੰ ਸਪਾਂਸਰ ਕੀਤਾ ਜਾ ਸਕਦਾ ਹੈ**

ਕਿਸੇ ਨੂੰ ਸਪਾਂਸਰ ਕਰਨ ਲਈ ਕੁਝ ਖ਼ਾਸ ਸ਼ਰਤਾਂ ਦਾ ਧਿਆਨ ਰੱਖਣਾ ਜ਼ਰੂਰੀ ਹੁੰਦਾ ਹੈ

- ਤੁਹਾਡੇ ਮਾਪੇ ਅਤੇ ਦਾਦਾ-ਦਾਦੀ (ਖ਼ੂਨ ਦਾ ਰਿਸ਼ਤਾ ਜਾਂ ਗੋਦ ਲਏ)

# ਸ਼ੌਕ ਨਾਲ ਕੀਤਾ ਕੰਮ ਫਾਇਦਾ ਵੀ ਦਿੰਦਾ ਹੈ, ਸਿਹਤਮੰਦ ਵੀ ਰੱਖਦਾ ਹੈ

ਅਕਸਰ ਇਹ ਹੁੰਦਾ ਹੈ ਕਿ ਅਸੀਂ ਜੀਵਨ-ਜਾਚ ਬਾਰੇ ਦਿੱਤੀ ਮਾਪਿਆਂ, ਅਧਿਆਪਕਾਂ ਤੇ ਗੁਣੀ ਜਨਾਂ ਦੀਆਂ ਨਸੀਹਤਾਂ ਅਣਗੌਲਿਆ ਕਰ ਦਿੰਦੇ ਹਾਂ। ਜੀਵਨ-ਜਾਚ ਬਾਰੇ ਜੇ ਕੋਈ ਲੇਖ ਪੜ੍ਹਦੇ ਹਾਂ, ਕੋਈ ਵੀਡੀ ਦੇਖਦੇ ਹਾਂ ਜਾਂ ਫਿਰ ਕੋਈ ਪੌਡਕਾਸਟ/ਰੇਡੀ ਪ੍ਰੋਗਰਾਮ ਸੁਣਦੇ ਹਾਂ, ਕੁਝ ਅਰਸੇ ਬਾਅਦ ਉਹ ਯਾਦ ਵਿੱਚੋਂ ਵਿਸਾਰ ਦਿੰਦੇ ਹਾਂ, ਪਰ ਜੇ ਸਾਨੂੰ ਕੁਝ ਯਾਦ ਰਹਿੰਦਾ ਹੈ ਤਾਂ ਉਹ ਹਨ: ਗ਼ਲਤੀਆਂ, ਤਲਖ਼ੀਆਂ, ਦੁੱਖ ਦੇ ਵੇਲੇ। ਜੀਵਨ-ਯਾਤਰਾ 'ਤੇ ਚੱਲਦਿਆਂ ਜਿਹੜਾ ਵਿਅਕਤੀ ਉਨ੍ਹਾਂ ਗ਼ਲਤੀਆਂ ਤੋਂ ਸਿੱਖ ਕੇ ਜੀਵਨ ਦੇ ਕਦਮ ਪੁੱਟਦਾ ਹੈ, ਉਹ ਸਫਲਤਾ ਦੀ ਮੰਜ਼ਿਲ ਵੱਲ ਵਧਦਾ ਹੈ ਅਤੇ ਜਿਹੜੇ ਉਨ੍ਹਾਂ ਗ਼ਲਤੀਆਂ ਤੋਂ ਨਹੀਂ ਸਿੱਖਦੇ, ਉਹ ਭਟਕਦੇ ਰਹਿੰਦੇ ਹਨ, ਸੋਚਦੇ ਰਹਿੰਦੇ ਹਨ ਕਿ ਜੇ ਅਜਿਹਾ ਨਾ ਹੁੰਦਾ ਤਾਂ ਕੀ ਹੁੰਦਾ ਜਾਂ ਫਿਰ ਜੇ ਉਸ ਤਰ੍ਹਾਂ ਹੁੰਦਾ ਤਾਂ ਕੀ ਹੁੰਦਾ? ਉਹ ਆਪਣੇ ਵਰਤਮਾਨ ਨੂੰ ਮਾਣਨ ਅਤੇ ਭਵਿੱਖ ਨੂੰ ਸੰਵਾਰਨ ਦੀ ਬਜਾਇ, ਅਤੀਤ ਦੇ ਖੰਡਰਾਂ ਵਿੱਚ ਗੁਆਚੇ ਰਹਿੰਦੇ ਹਨ। ਇੱਕ ਕਹਾਵਤ ਹੈ ਕਿ ਜ਼ਿੰਦਗੀ ਵਿੱਚ ਸਾਨੂੰ ਇੱਕ ਸੰਤੁਲਿਤ ਤੇ ਸੰਪੂਰਨ ਜੀਵਨ ਜਿਊਣ ਲਈ ਇਹ 5 ਸ਼ੌਕ ਜ਼ਰੂਰ ਪਾਲਣੇ ਚਾਹੀਦੇ ਹਨ;

ਸ਼ੌਕ ਜੋ ਤੁਹਾਡੀ ਕਮਾਈ ਦਾ ਸਾਧਨ ਬਣੇ
ਸ਼ੌਕ ਜੋ ਤੁਹਾਨੂੰ ਸਿਹਤਮੰਦ ਰੱਖੇ
ਸ਼ੌਕ ਜੋ ਤੁਹਾਨੂੰ ਰਚਨਾਤਮਕ ਬਣਾਏ
ਸ਼ੌਕ ਜੋ ਤੁਹਾਡੇ ਗਿਆਨ ਨੂੰ ਵਧਾਏ
ਸ਼ੌਕ ਜੋ ਤੁਹਾਡੀ ਮਾਨਸਿਕਤਾ ਨੂੰ ਵਿਕਸਿਤ ਕਰੇ

ਆ , ਇਨ੍ਹਾਂ ਦੇ ਬਾਰੇ ਵਿਸਤਾਰਪੂਰਵਕ ਵਿਚਾਰ ਕਰੀਏ।

ਸ਼ੌਕ ਜੋ ਤੁਹਾਡੀ ਕਮਾਈ ਦਾ ਸਾਧਨ ਬਣੇ: ਮਾਰਕ ਟਵੇਨ ਨੇ ਕਿਹਾ ਸੀ, "ਅਜਿਹਾ ਕੰਮ ਲੱਭੋ ਜਿਸ ਵਿੱਚ ਤੁਹਾਨੂੰ ਆਨੰਦ ਆਵੇ ਅਤੇ ਤੁਹਾਨੂੰ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਇੱਕ ਦਿਨ ਵੀ ਕੰਮ ਨਹੀਂ ਕਰਨਾ ਪਵੇਗਾ।" ਕਮਾਈ ਦਾ ਸਾਧਨ ਮਨੁੱਖ ਦੀਆ ਆਰਥਿਕ ਤੇ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਸਹਾਈ ਹੁੰਦਾ ਹੈ, ਬੇਸ਼ੱਕ ਪੈਸਾ ਇਕ ਸਾਧਨ ਹੈ, ਅੰਤਿਮ ਮੰਜ਼ਿਲ ਨਹੀਂ। ਹਰ ਇੱਕ ਮਨੁੱਖ ਦੀ ਮੰਜ਼ਿਲ ਅਲੱਗ-ਅਲੱਗ ਹੁੰਦੀ ਹੈ ਤੇ ਹਰ ਇੱਕ ਦਾ ਪੈਂਡਾ ਵੀ ਅਲੱਗ-ਅਲੱਗ ਹੁੰਦਾ ਹੈ, ਇਸ ਕਰਕੇ ਆਪਣੇ ਸ਼ੌਕ ਮੁਤਾਬਕ ਚੱਲੋ। ਜਿਵੇਂ ਕਹਿੰਦੇ ਹਨ - ਦੋ ਪੈਰ ਘੱਟ ਟੁਰਨਾ ਪਰ ਟੁਰਨਾ ਮਟਕ ਦੇ ਨਾਲ। ਇਹ ਵੀ ਸੱਚ ਹੈ ਕਿ ਪੈਸਾ ਕਮਾਉਣ ਲਈ ਹਰ ਮਨੁੱਖ ਨੂੰ ਕੋਈ ਨਾ ਕੋਈ ਕੰਮ-ਧੰਦਾ ਕਰਨਾ ਪੈਂਦਾ ਹੈ, ਪਰ ਜੇ ਤੁਹਾਡਾ ਸ਼ੌਕ ਹੀ ਤੁਹਾਡਾ ਕੰਮ-ਧੰਦਾ ਹੈ ਤਾਂ ਤੁਸੀਂ ਸਮਝੋ ਬਹੁਤ ਖ਼ੁਸ਼ਕਿਸਮਤ ਹੋ, ਕਿਉਂਕਿ ਅਜਿਹਾ ਕੰਮ ਕਰਨਾ ਜੋ ਤੁਹਾਨੂੰ ਖ਼ੁਸ਼ੀ ਦਿੰਦਾ ਹੈ ਤਾਂ ਤੁਸੀਂ ਉਸ ਨੂੰ ਬੋਝ ਨਹੀਂ ਸਮਝਦੇ! ਭਾਵੇਂ ਤੁਸੀਂ ਉਸ ਨਾਲ ਬਹੁਤ ਜ਼ਿਆਦਾ ਕਮਾਈ ਨਹੀਂ ਕਰ ਸਕਦੇ, ਪਰ ਜੇ ਤੁਸੀਂ ਉਸੇ ਵਿੱਚ ਖ਼ੁਸ਼ ਹੋ ਤਾਂ ਸਮਝੋ ਤੁਸੀਂ ਜੀਵਨ-ਜਾਚ ਦਾ ਸਭ ਤੋਂ ਵੱਡਾ ਹੁਨਰ ਪਾ ਲਿਆ ਹੈ। ਦੂਜੇ ਸ਼ਬਦਾਂ ਵਿੱਚ ਸਾਨੂੰ ਆਪਣੇ ਸ਼ੌਕ ਨੂੰ ਹੀ ਆਪਣਾ ਕੰਮ-ਧੰਦਾ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਾਂ ਫਿਰ ਪਹਿਲਾਂ ਤੁਸੀਂ ਆਪਣੇ ਸ਼ੌਕ ਨੂੰ ਸਾਈਡ ਬਿਜਨਸ ਦੇ ਤੌਰ 'ਤੇ ਵੀ ਸ਼ੁਰੂ ਕਰ ਸਕਦੇ ਹੋ। ਇਹ ਕਹਿਣਾ ਸੌਖਾ ਹੈ, ਪਰ ਕਰਨਾ ਬਹੁਤ ਔਖਾ। ਦੁਨੀਆ ਵਿੱਚ ਬਹੁਤ ਘੱਟ ਲੋਕ ਹੁੰਦੇ ਹਨ ਜੋ ਆਪਣੇ ਸ਼ੌਕ ਨੂੰ ਕੰਮ ਬਣਾਉਂਦੇ ਹਨ ਅਤੇ ਉਹ ਲੋਕ ਅਕਸਰ ਬਹੁਤ ਕਾਮਯਾਬ ਹੁੰਦੇ ਹਨ, ਪਰ ਅਜਿਹੇ ਬਹੁਤ ਸਾਰੇ ਲੋਕ ਹੁੰਦੇ ਹਨ ਜੋ ਸ਼ੌਕ ਨੂੰ ਕੰਮ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਸਫਲ ਨਹੀਂ ਹੁੰਦੇ। ਇਹ ਸਭ ਕੁਝ ਉਨ੍ਹਾਂ ਦੇ ਹੱਥ-ਬਸ ਨਹੀਂ ਹੁੰਦਾ, ਕਿਸਮਤ ਜਾਂ ਸੰਜੋਗਾਂ ਦੀ ਖੇਡ ਕਹਿ ਲ ਜਾਂ ਜੀਵਨ ਦਾ ਉਘੜ-ਦੁੱਘੜ ਸੁਭਾਅ ਕਹਿ ਲ । ਇਸ ਦਾ ਮਤਲਬ ਇਹ ਹਰਗ਼ਿਜ਼ ਨਹੀਂ ਕਿ ਜੇ ਤੁਸੀਂ ਆਪਣੇ ਸ਼ੌਕ ਨੂੰ ਕੰਮ ਨਹੀਂ ਬਣਾਇਆ ਤਾਂ ਤੁਸੀਂ ਕਾਮਯਾਬ ਨਹੀਂ ਹੋ ਸਕਦੇ। ਜੇ ਤੁਸੀਂ ਮਿਹਨਤ ਤੇ ਦਿਲ ਨਾਲ ਕੰਮ ਕਰਕੇ, ਉੱਚੀ ਪੜ੍ਹਾਈ ਪੜ੍ਹ ਕੇ ਆਪਣੇ ਆਪਣੇ ਕੰਮ ਦੇ ਖੇਤਰ ਵਿੱਚ ਨਿਪੁੰਨਤਾ ਹਾਸਲ ਕਰੋ ਤਾਂ ਤੁਹਾਡਾ ਕੰਮ ਤੁਹਾਡਾ ਸ਼ੌਕ ਬਣ ਸਕਦਾ ਹੈ। ਹਾਂ! ਇਸ ਲਈ ਤੁਹਾਨੂੰ ਸਮਾਂ ਜ਼ਰੂਰ ਲੱਗ ਸਕਦਾ ਹੈ।

ਤੁਸੀਂ ਚਾਹੇ ਕਿਸੇ ਵੀ ਕਿਸਮ ਦਾ ਕੰਮ ਕਰਦੇ ਹੋ, ਪਰ ਸੁਖੀ ਜੀਵਨ ਵਿਉਂਤਬੰਦੀ ਵਾਸਤੇ ਹੇਠ ਲਿਖੇ ਨੁਕਤੇ ਧਿਆਨ ਵਿੱਚ ਰੱਖਣੇ ਚਾਹੀਦੇ ਹਨ; ਸਭ ਤੋਂ ਪਹਿਲਾਂ ਤਾਂ ਤੁਹਾਨੂੰ ਆਪਣਾ ਬਜਟ ਤੈਅ ਕਰਨਾ ਚਾਹੀਦਾ ਹੈ। ਆਮ ਤੌਰ 'ਤੇ ਵਿੱਤੀ ਸਲਾਹਕਾਰ 50/30/20 ਦਾ ਨਿਯਮ ਸੁਝਾਉਂਦੇ ਹਨ। ਆਪਣੀ ਤਨਖਾਹ ਵਿੱਚੋਂ 50% ਜ਼ਰੂਰਤਾਂ (ਰਿਹਾਇਸ਼, ਸਹੂਲਤਾਂ, ਆਵਾਜਾਈ ਅਤੇ ਹੋਰ ਖ਼ਰਚੇ) ਲਈ ਵਰਤੋ, 30% ਜ਼ਰੂਰਤਾਂ (ਬਾਹਰ ਖਾਣਾ, ਕੱਪੜੇ ਅਤੇ ਮਨੋਰੰਜਨ) ਲਈ ਅਤੇ 20% ਬੱਚਤ ਅਤੇ ਕਰਜ਼ੇ ਦੀ ਅਦਾਇਗੀ ਲਈ ਵਰਤੋ। ਐਮਰਜੈਂਸੀ ਵਾਸਤੇ ਘੱਟੋ-ਘੱਟ 3-6 ਮਹੀਨਿਆਂ ਦੀ ਤਨਖਾਹ ਆਪਣੇ ਬੱਚਤ ਖਾਤੇ ਵਿੱਚ ਜ਼ਰੂਰ ਰੱਖੋ, ਆਪਣੇ ਰਿਟਾਇਰਮੈਂਟ ਖਾਤੇ ਵਿੱਚ ਹਰ ਮਹੀਨੇ ਵੱਧ-ਤੋਂ-ਵੱਧ ਯੋਗਦਾਨ ਪਾ । ਆਪਣੀ ਆਮਦਨ ਦਾ ਘੱਟੋ-ਘੱਟ 10 ਪ੍ਰਤੀਸ਼ਤ ਹਿੱਸਾ ਬੱਚਤ ਖਾਤੇ ਵਿੱਚ ਹਰ ਮਹੀਨੇ ਜਮ੍ਹਾਂ ਕਰਨਾ ਚਾਹੀਦਾ ਹੈ, ਖ਼ਾਸ ਤੌਰ 'ਤੇ ਅਜਿਹੇ ਖਾਤੇ ਵਿੱਚ ਜਿਸ ਵਿੱਚ ਮਿਸ਼ਰਤ (ਕੰਪਾਊਂਡ) ਵਿਆਜ ਮਿਲਦਾ ਹੋਵੇ। ਮਿਸ਼ਰਤ ਵਿਆਜ ਬੱਚਤ ਦਾ ਇੱਕ ਬਹੁਤ ਹੀ ਸ਼ਕਤੀਸ਼ਾਲੀ ਸਾਧਨ ਹੈ। ਬੱਚਤ ਜਿੰਨੀ ਜਲਦੀ ਤੇ ਛੋਟੀ ਉਮਰ ਵਿੱਚ ਸ਼ੁਰੂ ਕੀਤੀ ਜਾਵੇ, ਨਾ ਹੀ ਚੰਗਾ ਹੈ। ਤੁਹਾਡਾ ਪੈਸਾ ਜਿੰਨਾ ਜ਼ਿਆਦਾ ਨਿਵੇਸ਼ ਕੀਤਾ ਜਾਂਦਾ ਹੈ, ਨਾ ਹੀ ਸਮੇਂ ਦੇ ਨਾਲ ਮਿਸ਼ਰਤ ਵਿਆਜ ਕਰਕੇ ਜ਼ਿਆਦਾ ਵਧਦਾ ਹੈ। ਉਦਾਹਰਨ ਦੇ ਤੌਰ 'ਤੇ ਜੇ ਕਿਸੇ ਵਿਅਕਤੀ ਨੇ 22 ਸਾਲ ਦੀ ਉਮਰ ਵਿੱਚ ਸ਼ੁਰੂ ਕਰਕੇ ਹਰ ਸਾਲ 12,000 ਬੱਚਤ ਖਾਤੇ ਵਿੱਚ ਨਿਵੇਸ਼ ਕੀਤਾ ਹੋਵੇ, ਤਾਂ 7 ਪ੍ਰਤੀਸ਼ਤ ਸਾਲਾਨਾ ਮਿਸ਼ਰਤ ਵਿਆਜ 'ਤੇ 60 ਸਾਲ ਦੀ ਉਮਰ ਤੱਕ (38 ਸਾਲ ਵਿੱਚ) ਉਸ ਦੀ ਰਕਮ 22,15,684 ਹੋ ਜਾਵੇਗੀ। ਇਸ ਦੇ ਉਲਟ ਜੇ ਕੋਈ ਵਿਅਕਤੀ 30 ਸਾਲ ਦੀ ਉਮਰ ਵਿੱਚ ਸ਼ੁਰੂ ਵਿੱਚ ਹੋ ਕਿ ਹਰ ਸਾਲ 12,000 ਨਿਵੇਸ਼ ਕਰਦਾ ਹੈ ਤਾਂ 60 ਸਾਲ ਦੀ ਉਮਰ ਤੱਕ (30 ਸਾਲ ਵਿੱਚ), ਉਸ ਦੀ ਰਕਮ ਸਿਰਫ਼ 12,12,877 ਹੀ ਹੋਵੇਗੀ। ਸਿਰਫ਼ 8 ਸਾਲ ਜਲਦੀ ਬੱਚਤ ਸ਼ੁਰੂ ਕਰਨ ਨਾਲ ਤੁਹਾਡੇ ਕੋਲ ਉਸ ਵਿਅਕਤੀ ਤੋਂ ਤਕਰੀਬਨ ਦੁੱਗਣੀ ਰਕਮ ਹੋਵੇਗੀ। ਬੱਚਤ ਕਰਨ ਲਈ ਅਨੁਸ਼ਾਸਨ ਦਾ ਹੋਣਾ ਅਤਿ ਜ਼ਰੂਰੀ ਹੈ ਤਾਂ ਜੋ ਹਰ ਮਹੀਨੇ ਤੇ ਹਰ ਸਾਲ ਬੱਚਤ ਕੀਤੀ ਜਾ ਸਕੇ।



ਜੇ ਤੁਹਾਡੇ ਬੱਚੇ ਹਨ ਤਾਂ ਉਨ੍ਹਾਂ ਦੀ ਸਕੂਲ ਤੇ ਕਾਲਜ ਦੀ ਪੜ੍ਹਾਈ ਲਈ ਅਲੱਗ-ਅਲੱਗ ਬੱਚਤ ਖਾਤੇ ਖੋਲ੍ਹਣੇ ਚਾਹੀਦੇ ਹਨ, ਜਿਸ ਵਿੱਚ ਹਰ ਮਹੀਨੇ ਯੋਗਦਾਨ ਪਾਉਣਾ ਚਾਹੀਦਾ ਹੈ। ਕਿਸੇ ਵੀ ਕਿਸਮ ਦਾ ਕਰਜ਼ਾ ਲੈਣ ਤੋਂ ਗੁਰੇਜ਼ ਕਰੋ, ਖ਼ਾਸ ਤੌਰ 'ਤੇ ਕ੍ਰੈਡਿਟ ਕਾਰਡ ਤੋਂ। ਪਰ, ਜੇ ਤੁਸੀਂ ਆਪਣੇ ਪਹਿਲੇ ਘਰ ਲਈ ਕਰਜ਼ਾ ਲੈਣਾ ਹੈ, ਤਾਂ ਕਰਜ਼ਾ ਲੈਣ ਤੋਂ ਪਹਿਲਾਂ ਇਹ ਚੈੱਕ ਕਰ ਲ ਕਿ ਕੀ ਤੁਸੀਂ ਉਸ ਦੀਆਂ ਕਿਸ਼ਤਾਂ ਹਰ ਮਹੀਨੇ ਭਰ ਸਕਦੇ ਹੋ ਕਿ ਨਹੀਂ? ਜੇ ਤੁਹਾਡੇ ਕੋਲ ਕ੍ਰੈਡਿਟ ਕਾਰਡ ਹੈ ਤਾਂ ਹਰ ਮਹੀਨੇ ਉਸ ਦਾ ਬਿੱਲ ਪੂਰਾ ਭਰੋ ਤੇ ਕੋਈ ਬਕਾਇਆ ਨਾ ਰੱਖੋ ਕਿਉਂਕਿ ਬਕਾਏ ਦੇ ਉੱਪਰ ਹਰ ਮਹੀਨੇ ਬਹੁਤ ਜ਼ਿਆਦਾ ਮਾਤਰਾ ਵਿੱਚ ਵਿਆਜ ਲੱਗਦਾ ਹੈ (ਤਕਰੀਬਨ 9%-22%), ਜੋ ਕਿ ਜਲਦੀ ਹੀ ਬਹੁਤ ਵੱਡੀ ਰਕਮ ਬਣ ਸਕਦੀ ਹੈ ਜਿਸ ਨੂੰ ਵਾਪਸ ਮੋੜਨ ਲਈ ਕਈ ਸਾਲ ਲੱਗ ਸਕਦੇ ਹਨ।

ਜੇਕਰ ਤੁਹਾਡੇ ਸਿਰ ਕੋਈ ਵੱਡਾ ਕਰਜ਼ਾ ਹੈ (ਜਿਵੇਂ ਕਿ ਘਰ ਵਾਸਤੇ) ਤਾਂ ਤੁਹਾਨੂੰ ਨੀ ਰਕਮ ਜਿੰਨਾ ਜੀਵਨ-ਬੀਮਾ ਜ਼ਰੂਰ ਕਰਵਾਉਣਾ ਚਾਹੀਦਾ ਹੈ ਤਾਂ ਜੋ ਤੁਹਾਡੇ ਤੋਂ ਬਾਅਦ ਵਿੱਚ ਤੁਹਾਡੇ ਪਰਿਵਾਰ ਦੀ ਵਿੱਤੀ ਸੁਰੱਖਿਆ ਹੋ ਸਕੇ। ਆਪਣੇ ਸਾਰੇ ਅੰਡੇ ਇੱਕ ਟੋਕਰੀ ਵਿੱਚ ਨਾ ਪਾ , ਜਿਸ ਦਾ ਮਤਲਬ ਹੈ ਕਿ ਆਪਣੀ ਬੱਚਤ ਅਲੱਗ-ਅਲੱਗ ਬੈਂਕ ਖਾਤਿਆਂ ਜਿਵੇਂ ਕਿ ਫਿਕਸਡ ਡਿਪਾਜ਼ਿਟ ਆਦਿ, ਬਾਂਡ ਤੇ ਸਟਾਕ ਮਾਰਕੀਟ, ਜ਼ਮੀਨ-ਜਾਇਦਾਦ ਆਦਿ ਵਿੱਚ ਨਿਵੇਸ਼ ਕਰੋ, ਪਰ ਸੋਚ ਸਮਝ ਕੇ ਅਤੇ ਆਪਣੇ ਵਿੱਤੀ ਸਲਾਹਕਾਰ ਨਾਲ ਸਲਾਹ ਕਰਕੇ। ਕਈ ਬੈਂਕ ਮੁਫ਼ਤ ਵਿੱਚ ਵਿੱਤੀ ਸਲਾਹਕਾਰ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਤੁਸੀਂ ਆਪਣੇ ਬੈਂਕ ਨਾਲ ਸੰਪਰਕ ਕਰ ਸਕਦੇ ਹੋ। ਤੁਹਾਡੇ ਕੰਮ ਦੇ ਮਾਰਫ਼ਤ ਵੀ ਵਿੱਤੀ ਸਲਾਹਕਾਰ ਮਿਲ ਸਕਦਾ ਹੈ।

ਇਸੇ ਤਰ੍ਹਾਂ ਜੇ ਤੁਸੀਂ ਆਪਣੀ ਆਮਦਨ ਦੇ ਸਾਧਨ ਵੀ ਵਧਾ ਸਕੋਂ ਤਾਂ ਚੰਗਾ ਹੈ, ਜਿਵੇਂ ਤਨਖਾਹ ਦੇ ਨਾਲ-ਨਾਲ ਜ਼ਮੀਨ-ਜਾਇਦਾਦ ਤੋਂ ਕਿਰਾਏ ਦਾ ਆਉਣਾ ਜਾਂ ਫਿਰ ਕੋਈ ਸਾਈਡ ਬਿਜਨਸ ਜਿਸ ਵਿੱਚ ਤੁਸੀਂ ਸ਼ੌਕ ਰੱਖਦੇ ਹੋ ਤੇ ਮਾਹਿਰ ਹੋ, ਕਿਉਂਕਿ ਬਿਜਨਸ ਕਰਨ ਲਈ ਲੋੜੀਂਦਾ ਅਨੁਭਵ ਹੋਣਾ ਅਤਿ ਜ਼ਰੂਰੀ ਹੈ। ਆਪਣੀ ਵਸੀਅਤ ਜ਼ਰੂਰ ਰਜਿਸਟਰ ਕਰੋ। ਤੁਸੀਂ ਤਹਿਸੀਲਦਾਰ ਦੇ ਦਫ਼ਤਰ ਵਿੱਚ ਆਪਣੀ ਵਸੀਅਤ ਰਜਿਸਟਰ ਕਰਵਾ ਸਕਦੇ ਹੋ। ਜੇ ਤੁਸੀਂ ਬਾਹਰਲੇ ਮੁਲਕਾਂ ਵਿੱਚ ਰਹਿੰਦੇ ਹੋ ਅਤੇ ਤੁਹਾਡੇ ਬੱਚੇ ਛੋਟੇ ਅਤੇ ਨਾਬਾਲਗ ਹਨ ਤਾਂ ਵਸੀਅਤ ਕਰਵਾਉਣਾ ਹੋਰ ਵੀ ਜ਼ਰੂਰੀ ਹੈ ਕਿਉਂਕਿ ਜੇ ਤੁਹਾਡੀ ਵਸੀਅਤ ਨਹੀਂ ਹੈ ਤਾਂ ਜੇ ਅਜਿਹੀ ਅਣਸੁਖਾਵੀਂ ਦੁਰਘਟਨਾ ਹੋ ਜਾਵੇ ਕਿ ਤੁਸੀਂ ਤੇ ਤੁਹਾਡਾ ਜੀਵਨਸਾਥੀ ਇਸ ਦੁਨੀਆ ਵਿੱਚ ਨਾ ਰਹਿਣ, ਤਾਂ ਵਸੀਅਤ ਨਾ ਹੋਣ ਦੀ ਹਾਲਤ ਵਿੱਚ ਤੁਹਾਡੇ ਨਾਬਾਲਗ ਬੱਚਿਆਂ ਦੀ ਦੇਖਭਾਲ ਲਈ ਕੋਰਟ ਕਾਨੂੰਨੀ ਸਰਪ੍ਰਸਤ ਨਿਯੁਕਤ ਕਰਦਾ ਹੈ।

ਸ਼ੌਕ ਜੋ ਤੁਹਾਨੂੰ ਸਿਹਤਮੰਦ ਰੱਖੇ: ਅਜਿਹੀ ਕਸਰਤ ਕਰੋ ਜੋ ਤੁਹਾਨੂੰ ਚੰਗੀ ਲੱਗਦੀ ਹੈ ਤੇ ਜਿਸ ਨਾਲ ਤੁਸੀਂ ਸਿਹਤਮੰਦ ਰਹਿ ਸਕੋ, ਕਿਉਂਕਿ ਸਿਹਤਮੰਦ ਸਰੀਰ ਹੀ ਸਿਹਤਮੰਦ ਮਨ ਦਾ ਬਸੇਰਾ ਹੁੰਦਾ ਹੈ। ਰੋਜ਼ਾਨਾ ਕਸਰਤ ਸਮੁੱਚੀ ਸਿਹਤ ਅਤੇ ਤੰਦਰੁਸਤੀ ਲਈ ਅਤਿ ਮਹੱਤਵਪੂਰਨ ਹੈ। ਰੋਜ਼ਾਨਾ ਕਸਰਤ ਗੰਭੀਰ ਬਿਮਾਰੀਆਂ ਨੂੰ ਰੋਕਣ ਵਿੱਚ ਸਹਾਇਤਾ ਕਰਦੀ ਹੈ, ਸਰੀਰਕ ਸ਼ਕਤੀ ਨੂੰ ਵਧਾਉਂਦੀ ਹੈ, ਤੁਹਾਡੇ ਮੂਡ ਨੂੰ ਚੰਗਾ ਬਣਾਉਂਦੀ ਹੈ। ਕਸਰਤ ਕਰਨ ਨਾਲ ਸਾਨੂੰ ਸੁਖਾਲ਼ੀ ਨੀਂਦ ਆਉਂਦੀ ਹੈ, ਹੱਡੀਆਂ ਅਤੇ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ, ਮਾਨਸਕਿ ਤਣਾਅ ਘਟਦਾ ਹੈ ਅਤੇ ਬੁੱਧੀ ਦਾ ਵਿਕਾਸ ਹੁੰਦਾ ਹੈ। ਰੋਜ਼ਾਨਾ ਲੰਬੀ ਸੈਰ ਕਰਨਾ, ਦੌੜਨਾ, ਯੋਗ-ਆਸਣ, ਨੱਚਣਾ-ਕੁੱਦਣਾ, ਕੋਈ ਵੀ ਮਨਪਸੰਦ ਖੇਡ ਆਦਿ ਤੁਹਾਡੇ ਤਨ-ਮਨ ਨੂੰ ਸਿਹਤਮੰਦ ਰੱਖਣ ਵਿੱਚ ਸਹਾਈ ਹੁੰਦੇ ਹਨ। ਤੁਸੀਂ ਇਨ੍ਹਾਂ ਵਿੱਚੋਂ ਕੋਈ ਵੀ ਕਸਰਤ ਰੋਜ਼ਾਨਾ ਕਰ ਸਕਦੇ ਹੋ, ਪਰ ਜੋ ਤੁਹਾਡੇ ਮਨ ਨੂੰ ਚੰਗੀ ਲੱਗੇ, ਜਿਸ ਦਾ ਤੁਸੀਂ ਸੱਚਮੁੱਚ ਆਨੰਦ ਮਾਣਦੇ ਹੋ ਅਤੇ ਜੋ ਤੁਹਾਡੇ ਸਰੀਰ ਨੂੰ ਚੁਣੌਤੀ ਦੇਵੇ।

ਵੈਸੇ ਸਾਨੂੰ ਡਾਕਟਰਾਂ ਦੇ ਅਨੁਸਾਰ ਰੋਜ਼ 10, 000 ਕਦਮ (8 ਕਿਲੋਮੀਟਰ/5 ਮੀਲ) ਚੱਲਣਾ ਚਾਹੀਦਾ ਹੈ ਜਾਂ ਫਿਰ ਘੱਟੋ-ਘੱਟ 20 ਮਿੰਟ ਸੈਰ ਜ਼ਰੂਰ ਕਰਨੀ ਚਾਹੀਦੀ ਹੈ। ਪਰ ਜਿੰਨੀ ਵੀ ਸੈਰ ਹੋ ਸਕੇ ਸਿਹਤ ਲਈ ਚੰਗੀ ਹੈ। ਵੈਸੇ ਤਾਂ ਸਾਨੂੰ ਆਪਣੇ ਪੂਰੇ ਸਰੀਰ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ, ਪਰ ਜੇ ਤੁਸੀਂ ਆਪਣੇ ਸਰੀਰ ਨੂੰ ਸਿਹਤਮੰਦ ਤੇ ਤਕੜਾ ਰੱਖਣਾ ਹੈ, ਖ਼ਾਸ ਤੌਰ 'ਤੇ ਬੁਢਾਪੇ ਵਿੱਚ ਤਾਂ ਇਸ ਦੇ ਮਹੱਤਵਪੂਰਨ ਅੰਗਾਂ ਦੀ ਸੰਭਾਲ ਅਤਿ ਜ਼ਰੂਰੀ ਹੈ ਜਿਨ੍ਹਾਂ ਵਿੱਚ ਦਿਮਾਗ਼, ਅੱਖਾਂ, ਦੰਦ, ਕੰਨ, ਪੈਰ, ਕਮਰ, ਗੋਡੇ ਤੇ ਕੇਂਦਰੀ ਭਾਗ (Core) ਆਦਿ ਸ਼ਾਮਲ ਹਨ। ਅੱਖਾਂ ਹਰ ਸਾਲ ਜਾਂ ਤਿੰਨ ਸਾਲ ਵਿੱਚ ਇਕ ਵਾਰ ਜ਼ਰੂਰ ਡਾਕਟਰ ਨੂੰ ਦਿਖਾਉਣੀਆਂ ਚਾਹੀਦੀਆਂ ਹਨ। ਦੰਦਾਂ ਦੀ ਸਾਂਭ-ਸੰਭਾਲ ਵੀ ਬਹੁਤ ਜ਼ਰੂਰੀ ਹੈ ਕਿਉਂਕਿ ਕਹਿੰਦੇ ਹਨ ਕਿ ਦੰਦ ਗਏ ਤਾਂ ਸੁਆਦ ਗਿਆ। ਵੈਸੇ ਵੀ ਨਕਲੀ ਦੰਦ ਬਹੁਤ ਮਹਿੰਗੇ ਹੁੰਦੇ ਹਨ ਅਤੇ ਦੰਦ ਖ਼ਰਾਬ ਹੋਣ ਤੇ ਜਾਂ ਨਕਲੀ ਦੰਦਾਂ ਨਾਲ ਸਰੀਰ ਨੂੰ ਜੋ ਦੁੱਖ ਮਿਲਦਾ ਹੈ, ਉਸ ਨੂੰ ਬਿਆਨ ਕਰਨਾ ਮੁਸ਼ਕਿਲ ਹੈ! ਖਾਣ ਤੋਂ ਬਾਅਦ ਕੁਰਲੀ, ਫਲੌਸ ਤੇ ਬੁਰਸ਼ ਜ਼ਰੂਰ ਕਰੋ। ਪੰਜਾਹ ਸਾਲ ਦੀ ਉਮਰ ਤੋਂ ਬਾਅਦ ਆਪਣੇ ਕੰਨ ਇੱਕ ਵਾਰ ਡਾਕਟਰ ਨੂੰ ਜ਼ਰੂਰ ਚੈੱਕ ਕਰਵਾ । ਕੰਨਾਂ ਦੀ ਸਫ਼ਾਈ ਜ਼ਰੂਰ ਕਰੋ, ਪਰ ਬਾਹਰੋਂ ਬਾਹਰ ਤਾਂ ਜੋ ਪਰਦੇ ਨੂੰ ਕੋਈ ਨੁਕਸਾਨ ਨਾ ਪਹੁੰਚੇ। ਇਸ ਦੇ ਨਾਲ ਹੀ ਸਭ ਤੋਂ ਜ਼ਰੂਰੀ ਆਪਣੇ ਦਿਮਾਗ਼ ਨੂੰ ਤੰਦਰੁਸਤ ਰੱਖਣਾ ਵੀ ਬਹੁਤ ਜ਼ਰੂਰੀ ਹੈ, ਚੰਗੀ ਨੀਂਦ, ਕਸਰਤ, ਸਿਗਰਟ, ਸ਼ਰਾਬ ਤੇ ਹੋਰ ਨਸ਼ਿਆਂ ਦਾ ਸੇਵਨ ਨਾ ਕਰਨਾ ਆਦਿ ਕਾਫ਼ੀ ਮਦਦਗਾਰ ਸਾਬਤ ਹੋ ਸਕਦੇ ਹਨ।

ਸ਼ੌਕ ਜੋ ਤੁਹਾਨੂੰ ਰਚਨਾਤਮਕ ਬਣਾਏ: ਜੀਵਨ ਦੀ ਨੀਰਸਤਾ ਨੂੰ ਦੂਰ ਕਰਨ ਲਈ, ਨਵੀਨਤਾ ਅਤੇ ਸਵੈ ਪ੍ਰਗਟਾਵੇ ਲਈ ਸਾਨੂੰ ਆਪਣੀ ਸਿਰਜਣ ਕਲਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਹ ਸ਼ੌਕ ਕੁਝ ਵੀ ਹੋ ਸਕਦਾ ਹੈ ਜੋ ਤੁਹਾਡੇ ਕਲਪਨਾਤਮਕ ਪੱਖ ਨੂੰ ਪੇਸ਼ ਕਰਦਾ ਹੋਵੇ: ਪੇਂਟਿੰਗ, ਲਿਖਣਾ, ਗੀਤ-ਸੰਗੀਤ, ਫੋਟੋਗ੍ਰਾਫੀ, ਬਾਗ਼ਬਾਨੀ, ਜਾਂ ਖਾਣਾ-ਪਕਵਾਨ ਪਕਾਉਣਾ ਆਦਿ। ਰਚਨਾਤਮਕ ਕੰਮ ਕਰਨ ਨਾਲ ਮਾਨਸਿਕ ਤਣਾਅ ਘਟਦਾ ਹੈ, ਤੁਹਾਡਾ ਦਿਲੋ-ਦਿਮਾਗ਼ ਤਾਜ਼ਾ ਹੁੰਦਾ ਹੈ ਤੇ ਸਮੱਸਿਆ ਹੱਲ ਕਰਨ ਲਈ ਨਵੇਂ-ਨਵੇਂ ਤਰੀਕੇ ਲੱਭਣ ਵਿੱਚ ਸਹਾਈ ਹੁੰਦਾ ਹੈ। ਸਭ ਤੋਂ ਵਧ ਕੇ ਰਚਨਾਤਮਕ ਸ਼ੌਕ ਨਾਲ ਤੁਹਾਨੂੰ ਆਤਮਿਕ ਸੰਤੁਸ਼ਟੀ ਮਿਲਦੀ ਹੈ। ਜੇ ਤੁਸੀਂ ਇਤਿਹਾਸ ਵਿੱਚ ਝਾਤੀ ਮਾਰੋ ਤਾਂ ਦੇਖੋਗੇ ਕੇ ਰਚਨਾਤਮਕ ਸ਼ੌਕ ਵਾਲੇ ਲੋਕ ਲੰਮਾ ਸਮਾਂ ਜਿਊਂਦੇ ਹਨ।

ਸ਼ੌਕ ਜੋ ਤੁਹਾਡੇ ਗਿਆਨ ਨੂੰ ਵਧਾਏ: ਜੀਵਨ ਵਿੱਚ ਤਰੱਕੀ ਕਰਨ ਲਈ ਤੇ ਨਵੀਆਂ ਮੰਜ਼ਿਲਾਂ ਸਰ ਕਰਨ ਲਈ ਨਿਰੰਤਰ ਸਿੱਖਣਾ ਬਹੁਤ ਜ਼ਰੂਰੀ ਹੈ। ਇਹ ਸ਼ੌਕ ਤੁਹਾਡੀ ਸਮਝ ਨੂੰ ਵਧਾਉਣ ਤੇ ਨਵੀਂ ਜਾਣਕਾਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਜਿਵੇਂ ਕਿ ਇੱਕ ਨਵੀਂ ਭਾਸ਼ਾ ਸਿੱਖਣਾ, ਸੰਗੀਤ ਜਾਂ ਕੋਈ ਸਾਜ਼ ਸਿੱਖਣਾ, ਧਾਰਮਿਕ ਗ੍ਰੰਥਾਂ ਤੇ ਇਤਿਹਾਸ ਦਾ ਅਧਿਐਨ ਕਰਨਾ, ਤਾਰਾ ਵਿਗਿਆਨ ਵਿੱਚ ਦਿਲਚਸਪੀ, ਸੈਰ ਸਪਾਟਾ ਕਰਨਾ, ਅਨੇਕਾਂ ਵਿਭਿੰਨ ਵਿਸ਼ਿਆਂ ਨੂੰ ਪੜ੍ਹਨਾ ਜਾਂ ਤੁਹਾਨੂੰ ਦਿਲਚਸਪ ਲੱਗਣ ਵਾਲੇ ਵਿਸ਼ਿਆਂ ਵਿੱਚ ਔਨਲਾਈਨ ਕੋਰਸ ਕਰਨਾ ਹੋ ਸਕਦਾ ਹੈ - ਅਜਿਹੇ ਕੋਰਸ ਜੋ ਤੁਸੀਂ ਹਮੇਸ਼ਾਂ ਕਰਨਾ ਚਾਹੁੰਦੇ ਸੀ, ਪਰ ਸਮੇਂ ਦੀ ਕਮੀ ਕਰ ਕੇ ਨਹੀਂ ਸੀ ਕਰ ਸਕੇ! ਅੱਜ-ਕੱਲ੍ਹ ਔਨਲਾਈਨ, ਯੂਨੀਵਰਸਿਟੀ ਪੱਧਰ ਦੇ ਕੋਰਸ ਮੁਫ਼ਤ ਉਪਲੱਬਧ ਹਨ। ਇਹ ਸ਼ੌਕ ਤੁਹਾਨੂੰ ਸੂਝਵਾਨ ਬਣਾਉਂਦਾ ਹੈ, ਤਰਕਸ਼ੀਲ ਤੇ ਆਲੋਚਨਾਤਮਕ ਸੋਚ ਵਿੱਚ ਵੀ ਵਾਧਾ ਕਰਦਾ ਹੈ, ਤੁਹਾਡੀ ਸੋਚ ਦਾ ਘੇਰਾ ਵਿਸ਼ਾਲ ਕਰਦਾ ਹੈ, ਤੁਹਾਨੂੰ ਆਜ਼ਾਦ ਸੋਚ ਦਾ ਧਾਰਨੀ ਬਣਾਉਂਦਾ ਹੈ ਅਤੇ ਸਭ ਤੋਂ ਵੱਧ ਤੁਹਾਡੀ ਹਉਮੈ ਨੂੰ ਘੱਟ ਜਾਂ ਖ਼ਤਮ ਕਰਨ ਵਿੱਚ ਸਹਾਈ ਹੁੰਦਾ ਹੈ।

ਸ਼ੌਕ ਜੋ ਤੁਹਾਡੀ ਮਾਨਸਿਕਤਾ ਨੂੰ ਵਿਕਸਿਤ ਕਰੇ: ਇਹ ਸ਼ੌਕ ਚਿੰਤਨ ਤੇ ਧਿਆਨ ਲਗਾਉਣਾ, ਪਾਠ ਕਰਨਾ, ਡਾਇਰੀ ਲਿਖਣਾ, ਬੁਝਾਰਤਾਂ ਬੁੱਝਣਾ, ਨਵੇਂ ਸੱਭਿਆਚਾਰਾਂ ਦੀ ਪੜਚੋਲ ਕਰਨਾ, ਆਪਣੇ ਵਰਗੀ (ਸਮਾਨ) ਸੋਚ ਵਾਲੇ ਲੋਕਾਂ ਨਾਲ ਜੁੜਨਾ, ਸੇਵਾ ਕਰਨਾ ਜਾਂ ਕਿਸੇ ਸਮਾਜਿਕ ਕਲੱਬ ਵਿੱਚ ਹਿੱਸਾ ਲੈਣ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਹੋ ਸਕਦਾ ਹੈ। ਕਿਉਂਕਿ ਸਮਾਜਿਕ ਭਾਈਚਾਰਾ ਸਫਲ ਜੀਵਨ ਦਾ ਇੱਕ ਜ਼ਰੂਰੀ ਅੰਗ ਹੈ, ਜਿੱਥੇ ਮਨੁੱਖੀ ਮੇਲ-ਜੋਲ ਪਣਪਦਾ ਹੈ, ਧਾਰਮਿਕ ਤੇ ਸਮਾਜਿਕ ਵਿਦਿਆ ਪ੍ਰਾਪਤ ਕਰਨ ਦੇ ਮੌਕੇ ਮਿਲਦੇ ਹਨ, ਜੋ ਤੁਹਾਨੂੰ ਵਧੇਰੇ ਖੁੱਲ੍ਹੀ ਅਤੇ ਵਾਤਾਅਨੁਕੂਲ (ਅਨੁਕੂਲਣਯੋਗ) ਮਾਨਸਿਕਤਾ ਵਿਕਸਤ ਕਰਨ ਵਿੱਚ ਮਦਦ ਕਰਦੇ ਹਨ ਅਤੇ ਜਿਸ ਨਾਲ ਸਮੁੱਚਾ ਸਮਾਜ ਮਜ਼ਬੂਤ ਤੇ ਤੰਦਰੁਸਤ ਬਣਦਾ ਹੈ। ਸੇਵਾ ਕਰਨ ਨਾਲ ਵੀ ਹਉਮੈ ਮਿਟਦੀ ਹੈ ਤੇ ਨਿਮਰਤਾ ਆਉਂਦੀ ਹੈ।

ਸਾਧ-ਸੰਗਤ ਨਾਲ ਵਿਚਾਰ ਕਰਕੇ, ਤੁਹਾਡੀ ਸੋਚ ਸਕਾਰਾਤਮਕ ਵੀ ਬਣਦੀ ਹੈ, ਧਾਰਮਿਕ ਗ੍ਰੰਥਾਂ ਤੇ ਹੋਰ ਕਿਤਾਬਾਂ ਦੀ ਸਮਝ ਆਉਂਦੀ ਹੈ। ਧਿਆਨ ਤੇ ਚਿੰਤਨ ਨਾਲ ਤੁਹਾਡੀ ਮਾਨਸਿਕਤਾ ਦ੍ਰਿੜ ਬਣਦੀ ਹੈ। ਜਿਵੇਂ ਕਿ ਥਾਮਸ ਐਲਵਾ ਐਡੀਸਨ ਨੂੰ ਦੇਖੋ, ਜੋ ਬਲਬ ਬਣਾਉਣ ਵਿੱਚ 10,000 ਵਾਰ ਅਸਫਲ ਰਿਹਾ। ਜੇ ਉਸ ਦੀ ਮਾਨਸਿਕਤਾ ਦ੍ਰਿੜ ਨਾ ਹੁੰਦੀ ਅਤੇ ਉਹ ਹਾਰ ਮੰਨ ਲੈਂਦਾ ਤਾਂ ਅੱਜ ਇਤਿਹਾਸ ਕੁਝ ਹੋਰ ਹੀ ਹੋਣਾ ਸੀ।

ਇਨ੍ਹਾਂ ਸ਼ੌਕਾਂ ਨੂੰ ਆਪਣਾ ਕੇ ਤੁਸੀਂ ਜੀਵਨ ਵਿੱਚ ਸਫਲ ਹੋਣ ਦੀ ਜਾਚ ਸਿੱਖ ਸਕਦੇ ਹਾਂ, ਜ਼ਿਹਨੀ ਤੇ ਆਰਥਿਕ ਤੌਰ 'ਤੇ ਆਜ਼ਾਦ, ਸਵੈ ਵਿਕਾਸ ਅਤੇ ਤਨ-ਮਨ ਦੀ ਤੰਦਰੁਸਤੀ ਪ੍ਰਾਪਤ ਕਰ ਸਕਦੇ ਹਾਂ। ਇਸ ਕਰਕੇ ਆਪਣੇ ਸ਼ੌਕ ਪਛਾਣਨ ਤੇ ਵਿਕਸਿਤ ਕਰਨ ਲਈ ਸਮਾਂ ਜ਼ਰੂਰ ਕੱਢੋ, ਉਨ੍ਹਾਂ ਨੂੰ ਵਿਹਾਰਕ ਪਹਿਲੂ ਵਜੋਂ ਵਰਤਣ ਦੀ ਕੋਸ਼ਿਸ਼ ਕਰੋ ਤੇ ਆਪਣੀ ਤੇ ਆਪਣੇ ਪਰਿਵਾਰ ਦੀ ਵਿੱਤੀ ਆਜ਼ਾਦੀ ਪ੍ਰਾਪਤ ਕਰਨ ਵੱਲ ਕਦਮ ਪੁੱਟੋ, ਤੁਹਾਡਾ ਭਵਿੱਖ ਤੁਹਾਡਾ ਧੰਨਵਾਦੀ ਹੋਵੇਗਾ।

## ਸੁਪਰ ਵੀਜ਼ਾ ਰਾਹੀ ਮਾਪਿਆਂ ਨੂੰ ਕੈਨੇਡਾ ਬੁਲਾ ਸਕਣਗੇ ਬੱਚੇ

**(ਸਫਾ 18 ਦੀ ਬਾਕੀ)**

- ਤੁਹਾਡੇ ਮਾਪੇ ਅਤੇ ਦਾਦਾ-ਦਾਦੀ 'ਤੇ ਨਿਰਭਰ ਕਰਨ ਵਾਲੇ ਬੱਚੇ (ਭੈਣ-ਭਰਾ, ਸੌਤੇਲੇ ਭੈਣ-ਭਰਾ)
- ਜੇਕਰ ਤੁਹਾਡੇ ਮਾਪੇ ਜਾਂ ਦਾਦਾ-ਦਾਦੀ ਤਲਾਕਸ਼ੁਦਾ ਹਨ ਤਾਂ ਉਨ੍ਹਾਂ ਦੇ ਮੌਜੂਦਾ ਪਾਰਟਨਰ

**ਤੁਸੀਂ ਕਿਸ ਨੂੰ ਸਪਾਂਸਰ ਨਹੀਂ ਕਰ ਸਕਦੇ?**

- ਤੁਸੀਂ ਆਪਣੇ ਪਤੀ ਜਾਂ ਪਤਨੀ ਦੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਸਪਾਂਸਰ ਨਹੀਂ ਕਰ ਸਕਦੇ ਪਰ ਤੁਸੀਂ ਆਪਣੇ ਪਾਰਟਨਰ ਵੱਲੋਂ ਲਗਾਈ ਅਰਜ਼ੀ 'ਤੇ ਦਸਤਖ਼ਤ ਕਰ ਸਕਦੇ ਹੋ
- ਤੁਸੀਂ ਕਿਸੇ ਅਜਿਹੇ ਸ਼ਖ਼ਸ ਨੂੰ ਸਪਾਂਸਰ ਨਹੀਂ ਕਰ ਸਕਦੇ ਜਿਸ ਦੀ ਕੈਨੇਡਾ 'ਚ ਦਾਖ਼ਲ ਹੋਣ ਦੀ ਮਨਾਹੀ ਹੈ।

ਕੈਨੇਡਾ ਸਰਕਾਰ ਦੀ ਵੈੱਬਸਾਈਟ ਦੇ ਮੁਤਾਬਕ, ਜਿਹੜੇ ਅਰਜ਼ੀਕਾਰਾਂ ਨੇ ਸਾਲ 2020 'ਚ ਪੀਜੀਪੀ ਤਹਿਤ ਅਪਲਾਈ ਕੀਤਾ ਸੀ ਤਾਂ ਉਨ੍ਹਾਂ ਨੂੰ ਜ਼ਰੂਰ ਇੱਕ 'ਕਨਫਰਮੇਸ਼ਨ ਨੰਬਰ' ਮਿਲਿਆ ਹੋਵੇਗਾ। ਇਸ ਬਾਬਤ ਅਰਜ਼ੀਕਾਰਾਂ ਕੈਨੇਡਾ ਸਰਕਾਰ ਨੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਈਮੇਲ ਵੀ ਆਈ ਹੋਵੇਗੀ। ਤੁਸੀਂ ਇਸ ਨੰਬਰ ਦੀ ਵਰਤੋਂ ਕਰਦਿਆਂ ਦੇਖਿਆ ਜਾ ਸਕਦਾ ਹੈ ਕਿ ਕੀ ਤੁਹਾਡੀ ਅਰਜ਼ੀ ਨੂੰ 2024 ਦੇ 'ਇਨਟੇਕ' 'ਚ ਸਵੀਕਾਰ ਕੀਤਾ ਗਿਆ ਹੈ ਜਾਂ ਨਹੀਂ।

ਇਸ ਦੇ ਲਈ 21 ਮਈ 2024 ਤੋਂ 2 ਹਫ਼ਤਿਆਂ ਤੱਕ ਤੁਹਾਨੂੰ ਸੱਦਾ ਪੱਤਰ ਆ ਸਕਦੇ ਹਨ। ਇਹ ਸੱਦਾ ਪੱਤਰ ਅਰਜ਼ੀਕਾਰਾਂ ਵੱਲੋਂ ਸਾਲ 2020 'ਚ ਦਿੱਤੀ ਗਈ ਈਮੇਲ ਆਈਡੀ 'ਤੇ ਆਉਣਗੇ। ਇਸੇ ਤਰ੍ਹਾਂ ਤੁਸੀਂ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਦੀ ਵੈੱਬਸਾਈਟ 'ਤੇ 'ਚੈੱਕ ਯੂਅਰ ਇਨਵੀਟੇਸ਼ਨ' ਆਪਸ਼ਨ 'ਤੇ ਆਪਣਾ ਕਨਫਰਮੇਸ਼ਨ ਨੰਬਰ ਭਰ ਕੇ ਆਪਣੀ ਅਰਜ਼ੀ ਦਾ ਸਟੇਟਸ ਜਾਣ ਸਕਦੇ ਹੋ। ਜਦੋਂ ਤੁਹਾਨੂੰ ਸੱਦਾ ਪੱਤਰ ਮਿਲ ਜਾਂਦਾ ਹੈ ਤਾਂ ਤੁਸੀਂ ਅਪਲਾਈ ਕਰ ਸਕਦੇ ਹੋ। ਬਿਨਾਂ ਸੱਦਾ ਪੱਤਰ ਦੇ ਅਪਲਾਈ ਕਰਨ ਦਾ ਕੋਈ ਫਾਇਦਾ ਨਹੀਂ। ਅਪਲਾਈ ਕਰਨ ਲਈ ਤੁਸੀਂ ਆਪਣਾ ਫਾਰਮ, ਫੋਟੋਆਂ ਅਤੇ ਹੋਰ ਲੋੜੀਂਦੇ ਦਸਤਾਵੇਜ਼ ਆਨਲਾਈਨ ਅਪਲੋਡ ਕਰ ਸਕਦੇ ਹੋ। ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਕਹੇ ਜਾਣ ਤੋਂ ਬਾਅਦ ਤੁਸੀਂ ਆਪਣਾ ਮੈਡੀਕਲ, ਪੁਲਿਸ ਵੈਰੀਫਿਕੇਸ਼ਨ ਅਤੇ ਬਾਇਓਮੈਟ੍ਰਿਕ ਕਰਵਾ ਸਕਦੇ ਹੋ।

ਸੀਵੇਅ ਵੀਜ਼ਾ ਦੇ ਮੈਨੇਜਿੰਗ ਡਾਇਰੈਕਟਰ ਗੁਰਪ੍ਰੀਤ ਸਿੰਘ ਦੱਸਦੇ ਹਨ ਕਿ ਕੋਵਿਡ ਕਰਕੇ ਵੱਡੀ ਗਿਣਤੀ ਵਿੱਚ ਲੋਕਾਂ ਦੀਆਂ ਫਾਈਲਾ ਅਟਕੀਆਂ ਹੋਈਆਂ ਸੀ ਪਰ ਹੁਣ ਕੈਨੇਡਾ ਸਰਕਾਰ ਦੇ ਇਸ ਫੈਸਲੇ ਨਾਲ ਲੋਕਾਂ ਨੂੰ ਕਾਫੀ ਰਾਹਤ ਮਿਲੇਗੀ। ਉਹ ਕਹਿੰਦੇ ਹਨ ਕਿ ਇਸ ਲਈ ਜ਼ਰੂਰੀ ਹੈ ਕਿ ਜਿਹੜੇ ਸੱਦਾ ਪੱਤਰ ਦੀ ਉਡੀਕ ਕਰ ਰਹੇ ਹਨ ਉਹ ਆਪਣੀਆਂ ਈਮੇਲਜ਼ ਚੈੱਕ ਕਰਦੇ ਰਹਿਣ ਅਤੇ ਸਮੇਂ ਸਿਰ ਆਪਣੇ ਸਾਰੇ ਦਸਤਾਵੇਜ਼ ਜਮਾਂ ਕਰਵਾਉਣ।

# ਜਲਦੀ ਹੀ ਖਤਮ ਹੋ ਜਾਣਗੀਆਂ ਦੁਨੀਆਂ ਦੀਆਂ ਅੱਧੀਆਂ ਭਾਸ਼ਾਵਾਂ

ਹਰ ਸਮਾਜ ਦੇ ਵਿਕਾਸ ਵਿੱਚ ਮਾਤ ਭਾਸ਼ਾ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਮਾਤ ਭਾਸ਼ਾ ਕਿਸੇ ਵੀ ਵਿਅਕਤੀ ਦੀ ਪਹਿਚਾਣ ਦੀ ਪਹਿਲੀ ਨਿਸ਼ਾਨੀ ਹੁੰਦੀ ਹੈ ਅਤੇ ਉਹ ਭਾਸ਼ਾ ਹੁੰਦੀ ਹੈ ਜਿਸ ਵਿੱਚ ਉਸ ਸਮਾਜ ਦੇ ਲੋਕ ਅਪਣੀ ਗੱਲ ਬਾਤ ਇੱਕ ਦੂਜੇ ਨੂੰ ਚੰਗੀ ਤਰਾਂ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਦੱਸ ਅਤੇ ਸਮਝਾ ਸਕਦੇ ਹਨ। ਕਈ ਵਾਰ ਮਨੁਖੀ ਅਧਿਕਾਰਾਂ ਦੀ ਉਲੰਘਣਾਂ ਵਾਂਗ ਹੀ ਮਾਤ ਭਾਸ਼ਾ ਨੂੰ ਖਤਮ ਕਰਨ ਲਈ ਹੁੰਦੇ ਹਮਲੇ ਵੀ ਚਰਚਾ ਵਿੱਚ ਰਹਿੰਦੇ ਹਨ। ਇਸ ਤਰਾਂ ਦਾ ਹੀ ਮਾਮਲਾ ਸਾਡੇ ਗੁਆਂਢੀ ਮੁਲਕ ਬੰਗਲਾ ਦੇਸ਼ ਵਿੱਚ ਸਾਹਮਣੇ ਆਇਆ। 1947 ਵਿੱਚ ਭਾਰਤ ਦੀ ਵੰਡ ਹੋਣ ਤੋਂ ਬਾਦ ਪਾਕਿਸਤਾਨ ਨੇ ਪੂਰਬੀ ਪਾਕਿਸਤਾਨ (ਹੁਣ ਬੰਗਲਾ ਦੇਸ਼) ਵਿੱਚ ਵੀ ਬਾਕੀ ਭਾਸ਼ਾਵਾਂ ਨੂੰ ਅਣਗੋਲਿਆਂ ਕਰਕੇ ਰਾਸ਼ਟਰੀ ਭਾਸ਼ਾ ਉਰਦੂ ਨੂੰ ਹੀ ਸੱਖਤੀ ਨਾਲ ਲਾਗੂ ਕਰ ਦਿੱਤਾ ਜਦਕਿ ਉਸ ਇਲਾਕੇ ਦੇ ਬਹੁਤੇ ਲੋਕ ਬੰਗਾਲੀ ਭਾਸ਼ਾ ਨੂੰ ਹੀ ਤਰਜੀਹ ਦਿੰਦੇ ਸਨ। 1952 ਵਿੱਚ ਸਰਕਾਰ ਨੇ ਜਦੋਂ ਬਾਕੀ ਭਾਸ਼ਾਵਾਂ ਤੇ ਪਾਬੰਦੀ ਹੀ ਲਗਾ ਦਿੱਤੀ ਤਾਂ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਇਲਾਕੇ ਦੇ ਆਮ ਲੋਕਾਂ ਨੇ ਅੰਦੋਲਨ ਸੁਰੂ ਕਰ ਦਿੱਤਾ ਜਿਸਨੂੰ ਰੋਕਣ ਲਈ ਪੁਲਿਸ ਨੇ ਗੋਲੀ ਚਲਾਈ ਜਿਸ ਵਿੱਚ ਕਈ ਵਿਅਕਤੀ ਮਾਰੇ ਗਏ। ਅਪਣੀ ਮਾਤ ਭਾਸ਼ਾ ਦੇ ਹੱਕ ਲਈ ਲੜਦੇ ਸ਼ਹੀਦਾਂ ਦੀ ਯਾਦਗਾਰ ਵਿੱਚ ਇਸ ਦਿਨ ਨੂੰ ਵਿਸ਼ੇਸ਼ ਤੋਰ ਤੇ ਯਾਦ ਕੀਤਾ ਜਾਂਦਾ ਹੈ। ਮਾਤ ਭਾਸ਼ਾ ਦੀ ਮਹੱਤਤਾ ਨੂੰ ਸਮਝਦੇ ਹੋਏ ਯੂਨੈਸਕੋ ਮਹਾਂਸਭਾ ਨੇ 1999 ਵਿੱਚ ਇੱਕ ਮਤਾ ਪਾਸ ਕਰਕੇ ਹਰ ਸਾਲ 21 ਫਰਵਰੀ ਦਾ ਦਿਨ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਇਸ ਸਾਲ 2022 ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦਾ ਮੁੱਖ ਉਦੇਸ਼ "ਬਹੁ- ਭਾਸ਼ਾਈ ਸਿੱਖਿਆ ਲਈ ਤਕਨਾਲੋਜੀ ਦੀ ਵਰਤੋਂ ਸਬੰਧੀ ਚੁਣੌਤੀਆਂ ਅਤੇ ਮੌਕੇ, ਬਹੁ-ਭਾਸ਼ਾਈ ਸਿੱਖਿਆ ਨੂੰ ਅੱਗੇ ਵਧਾਉਣ ਅਤੇ ਸਾਰਿਆਂ ਲਈ ਮਿਆਰੀ ਸਿੱਖਿਆ ਅਤੇ ਸਿੱਖਣ ਦੇ ਵਿਕਾਸ ਵਿੱਚ ਸਹਾਇਤਾ ਕਰਨ ਲਈ ਤਕਨਾਲੋਜੀ ਦੀ ਸੰਭਾਵੀ ਭੂਮਿਕਾ ਤੇ ਚਰਚਾ ਕਰਨਾ ਹੈ।''

ਯੂਨੈਸਕੋ ਵਲੋਂ 21 ਫਰਵਰੀ ਨੂੰ ਮਾਤ ਭਾਸ਼ਾ ਦਿਵਸ 2022 ਨੂੰ ਮਨਾਉਣ ਲਈ ਪੈਰਿਸ ਦੇ ਸਮੇਂ ਅਨੁਸਾਰ ਸਵੇਰੇ 11:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਇੱਕ ਵੈਬੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਮਾਤ ਭਾਸ਼ਾਵਾਂ ਸਬੰਧੀ ਵਿਚਾਰ ਵਟਾਂਦਰਾਂ ਕੀਤਾ ਜਾਵੇਗਾ। ਕੋਵਿਡ-19 ਕਾਰਨ ਸਕੂਲ ਬੰਦ ਹੋਣ ਦੌਰਾਨ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਨੇ ਸਿੱਖਣ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਲਈ ਤਕਨਾਲੋਜੀ ਦੀ ਵਰਤੋਂ ਕੀਤੀ।

ਯੂਨੈਸਕੋ ਦਾ ਮੰਨਣਾ ਹੈ ਕਿ ਸਿੱਖਿਆ ਪਹਿਲੀ ਭਾਸ਼ਾ ਜਾਂ ਮਾਤ ਭਾਸ਼ਾ ਦੇ ਅਧਾਰ ਤੇ ਬਚਪਨ ਤੋਂ ਹੀ ਸ਼ੁਰੂ ਕਰਨੀ ਲਾਜ਼ਮੀ ਹੈ ਕਿਉਂਕਿ ਬਚਪਨ ਦੀ ਸੰਭਾਲ ਅਤੇ ਸਿੱਖਿਆ ਹੀ ਸਿੱਖਿਆ ਦੀ ਬੁਨਿਆਦ ਹੈ। ਵਿਸ਼ਵ ਵਿੱਚ ਲੱਗਭੱਗ 7000 ਭਾਸ਼ਾਵਾਂ ਹਨ ਜਿਨ੍ਹਾਂ ਵਿੱਚੋਂ ਅੱਧੀਆ ਤੇ ਖਤਮ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਇਸਦਾ ਮੁੱਖ ਕਾਰਨ ਹੈ ਕਿ ਜਨਤਕ ਖੇਤਰ ਅਤੇ ਸਿੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਸਿਰਫ ਗਿਣਤੀ ਦੀਆਂ ਭਾਸ਼ਾਵਾਂ ਨੂੰ ਹੀ ਵਰਤਿਆ ਜਾਂਦਾ ਹੈ ਅਤੇ ਮੋਜੂਦਾ ਡੀਜਟਿਲ ਯੁੱਗ ਵਿੱਚ ਇਨ੍ਹਾਂ ਦੀ ਗਿਣਤੀ ਹੋਰ ਵੀ ਘੱਟ ਗਈ ਹੈ। ਪੰਜਾਬੀ ਭਾਸ਼ਾ ਜੋਕਿ ਸਦੀਆਂ ਪੁਰਾਣੀ ਹੈ ਦੀ ਵਰਤੋਂ ਸਿਰਫ ਪੰਜਾਬ ਅਤੇ ਭਾਰਤ ਵਿੱਚ ਹੀ ਨਹੀਂ ਸਗੋਂ ਦੇਸ਼ ਵਿਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਰਹਿੰਦੇ ਲੋਕਾਂ ਵਲੋਂ ਮਾਣ ਸਤਿਕਾਰ ਨਾਲ ਕੀਤੀ ਜਾਂਦੀ ਹੈ। ਪੰਜਾਬੀ ਇੱਕ ਪ੍ਰਾਚੀਨ ਭਾਸ਼ਾ ਹੈ ਪਰ ਇਸ ਨੇ ਆਪਣਾ ਸਾਹਿਤਕ ਜੀਵਨ ਬਹੁਤ ਦੇਰ ਨਾਲ ਸ਼ੁਰੂ ਕੀਤਾ। ਇਹ 17ਵੀਂ ਸਦੀ ਦੇ ਸ਼ੁਰੂ ਵਿੱਚ ਇੱਕ ਸਾਹਿਤਕ ਭਾਸ਼ਾ ਵਿੱਚ ਵਿਕਸਤ ਹੋਈ ਜਦੋਂ ਕਿ ਹਿੰਦੀ ਅਜੇ ਵੀ ਉਪ- ਭਾਸ਼ਾਵਾਂ ਦਾ ਇੱਕ ਸਮੂਹ ਹੈ। ਭਾਸ਼ਾਵਾਂ ਸਬੰਧੀ ਵਿਸ਼ਵ ਵਿਗਿਆਨਕੋਸ਼ ਐਥਨੋਲੋਗ 2005 ਅਨੁਸਾਰ ਪੰਜਾਬੀ ਨੂੰ ਲੱਗਭੱਗ 8.8 ਕਰੋੜ ਲੋਕ ਵਰਤਦੇ ਹਨ ਅਤੇ ਪੂਰੇ ਸੰਸਾਰ ਵਿੱਚ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਇਹ 10ਵੇਂ ਨੰਬਰ ਤੇ ਹੈ। ਸਾਡੇ ਗੁਆਂਢੀ ਮੁੱਲਕ ਪਾਕਿਸਤਾਨ ਵਿੱਚ ਲੱਗਭੱਗ 60 ਫਿਸਦੀ ਲੋਕ ਅਤੇ ਭਾਰਤ ਵਿੱਚ ਲੱਗਭੱਗ 2.73 ਫਿਸਦੀ ਲੋਕ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਇਸਤੋਂ ਇਲਾਵਾ ਇੰਗਲੈਂਡ, ਅਮਰੀਕਾ, ਅਸਟ੍ਰੇਲੀਆ ਆਦਿ ਵਿੱਚ ਵੀ ਬਹੁਤੇ ਲੋਕਾਂ ਵਲੋਂ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਇਹ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਸੂਬੇ ਦੀ ਸਰਕਾਰੀ ਭਾਸ਼ਾ ਹੈ ਅਤੇ ਭਾਰਤ ਦੇ ਹੀ ਕਈ ਹੋਰ ਰਾਜਾਂ ਵਿੱਚ ਦੂਜੀ ਅਤੇ ਤੀਜੀ ਭਾਸ਼ਾ ਦਾ ਦਰਜਾ ਹਾਸਲ ਹੈ। ਪੰਜਾਬ ਸੂਬਾ ਜਿਸਦੀ ਸਥਾਪਨਾ ਹੀ ਪੰਜਾਬੀ ਭਾਸ਼ਾ ਦੇ ਨਾਮ ਤੇ ਹੋਈ ਹੈ ਵਿੱਚ ਇਹ ਭਾਸ਼ਾ ਅਜੇ ਵੀ ਬਣਦਾ ਮਾਣ ਸਤਿਕਾਰ ਪ੍ਰਾਪਤ ਨਾਂ ਕਰ ਸਕੀ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਲੋਕਾਂ ਦੇ ਸੰਘਰਸ਼ ਤੋਂ ਬਾਦ ਅਜੇ ਤੱਕ ਵੀ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਹਾਸਲ ਨਹੀਂ ਹੋਇਆ ਹੈ। ਪੰਜਾਬ ਵਿੱਚ ਪੰਜਾਬੀ ਨੂੰ ਪ੍ਰਫੁਲਿਤ ਕਰਨ ਲਈ ਪੰਜਾਬੀ ਭਾਸ਼ਾ ਦਾ ਦਫਤਰੀ ਆਰੰਭ ਰਿਆਸਤ ਪਟਿਆਲਾ ਵਿੱਚ 01 ਜਨਵਰੀ 1948 ਨੂੰ ਹੋਇਆ ਜਦੋਂ ਸਿੱਖਿਆ ਵਿਭਾਗ ਵਿੱਚ ਪੰਜਾਬੀ ਭਾਸ਼ਾ ਦਾ ਸੈਕਸ਼ਨ ਬਣਾਇਆ ਗਿਆ ਜੋਕਿ ਮਗਰੋਂ ਪੰਜਾਬੀ ਵਿਭਾਗ ਹੀ ਬਣ ਗਿਆ। ਪੈਪਸੂ ਸਰਕਾਰ ਦਾ ਪਹਿਲਾ ਬਜ਼ਟ ਜੋਕਿ 13 ਅਪ੍ਰੈਲ 1949 ਨੂੰ ਤਿਆਰ ਹੋਇਆ ਸੀ ਪੰਜਾਬੀ ਵਿੱਚ ਹੀ ਤਿਆਰ ਕੀਤਾ ਗਿਆ। ਪੰਜਾਬ ਰਾਜ ਪੁਨਰਗਠਨ ਤੋਂ ਬਾਦ ਪੰਜਾਬ ਰਾਜ ਭਾਸ਼ਾ ਐਕਟ 1967 ਵਿੱਚ ਬਣਾਇਆ ਗਿਆ ਜਿਸ ਅਨੁਸਾਰ ਪੰਜਾਬ ਸਰਕਾਰ ਦੇ ਸਾਰੇ ਦਫ਼ਤਰਾ ਵਿੱਚ ਪੰਜਾਬੀ ਵਿੱਚ ਕੰਮ ਕਰਨਾ ਜਰੂਰੀ ਹੈ। 05 ਨਵੰਬਰ 2008 ਨੂੰ ਇਸ ਐਕਟ ਵਿੱਚ ਸੋਧ ਕੀਤੀ ਗਈ ਜਿਸ ਅਨੁਸਾਰ ਸਾਰੇ ਦਫ਼ਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ, ਬਾਡੀਜ਼ ਅਤੇ ਰਾਜ ਦੇ ਸਕੂਲਾਂ, ਕਾਲਜ਼ਾਂ ਅਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਸਾਰਾ ਕੰਮਕਾਜ ਪੰਜਾਬੀ ਵਿੱਚ ਕਰਨਾ ਜਰੂਰੀ ਹੈ। ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਜਾਂ ਉਸਦੇ ਅਧੀਨ ਇਸ ਮੰਤਵ ਲਈ ਉਸ ਵੱਲੋਂ ਨਾਮਜ਼ਦ ਕੀਤੇ ਗਏ ਅਫ਼ਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3 ਅਤੇ 3-ਬੀ ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਨਿਰਿਖਣ ਕਰਨ ਦਾ ਅਧਿਕਾਰ ਹੈ। ਇਸ ਐਕਟ ਦੀ ਸਮੀਖਿੱਆ ਅਤੇ ਅਮਲ ਨੂੰ ਯਕੀਨੀ ਬਣਾਉਣ ਲਈ ਇੱਕ ਰਾਜ ਪੱਧਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਿੱਖਿਆ ਮੰਤਰੀ ਪੰਜਾਬ ਨੂੰ ਚੇਅਰਪਰਸਨ, ਡਾਇਰੈਕਟਰ ਭਾਸ਼ਾ ਵਿਭਾਗ ਨੂੰ ਕਨਵੀਨਰ ਬਣਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ ਮੰਤਰੀ ਵੱਲੋਂ ਨਾਮਜ਼ਦ ਨੁਮਾਇੰਦਾ, ਐਡਵੋਕੇਟ ਜਨਰਲ ਪੰਜਾਬ ਜਾਂ ਉਨ੍ਹਾਂ ਦਾ ਨੁਮਾਇੰਦਾ, ਸਕੱਤਰ ਸਕੂਲ ਸਿੱਖਿਆ, ਸਕੱਤਰ ਉਚੇਰੀ ਸਿੱਖਿਆ, ਕਾਨੂੰਨੀ ਮਸ਼ੀਰ ਅਤੇ ਸਕੱਤਰ ਪੰਜਾਬ ਸਰਕਾਰ,




ਰਾਜ ਸਰਕਾਰ ਵੱਲੋਂ ਨਾਮਜ਼ਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈਸ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਚਾਰ ਜਨਤਕ ਨੁਮਾਇੰਦੇ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿੱਚ ਘੱਟੋ ਘੱਟ ਇੱਕ ਮੀਟਿੰਗ ਕਰੇਗੀ। ਇਸ ਰਾਜ ਪੱਧਰੀ ਕਮੇਟੀ ਨੂੰ ਜ਼ਿਲ੍ਹਾਂ ਪੱਧਰੀ ਕਮੇਟੀ ਨੂੰ ਨਿਰਦੇਸ਼ ਦੇਣ ਦਾ ਅਧਿਕਾਰ ਹੈ। ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਵੀ ਬਣਾਈ ਜਾਵੇਗੀ ਜਿਸ ਵਿੱਚ ਮੁੱਖ ਮੰਤਰੀ ਵੱਲੋਂ ਨਾਮਜ਼ਦ ਸਬੰਧਤ ਜ਼ਿਲ੍ਹੇ ਦੇ ਮੰਤਰੀ ਜਾਂ ਵਿਧਾਇਕ ਨੂੰ ਚੇਅਰਪਰਸਨ, ਡਿਪਟੀ ਕਮਿਸ਼ਨਰ ਨੂੰ ਵਾਇਸ ਚੇਅਰਮੈਨ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਨੂੰ ਕਨਵੀਨਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਜ਼ਿਲ੍ਹੇ ਵਿੱਚੋਂ ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈਸ ਦੇ ਤਿੰਨ ਨੁਮਾਇੰਦੇ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਦੋ ਜਨਤਕ ਨੁਮਾਇੰਦੇ, ਜ਼ਿਲ੍ਹਾ ਅਟਾਰਨੀ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜ਼ਾਂ ਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਇਸ ਐਕਟ ਦੀਆਂ ਧਾਰ-ਾਵਾਂ ਤੇ ਅਮਲ ਦੀ ਸਮੀਖਿਆਂ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ। ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿੱਚ ਇੱਕ ਮੀਟਿੰਗ ਕਰੇਗੀ। ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਹਨਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ-ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ 1970 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਚਿੰਤਾ ਦੀ ਗੱਲ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ ਪਾਸ ਕਰਨ ਤੋਂ ਬਾਅਦ ਵੀ ਪੰਜਾਬੀ ਭਾਸ਼ਾ ਨੂੰ ਰਾਜ ਪੱਧਰ ਤੇ ਪੂਰੀ ਤਰ੍ਹਾਂ ਲਾਗੂ ਕਿਉਂ ਨਹੀਂ ਕੀਤਾ ਜਾ ਸਕਿਆ ਹੈ। ਪੰਜਾਬ ਰਾਜ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਵੀ ਹੋ ਸਕਦੀ ਹੈ ਪਰ ਇਹ ਐਕਟ ਵੀ ਕੇਵਲ ਕਾਗਜ਼ੀ ਹੀ ਜਾਪਦਾ ਹੈ ਅਤੇ ਹਾਲਤ ਇੱਥੋਂ ਤੱਕ ਖਸਤਾ ਹੈ ਕਿ ਪੰਜਾਬ ਅਤੇ ਪੰਜਾਬੀਆਂ ਦੀ ਅਗਵਾਈ ਕਰਨ ਵਾਲੀਆਂ ਬਹੁਤੀਆਂ ਰਾਜਸੀ ਪਾਰਟੀਆਂ ਨੇ ਆਪਣੇ ਚੋਣ ਮੈਨੀਫੈਸਟੋ ਤੱਕ ਵੀ ਪੰਜਾਬੀ ਵਿੱਚ ਨਹੀਂ ਬਣਾਏ ਹਨ, ਬਹੁਤੇ ਪੰਜਾਬੀ ਮੰਤਰੀ ਤਾਂ ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਵਿੱਚ ਅਪਣੀ ਸਹੁੰ ਵੀ ਪੰਜਾਬੀ ਵਿੱਚ ਨਹੀਂ ਚੁੱਕਦੇ ਹਨ। ਬਹੁਤੇ ਮੰਤਰੀਆਂ, ਵਿਧਾਇਕਾਂ, ਸਰਕਾਰੀ ਅਫਸਰਾਂ ਦੇ ਬੱਚੇ ਮਹਿੰਗੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹਨ ਜਿੱਥੇ ਕਿ ਪੰਜਾਬੀ ਭਾਸ਼ਾ ਦਾ ਨਾਮੋ ਨਿਸ਼ਾਨ ਤੱਕ ਨਹੀਂ ਹੁੰਦਾ ਤਾਂ ਫਿਰ ਅਜਿਹੇ ਰਾਜਸੀ ਨੇਤਾ ਅਤੇ ਅਫ਼ਸਰ ਪੰਜਾਬੀ ਭਾਸ਼ਾ ਨੂੰ ਕਿਵੇਂ ਰਾਜ ਪੱਧਰ ਤੇ ਲਾਗੂ ਕਰਨ ਵਿੱਚ ਦਿਲਚਸਪੀ ਲੈ ਸਕਦੇ ਹਨ। ਪਿਛਲੇ ਸਮੇਂ ਵਿੱਚ ਹੈਰਾਨੀਜਨਕ ਅੰਕੜੇ ਸਾਹਮਣੇ ਆਏ ਹਨ ਕਿ ਪੰਜਾਬ ਵਿੱਚ ਬਹੁਤੇ ਅਧਿਕਾਰੀ ਦੂਜੇ ਰਾਜਾਂ ਦੇ ਹੀ ਕੰਮ ਕਰ ਰਹੇ ਹਨ ਜੋਕਿ ਪੰਜਾਬੀ ਭਾਸ਼ਾ ਨੂੰ ਕਦੇ ਵੀ ਪਹਿਲ ਨਹੀਂ ਦਿੰਦੇ ਹਨ। ਹਾਲਾਤ ਇੱਥੋ ਤੱਕ ਮਾੜੇ ਹਨ ਕਿ ਪੰਜਾਬ ਵਿੱਚ ਲੱਗੇ ਹੋਏ ਬਹੁਤੇ ਸਰਕਾਰੀ ਅਤੇ ਗੈਰ ਸਰਕਾਰੀ ਬੋਰਡ ਵੀ ਪੰਜਾਬੀ ਵਿੱਚ ਨਹੀਂ ਹਨ ਅਤੇ ਜਦੋਂ ਕੁੱਝ ਸਮਾਂ ਪਹਿਲਾਂ ਪੰਜਾਬੀ ਭਾਸ਼ਾ ਦੀ ਵਰਤੋਂ ਲਈ ਕੁੱਝ ਵਿਅਕਤੀਆਂ ਅਤੇ ਸੰਸਥਾਵਾਂ ਨੇ ਅਪਣੇ ਪੱਧਰ ਤੇ ਕਾਰਵਾਈ ਸ਼ੁਰੂ ਕੀਤੀ ਤਾਂ ਸਰਕਾਰ ਨੇ ਉਲੱਟ ਅਜਿਹੇ ਵਿਅਕਤੀਆਂ ਖਿਲਾਫ ਹੀ ਕਨੂੰਨੀ ਕਾਰਵਾਈ ਕਰ ਦਿੱਤੀ। ਪੰਜਾਬ ਸਰਕਾਰ ਵਲੋਂ ਕਈ ਵਾਰ ਪੰਜਾਬੀ ਭਾਸ਼ਾ ਨੂੰ ਵਿਕਸਿਤ ਕਰਨ ਲਈ ਕਦਮ ਚੱਕੇ ਗਏ ਹਨ ਜਿਨ੍ਹਾਂ ਵਿੱਚ ਪੰਜਾਬ ਦਫਤਰੀ ਭਾਸ਼ਾ ਐਕਟ 1967 ਵਿੱਚ ਸੋਧ ਕਰਨ ਲਈ ਨਵੰਬਰ 2021 ਵਿੱਚ ਪੰਜਾਬ ਦਫਤਰੀ ਭਾਸ਼ਾ ਐਕਟ ਸੋਧ ਬਿਲ 2021 ਪਾਸ ਕੀਤਾ ਗਿਆ ਹੈ ਅਤੇ ਪੰਜਾਬ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਪੜ੍ਹਾਉਣਾ ਲਾਜਮੀ ਕੀਤਾ ਗਿਆ ਹੈ ਅਤੇ ਅਜਿਹਾ ਨਾਂ ਕਰਨ ਵਾਲੇ ਵਿਦਿੱਅਕ ਅਦਾਰਿਆਂ ਖਿਲਾਫ ਸੱਖਤ ਕਾਰਵਾਈ ਕਰਨ ਅਤੇ ਭਾਰੀ ਜੁਰਮਾਨੇ ਲਗਾਉਣ ਦੀ ਘੋਸ਼ਣਾ ਕੀਤੀ ਗਈ ਹੈ ਅਤੇ ਪੰਜਾਬ ਰਾਜ ਭਾਸ਼ਾ ਆਯੋਗ ਬਣਾਉਣ ਦੀ ਘੋਸ਼ਣਾ ਕੀਤੀ ਗਈ ਹੈ। ਸਰਕਾਰ ਵਲੋਂ ਪੰਜਾਬ ਦੇ ਸਮੂਹ ਦੱਫਤਰਾਂ ਵਿੱਚ ਕੰਮ ਪੰਜਾਬੀ ਭਾਸ਼ਾ ਵਿੱਚ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਅਜਿਹਾ ਨਾਂ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਜੁਰਮਾਨੇ ਲਗਾਉਣ ਦੀ ਘੋਸ਼ਣਾ ਕੀਤੀ ਗਈ ਹੈ। ਸਰਕਾਰ ਦੀਆਂ ਇਹ ਘੋਸ਼ਣਾਵਾਂ ਵੀ ਅਕਸਰ ਨਜਰਅੰਦਾਜ ਹੀ ਹੋ ਰਹੀਆਂ ਹਨ ਅਤੇ ਸਰਕਾਰਾਂ ਦੀ ਲਾਪਰਵਾਹੀ ਕਾਰਨ ਹੀ ਪੰਜਾਬ ਵਿੱਚ ਸਦੀਆਂ ਪੁਰਾਣੀ ਪੰਜਾਬੀ ਭਾਸ਼ਾ ਨੂੰ ਹੁਣ ਤੱਕ ਬਣਦਾ ਰੁਤੱਬਾ ਹਾਸਲ ਨਹੀਂ ਹੋਇਆ ਹੈ। 16 ਨਵੰਬਰ 2021 ਵਿੱਚ ਪੰਜਾਬ ਦੇ ਸਿੱਖਿਆ ਅਤੇ ਭਾਸ਼ਾ ਮੰਤਰੀ ਪਰਗਟ ਸਿੰਘ ਨੇ ਆਪ ਮੰਨਿਆ ਹੈ ਕਿ ਪੰਜਾਬ ਵਿੱਚ ਜ਼ਿਲ੍ਹਾ ਭਾਸ਼ਾ ਅਫਸਰਾਂ ਦੀਆਂ 23 ਪੋਸਟਾਂ ਵਿੱਚੋਂ 21 ਖਾਲੀ ਪਈਆਂ ਹਨ ਜਿਸ ਤੋਂ ਤੁਸੀਂ ਪੰਜਾਬ ਵਿੱਚ ਪੰਜਾਬੀ ਨੂੰ ਵਿਕਸਿਤ ਕਰਨ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਅੰਦਾਜ਼ਾ ਲਗਾ ਸਕਦੇ ਹੋ। ਅਪਣੀ ਮਾਤ ਭਾਸ਼ਾ ਭਾਸ਼ਾ ਪੰਜਾਬੀ ਨੂੰ ਬਚਾਉਣ ਲਈ ਹਰ ਵਰਗ ਦੇ ਲੋਕਾਂ ਸਮਾਜਿਕ, ਰਾਜਨੀਤਿਕ, ਧਾਰਮਿਕ ਆਗੂਆਂ ਨੂੰ ਅੱਗੇ ਆਣਾ ਪਵੇਗਾ ਨਹੀ ਤਾਂ ਹੋਲੀ ਹੋਲੀ ਇਹ ਭਾਸ਼ਾ ਖਤਮ ਹੋ ਜਾਵੇਗੀ ਅਤੇ ਇਸ ਦਿਨ ਦੀ ਕੋਈ ਵਿਸ਼ੇਸ਼ ਮਹੱਤਤਾ ਨਹੀਂ ਰਹੇਗੀ।

# ਪੰਚਾਇਤ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਵਾਏਗੀ ਪੰਜਾਬ ਸਰਕਾਰ

ਚੰਡੀਗੜ੍ਹ- ਪੰਜਾਬ ਇੱਕ ਵਾਰ ਫਿਰ ਚੋਣਾਂ ਕਰਵਾਉਣ ਦੇ ਮੋੜ 'ਤੇ ਖੜ੍ਹਾ ਹੈ। ਸਾਰੇ ਜ਼ਿਲ੍ਹਿਆਂ ਦੇ ਏਡੀਸੀ ਵਿਕਾਸ ਨੂੰ 5 ਅਕਤੂਬਰ ਤੱਕ ਸੂਬੇ ਵਿੱਚ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਵਾਉਣ ਲਈ ਕਿਹਾ ਗਿਆ ਹੈ। ਕੱਲ੍ਹ ਹੀ, ਕੈਬਨਿਟ ਨੇ ਬਲਾਕਾਂ ਦੇ ਪੁਨਰਗਠਨ ਨੂੰ ਮਨਜ਼ੂਰੀ ਦੇ ਦਿੱਤੀ ਸੀ, ਜਿਸ ਕਾਰਨ ਇਹ ਚੋਣਾਂ ਰੋਕੀਆਂ ਗਈਆਂ ਸਨ। ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਇਸ ਸਬੰਧ ਵਿੱਚ ਸਾਰੇ ਏਡੀਸੀਜ਼ ਨੂੰ ਲਿਖਿਆ ਹੈ ਕਿ ਉਹ 5 ਅਕਤੂਬਰ ਤੱਕ ਚੋਣਾਂ ਦੀਆਂ ਤਿਆਰੀਆਂ ਕਰ ਲੈਣ। ਵਿਭਾਗ ਦੀ ਸਹਿਮਤੀ ਤੋਂ ਬਾਅਦ, ਹੁਣ ਪੰਜਾਬ ਰਾਜ ਚੋਣ ਕਮਿਸ਼ਨ ਚੋਣਾਂ ਦੀ ਮਿਤੀ ਦਾ ਫੈਸਲਾ ਕਰੇਗਾ। ਹਾਲਾਂਕਿ, ਇਸ ਤੋਂ ਪਹਿਲਾਂ ਇੱਕ ਲੰਬੀ ਪ੍ਰਕਿਰਿਆ ਹੈ ਕਿਉਂਕਿ ਬਲਾਕਾਂ ਦੇ ਪੁਨਰਗਠਨ ਤੋਂ ਬਾਅਦ, ਵਾਰਡ ਵੰਡ ਦਾ ਕੰਮ ਨਵੇਂ ਸਿਰੇ ਤੋਂ ਕਰਨਾ ਪੈਂਦਾ ਹੈ। ਵਿਭਾਗ ਦੇ ਵਿਸ਼ੇਸ਼ ਸਕੱਤਰ ਵੱਲੋਂ ਏਡੀਸੀ ਵਿਕਾਸ ਨੂੰ ਭੇਜੇ ਗਏ ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਹ ਬਲਾਕਾਂ ਦੇ ਪੁਨਰਗਠਨ ਸਬੰਧੀ ਭੇਜੇ ਗਏ ਪ੍ਰਸਤਾਵਾਂ ਅਨੁਸਾਰ ਹਲਕੇ ਬਣਾਉਣ। ਹਲਕੇ ਬਣਾਉਣ ਲਈ, ਸਾਰੇ ਹਿੱਸੇਦਾਰਾਂ ਨਾਲ ਤਾਲਮੇਲ ਮੀਟਿੰਗਾਂ ਕਰੋ ਅਤੇ ਹਲਕੇ ਤਿਆਰ ਕਰੋ। ਪ੍ਰੋਫਾਰਮਾ ਭਰਨ ਤੋਂ ਬਾਅਦ ਹਲਕੇ ਤਿਆਰ ਕਰਕੇ ਭੇਜੇ ਜਾਣੇ ਚਾਹੀਦੇ ਹਨ। ਇਹ ਸਾਰੇ ਪ੍ਰੋਫਾਰਮੇ 4 ਅਗਸਤ ਤੱਕ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਧਿਕਾਰੀਆਂ ਦੁਆਰਾ ਖੁਦ ਵਿਭਾਗ ਵਿੱਚ ਲਿਆਉਣ ਲਈ ਕਿਹਾ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਅਧੀਨ ਆਉਣ ਵਾਲੇ ਗ੍ਰਾਮ ਸਭਾਵਾਂ ਸਮੇਤ ਪਿੰਡਾਂ ਦੇ ਨਾਮ ਅਤੇ



ਹੱਦਬਸਤ ਨੰਬਰਾਂ ਦਾ ਖੁਲਾਸਾ ਕੀਤਾ ਜਾਵੇ। ਇੱਕ ਸਰਟੀਫਿਕੇਟ ਵੀ ਦਿੱਤਾ ਜਾਣਾ ਚਾਹੀਦਾ ਹੈ ਕਿ ਹਰੇਕ ਪੰਚਾਇਤ ਸੰਮਤੀ ਦੇ ਸਾਰੇ ਪਿੰਡ ਪ੍ਰਸਤਾਵਿਤ ਹਲਕੇ ਵਿੱਚ ਸ਼ਾਮਲ ਹਨ ਅਤੇ ਕੋਈ ਵੀ ਖੇਤਰ ਇਸ ਤੋਂ ਬਾਹਰ ਨਹੀਂ ਹੈ।

### ਤਹਿਸੀਲਾਂ 'ਚ ਰਜਿਸਟਰੀ ਕਲਰਕਾਂ ਨੂੰ ਵੀ ਹਟਾਉਣ ਦੇ ਹੁਕਮ ਜਾਰੀ

ਤਹਿਸੀਲਾਂ ਵਿੱਚ ਜ਼ਮੀਨ ਅਤੇ ਜਾਇਦਾਦ ਦੀ ਰਜਿਸਟਰੀ ਕਰਵਾਉਣ ਲਈ ਰਿਸ਼ਵਤ ਲੈਣ ਦੇ ਗੱਠਜੋੜ ਨੂੰ ਤੋੜਨ ਲਈ, ਮਾਲ ਵਿਭਾਗ ਨੇ ਹੁਣ ਰਜਿਸਟਰੀ ਕਲਰਕਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾਉਣ ਦੇ ਹੁਕਮ ਦਿੱਤੇ ਹਨ ਅਤੇ ਕਿਹਾ ਹੈ ਕਿ ਨਵੇਂ ਨਿਯੁਕਤ ਕਰਮਚਾਰੀਆਂ ਨੂੰ ਰਜਿਸਟਰਾਰ, ਸਬ ਰਜਿਸਟਰਾਰ ਆਦਿ ਦੇ ਨਾਲ ਰਜਿਸਟਰੀ ਕਰਨ ਲਈ ਨਿਯੁਕਤ ਕੀਤਾ ਜਾਵੇ। ਮਾਲ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਵਰਮਾ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਤਹਿਸੀਲਾਂ ਵਿੱਚ ਰਿਸ਼ਵਤਖੋਰੀ ਦੇ ਗੱਠਜੋੜ ਨੂੰ ਤੋੜਨਾ ਅਜੇ ਵੀ ਮੁਸ਼ਕਲ ਹੈ ਕਿਉਂਕਿ ਉਹੀ ਰਜਿਸਟਰੀ ਕਲਰਕ ਅਜੇ ਵੀ ਕੰਮ ਕਰ ਰਹੇ ਹਨ ਜੋ ਸਾਲਾਂ ਪਹਿਲਾਂ ਕੰਮ ਕਰਦੇ ਸਨ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਸਰਕਾਰ ਨੇ ਜ਼ਮੀਨ ਦੀ ਰਜਿਸਟ੍ਰੇਸ਼ਨ ਨੂੰ ਆਨਲਾਈਨ ਕਰਨ, ਤਹਿਸੀਲਦਾਰਾਂ ਤੋਂ ਰਜਿਸਟ੍ਰੇਸ਼ਨ ਦਾ ਕੰਮ ਵਾਪਸ ਲੈਣ ਵਰਗੇ ਕਦਮ ਚੁੱਕ ਕੇ ਇਸ ਗੱਠਜੋੜ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ, ਪਰ ਫਿਰ ਵੀ ਕਈ ਥਾਵਾਂ 'ਤੇ ਇਹ ਗੱਠਜੋੜ ਟੁੱਟ ਨਹੀਂ ਰਿਹਾ ਹੈ। ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਹੋਈ ਮੀਟਿੰਗ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਸਿਰਫ਼ ਦਸ ਤੋਂ ਪੰਦਰਾਂ ਪ੍ਰਤੀਸ਼ਤ ਰਜਿਸਟਰੀ ਕਲਰਕਾਂ ਨੇ ਹੀ ਰਜਿਸਟਰੀ ਕਲਰਕ ਟੈਸਟ ਪਾਸ ਕੀਤਾ ਹੈ। ਇਸ ਲਈ, ਜਦੋਂ ਵੀ ਉਨ੍ਹਾਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਉਨ੍ਹਾਂ ਨੂੰ ਦੁਬਾਰਾ ਉਹੀ ਅਹੁਦਿਆਂ 'ਤੇ ਨਿਯੁਕਤ ਕੀਤਾ ਜਾਂਦਾ ਹੈ। ਅਨੁਰਾਗ ਵਰਮਾ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਜੋ ਲੋਕ ਇਸ ਸਮੇਂ ਰਜਿਸਟਰੀ ਕਲਰਕਾਂ ਦੇ ਅਹੁਦਿਆਂ 'ਤੇ ਤਾਇਨਾਤ ਹਨ, ਉਨ੍ਹਾਂ ਨੂੰ ਰਜਿਸਟਰੀ ਕਲਰਕ ਦੇ ਅਹੁਦੇ ਤੋਂ ਹਟਾ ਕੇ ਰਿਪੋਰਟ ਕੀਤੀ ਜਾਵੇ। ਜਿਨ੍ਹਾਂ ਨੇ ਹੁਣੇ ਸੱਤ ਸਾਲ ਦੀ ਸੇਵਾ ਪੂਰੀ ਕੀਤੀ ਹੈ, ਉਨ੍ਹਾਂ ਨੂੰ ਰਜਿਸਟਰਾਰ ਅਤੇ ਸਬ ਰਜਿਸਟਰਾਰ ਨੂੰ ਰਜਿਸਟ੍ਰੇਸ਼ਨ ਦੇ ਕੰਮ ਵਿੱਚ ਸਹਾਇਤਾ ਲਈ ਤਾਇਨਾਤ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਸਾਰੇ ਨਵੇਂ ਕਰਮਚਾਰੀਆਂ ਨੂੰ ਛੇ ਮਹੀਨਿਆਂ ਦਾ ਸਮਾਂ ਦਿੱਤਾ ਗਿਆ ਹੈ ਤਾਂ ਜੋ ਉਹ ਇਸ ਸਮੇਂ ਦੇ ਅੰਦਰ ਰਜਿਸਟ੍ਰੇਸ਼ਨ ਕਲਰਕ ਦੀ ਪ੍ਰੀਖਿਆ ਪਾਸ ਕਰ ਸਕਣ। ਇਹ ਵੀ ਕਿਹਾ ਗਿਆ ਹੈ ਕਿ ਹੁਣ ਸਮਾਂ ਬਹੁਤ ਬਦਲ ਗਿਆ ਹੈ। ਰਜਿਸਟਰਾਰ ਕਲਰਕ ਦੇ ਕੰਮ ਵਿੱਚ ਬਹੁਤ ਬਦਲਾਅ ਆਇਆ ਹੈ। ਰਜਿਸਟਰਾਰ ਕਲਰਕ ਦੀ ਅਸਾਮੀ ਪ੍ਰਾਪਤ ਕਰਨ ਲਈ ਲਏ ਗਏ ਪੇਪਰ ਦਾ ਸਿਲੇਬਸ ਪੁਰਾਣਾ ਹੈ। ਇਸਨੂੰ ਵੀ ਬਦਲਿਆ ਜਾ ਰਿਹਾ ਹੈ।

Jai Mata Di

Jai Mata Di

# Hindu Temple & Community Center, Sunnyvale

(A Non Profit, Tax Exempt Religious Organization)

*Invites all devotees to*

# *Vishal Bhagwati Jagran*



Performed by

**Lakhbir Singh Lakha**

Devotional Singer from India

**Aug. 29, 2025**

**Friday from 7:30 PM**

450 Persian Drive
Sunnyvale, CA 94089

**Priti Bhoj Served 5:30 PM**



**For Sponsorship Information:**

**Balwant Birla**
(510) 750-8640

**Raj Bhanot**
(408) 687-1955

**Supporting Organizations:**

- Maa Durga Parivar
- Hindu Swayamsevak Sangh
- Dadi Pariwar USA
- Association of Indo-Americans

# ਬੀਤੇ ਸਮਿਆਂ ਦੀ ਗੱਲ ਬਣਿਆ ਪੰਜਾਬ ਦਾ ਅਮੀਰ ਵਿਰਸਾ

ਰਾਜਵਿੰਦਰ ਲਹਿਲ

ਜ਼ਮਾਨੇ 'ਚ ਖ਼ਾਸਾ ਬਦਲਾਅ ਆ ਗਿਆ ਹੈ। ਕਿੰਨਾ ਕੁਝ ਬਦਲ ਗਿਆ, ਕਿੰਨਾ ਬਦਲ ਰਿਹਾ ਹੈ ਤੇ ਪਤਾ ਨਹੀਂ ਹਾਲੇ ਹੋਰ ਕਿੰਨਾ ਕੁਝ ਬਦਲਦੇ ਦੇਖਣਾ ਬਾਕੀ ਹੈ। ਹਾਲਾਂਕਿ ਪੰਜਾਬੀਆਂ ਅਤੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਦੀ ਦੁਨੀਆ ਭਰ ਵਿਚ ਚੜ੍ਹਤ ਹੈ ਪਰ ਪਹਿਲਾਂ ਵਾਲੀ ਗੱਲ ਨਹੀਂ ਰਹੀ। ਉਹ ਸਵਾਦ ਨਹੀਂ ਜੋ ਇਸ ਇੰਤਹਾ ਤਰੱਕੀ ਤੋਂ ਪਹਿਲਾਂ ਹੁੰਦਾ ਸੀ। ਅੱਜ ਪੰਜਾਬੀ ਵਿਰਸੇ ਦੀ ਦੁਨੀਆ ਭਰ ਵਿਚ ਚੜ੍ਹਤ ਹੈ। ਦੂਜੀਆਂ ਸੱਭਿਅਤਾਵਾਂ ਤੇ ਨਸਲਾਂ ਦੇ ਲੋਕ ਵੀ ਪੰਜਾਬ ਦੇ ਵਿਰਸੇ ਤੇ ਸੱਭਿਆਚਾਰ ਨੂੰ ਪਸੰਦ ਕਰਦੇ ਹਨ। ਦੁਨੀਆ ਦੇ ਜਿਹੜੇ ਵੀ ਹਿੱਸੇ ਵਿਚ ਪੰਜਾਬੀ ਗਏ ਹਨ, ਆਪਣਾ ਸੱਭਿਆਚਾਰ ਤੇ ਵਿਰਸਾ ਨਾਲ ਲੈ ਕੇ ਗਏ ਹਨ। ਸੱਭਿਆਚਾਰ ਤੋਂ ਭਾਵ ਹੈ ਲੋਕਾਂ ਦੇ ਇਕ ਸਮੂਹ ਵੱਲੋਂ ਸਿਰਜੀ ਵਿਸ਼ੇਸ਼ ਜੀਵਨ-ਜਾਚ ਜਿਸ ਵਿਚ ਉਨ੍ਹਾਂ ਲੋਕਾਂ ਦਾ ਰਹਿਣ-ਸਹਿਣ, ਕਿੱਤੇ, ਰਸਮੋ-ਰਿਵਾਜ, ਰਿਸ਼ਤੇ-ਨਾਤੇ, ਪਹਿਰਾਵਾ, ਵਿਸ਼ਵਾਸ, ਕਦਰਾਂ-ਕੀਮਤਾਂ, ਮਨੋਰੰਜਨ ਦੇ ਸਾਧਨ, ਭਾਸ਼ਾ ਅਤੇ ਲੋਕ-ਸਾਹਿਤ ਆਦਿ ਸ਼ਾਮਲ ਹੁੰਦੇ ਹਨ।

ਹਰ ਕੌਮ ਜਾਂ ਜਨ-ਸਮੂਹ ਦਾ ਆਪਣਾ ਇਕ ਸੱਭਿਆਚਾਰ ਹੁੰਦਾ ਹੈ ਭਾਵੇਂ ਉਹ ਵਿਕਾਸ ਦੇ ਕਿਸੇ ਵੀ ਪੜਾਅ ਉੱਤੇ ਕਿਉਂ ਨਾ ਹੋਵੇ। ਪੰਜਾਬ ਦਾ ਸੱਭਿਆਚਾਰ ਇਸ ਪੱਖੋਂ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਪੰਜਾਬੀ ਗੀਤ-ਸੰਗੀਤ ਅਤੇ ਖਾਣ-ਪੀਣ ਨੇ ਤਾਂ ਦੁਨੀਆ ਭਰ ਵਿਚ ਵਿਸ਼ੇਸ਼ ਥਾਂ ਬਣਾਈ ਹੈ। ਪਰ ਸਾਡੇ ਕਈ ਰਸਮੋ-ਰਿਵਾਜਾਂ ਅਤੇ ਹੋਰ ਸੱਭਿਆਚਾਰਕ ਕਿਰਿਆਵਾਂ ਵਿਚ ਗੰਧਲਾਪਣ ਆ ਗਿਆ ਹੈ। ਕੋਈ ਟਾਈਮ ਹੁੰਦਾ ਸੀ ਜਦੋਂ ਪਿੰਡ ਵਿਚ ਕਿਸੇ ਦੇ ਘਰ ਵਿਆਹ ਹੋਣਾ ਤਾਂ ਸਾਰਾ ਪਿੰਡ ਵਿਆਹ ਵਾਲੇ ਪਰਿਵਾਰ ਨਾਲ ਵਿਆਹ ਦੇ ਕੰਮ ਵਿਚ ਰੁੱਝਿਆ ਰਹਿੰਦਾ ਸੀ। ਸਾਰੇ ਪਿੰਡ ਵਿਚ ਮੇਲੇ ਵਰਗਾ ਮਾਹੌਲ ਹੁੰਦਾ ਸੀ।



ਆਲੇ-ਦੁਆਲੇ ਦੇ ਦਸ ਪਿੰਡਾਂ ਨੂੰ ਪਤਾ ਲੱਗ ਜਾਂਦਾ ਸੀ ਕਿ ਫਲਾਂ ਪਿੰਡ ਵਿਚ ਕੋਈ ਵਿਆਹ ਹੋ ਰਿਹਾ ਹੈ। ਮੌਜੂਦਾ ਸਮੇਂ ਨੱਠ-ਭੱਜ ਅਤੇ ਤੇਜ਼ੀ ਦੇ ਮਾਹੌਲ ਵਿਚ ਆਲਮ ਇਹ ਹੈ ਕਿ ਹੁਣ ਜਦੋਂ ਕਿਸੇ ਦੇ ਵਿਆਹ ਹੁੰਦਾ ਹੈ ਤਾਂ ਨਾਲ ਦੇ ਘਰ ਵਾਲੇ ਨੂੰ ਵੀ ਪਤਾ ਨਹੀਂ ਹੁੰਦਾ ਕਿ ਗੁਆਂਢ ਵਿਚ ਵਿਆਹ ਹੈ। ਵਿਆਹ ਵੀ ਕੁਝ ਘੰਟਿਆਂ ਵਿਚ ਹੀ ਸਿਮਟ ਕੇ ਰਹਿ ਗਏ ਹਨ।

ਬਹੁਤੇ ਲੋਕ ਵਿਆਹਾਂ ਉੱਤੇ ਸਿਰਫ਼ ਟਾਈਮ ਪਾਸ ਹੀ ਕਰਨ ਜਾਂਦੇ ਹਨ। ਉਸ ਤੋਂ ਵੀ ਅੱਗੇ, ਹੁਣ ਤਾਂ ਵਿਆਹਾਂ ਵਿਚ ਇਕ ਸਮੂਹ ਅਜਿਹਾ ਵੀ ਮਿਲ ਜਾਂਦਾ ਹੈ ਜਿਹੜਾ ਇਕ ਪਾਸੇ ਸਾਈਡ 'ਤੇ ਬੈਠ ਕੇ ਮੋਬਾਈਲ ਚਲਾਉਂਦਾ ਰਹਿੰਦਾ ਹੈ। ਰਿਸ਼ਤੇਦਾਰਾਂ ਨੂੰ ਨਾ ਕੋਈ ਸਤਿ ਸ੍ਰੀ ਅਕਾਲ, ਨਾ ਕੋਈ ਪਿਆਰ। ਮੇਰੇ ਉਹ ਦਿਨ ਵੀ ਯਾਦ ਹਨ ਜਦੋਂ ਬਾਪੂ ਜਾਂ ਦਾਦੇ ਆਪਣੇ ਬੱਚਿਆਂ ਨੂੰ ਮੋਢੇ 'ਤੇ ਬਿਠਾ ਕੇ ਮੇਲਾ ਦਿਖਾਉਣ ਜਾਂਦੇ ਹੁੰਦੇ ਸਨ। ਬੱਚੇ ਸਿਹਤਮੰਦ ਖੁਰਾਕਾਂ ਖਾਂਦੇ ਹੁੰਦੇ ਸਨ ਤੇ ਇਕ ਅੱਜ ਦਾ ਸਮਾਂ ਹੈ ਜਦੋਂ ਔਲਾਦਾਂ ਨਸ਼ਿਆਂ ਵਿਚ ਗਰਕੀਆਂ ਪਈਆਂ ਹਨ। ਪਹਿਲਾਂ ਦਾਦੀਆਂ ਰਾਤ ਨੂੰ ਸੌਣ ਸਮੇਂ ਬੱਚਿਆਂ ਨੂੰ ਬਾਤਾਂ ਸੁਣਾਇਆ ਕਰਦੀਆਂ ਸਨ ਤੇ ਹੁਣ ਦੀ ਨੌਜਵਾਨੀ ਨੇ ਬਾਤਾਂ ਤਾਂ ਕੀ ਸੁਣਨੀਆਂ ਨੇ, ਉਨ੍ਹਾਂ ਕੋਲ ਦੋ ਮਿੰਟ ਲਈ ਮਾਪਿਆਂ ਦੀ ਗੱਲ ਸੁਣਨ ਦਾ ਸਮਾਂ ਵੀ ਨਹੀਂ ਹੈ। ਹਾਂ, ਮੋਬਾਈਲ ਦੇਖਣ ਤੇ ਸੁਣਨ ਦਾ ਵਾਧੂ ਸਮਾਂ ਹੈ। ਹੋਰ ਹੀ ਤਰ੍ਹਾਂ ਦਾ ਸਮਾਂ ਚੱਲ ਰਿਹਾ ਹੈ!

ਪਹਿਲਾਂ ਬੱਚੇ ਬਾਂਟੇ ਖੇਡਦੇ, ਕਸਰਤਾਂ ਕਰਦੇ ਅਤੇ ਪਿੱਠੂ ਵਰਗੀਆਂ ਜ਼ੋਰਦਾਰ ਖੇਡਾਂ ਖੇਡਦੇ ਪਰ ਅੱਜ ਦੇ ਬੱਚਿਆਂ ਨੂੰ ਵੀਡੀਓ ਗੇਮਾਂ ਤੋਂ ਹੀ ਵਿਹਲ ਨਹੀਂ। ਇਕ ਹੋਰ ਵੱਡਾ ਮਸਲਾ ਆਦਰ-ਮਾਣ ਅਤੇ ਸਤਿਕਾਰ ਦਾ ਹੈ। ਬਹੁਤੇ ਮਾਪੇ ਇਸ ਗੱਲੋਂ ਪਰੇਸ਼ਾਨ ਨਜ਼ਰ ਆਉਂਦੇ ਹਨ ਕਿ ਉਨ੍ਹਾਂ ਦੇ ਬੱਚੇ ਆਪਣੇ ਮਾਂ ਬਾਪ ਤੇ ਬਜ਼ੁਰਗਾਂ ਦਾ ਸਤਿਕਾਰ ਹੀ ਨਹੀਂ ਕਰਦੇ। ਬਹੁਤੇ ਬੱਚੇ ਆਪਣੇ ਮਾਪਿਆਂ ਸਾਹਮਣੇ ਹੀ ਮੋਬਾਈਲ 'ਤੇ ਵਲੋਗਿੰਗ ਕਰਨ ਵਿਚ ਰੁੱਝੇ ਰਹਿੰਦੇ ਹਨ। ਉਨ੍ਹਾਂ ਤੋਂ ਪਾਣੀ ਦਾ ਇਕ ਗਲਾਸ ਮੰਗ ਕੇ ਦੇਖ ਲਓ, ਅੱਗੋਂ ਭੱਜ-ਭੱਜ ਪੈਂਦੇ ਨੇ।

ਤਕਨੀਕੀ ਯੁੱਗ ਨੇ ਜਿੱਥੇ ਬੱਚਿਆਂ ਤੇ ਨੌਜਵਾਨਾਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਤੋਂ ਦੂਰ ਕੀਤਾ ਹੈ, ਉੱਥੇ ਹੀ ਬੱਚਿਆਂ ਨੂੰ ਆਪਣੇ ਮਾਪਿਆਂ ਤੋਂ ਵੀ ਦੂਰ ਕੀਤਾ ਹੈ। ਜ਼ਮਾਨਾ ਕੀ ਬਦਲਿਆ, ਰਿਸ਼ਤੇ-ਨਾਤੇ ਹੀ ਬਦਲ ਗਏ। ਜਿਵੇਂ-ਜਿਵੇਂ ਸਮਾਂ ਬਦਲਦਾ ਜਾ ਰਿਹਾ ਹੈ, ਉਸ ਦੇ ਪ੍ਰਭਾਵ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਵੀ ਵੇਖਣ ਨੂੰ ਮਿਲ ਰਹੇ ਹਨ। ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਸਾਡੇ ਗੀਤ-ਸੰਗੀਤ ਤੇ ਵਿਰਸੇ ਨੇ ਤਾਂ ਦੁਨੀਆ ਭਰ ਵਿਚ ਥਾਂ ਬਣਾ ਲਈ ਹੈ ਪਰ ਲੋਕ ਸਾਰੰਗੀਆਂ, ਅਲਗੋਜ਼ੇ, ਅਖਾੜੇ, ਝੂਮਰ, ਸੰਮੀ, ਫੁਲਕਾਰੀਆਂ, ਚਰਖੇ, ਲੋਕ ਗੀਤਾਂ, ਪੰਜਾਬੀ ਪਹਿਰਾਵੇ, ਅਸਲ ਖਾਣ-ਪੀਣ ਆਦਿ ਨਾਲੋਂ ਟੁੱਟਦੇ ਜਾ ਰਹੇ ਹਨ।

ਪਹਿਲਾਂ ਕੁੜੀਆਂ ਨੂੰ ਤ੍ਰਿੰਝਣਾਂ ਵਿਚ ਕਸੀਦੇ ਕੱਢਣ, ਗਿੱਧੇ 'ਚ ਬੋਲੀਆਂ ਪਾਉਣ ਅਤੇ ਪੀਂਘਾਂ ਝੂਟਣ ਦਾ ਬਹੁਤ ਸ਼ੌਕ ਹੁੰਦਾ ਸੀ ਪਰ ਸਮੇਂ ਦੇ ਨਾਲ-ਨਾਲ ਅਤੇ ਮੁੰਡਿਆਂ ਨਾਲ ਬਰਾਬਰ ਮੁਕਾਬਲੇਬਾਜ਼ੀ ਕਾਰਨ ਕੁੜੀਆਂ ਨੇ ਇਨ੍ਹਾਂ ਚੀਜ਼ਾਂ ਨੂੰ ਵਿਸਾਰਨਾ ਸ਼ੁਰੂ ਕਰ ਦਿੱਤਾ ਹੈ। ਬਹੁਤੀਆਂ ਕੁੜੀਆਂ (ਨਿਰੋਲ ਪਿੰਡਾਂ ਵਾਲੀਆਂ ਵੀ) ਅੱਜ-ਕੱਲ੍ਹ ਵਧੇਰੇ ਸਮਾਂ ਜਿਮ, ਕਲੱਬਾਂ ਤੇ ਕਿੱਟੀ ਪਾਰਟੀਆਂ ਵਿਚ ਬਿਤਾਉਂਦੀਆਂ ਹਨ। ਇਸ ਵਿਚ ਕੁਝ ਮਾੜਾ ਨਹੀਂ ਪਰ ਕੁਝ ਸੁਧਾਰ ਦੀ ਗੁੰਜਾਇਸ਼ ਜ਼ਰੂਰ ਹੈ। ਅੱਜ ਦੇ ਸਮੇਂ ਜ਼ਿਆਦਾ ਮਾਪੇ ਨੌਕਰੀਆਂ ਜਾਂ ਕੰਮਕਾਰਾਂ ਵਿਚ ਰੁੱਝੇ ਹੋਣ ਕਰ ਕੇ ਆਪਣੇ ਬੱਚਿਆਂ ਨੂੰ ਪੂਰੀ ਖੁੱਲ੍ਹ ਅਤੇ ਸੁਤੰਤਰਤਾ ਦਿੰਦੇ ਹਨ ਜਿਸ ਦਾ ਕਈ ਵਾਰ ਬੱਚੇ ਗਲਤ ਲਾਹਾ ਲੈ ਜਾਂਦੇ ਹਨ।

ਆਧੁਨਿਕਤਾ ਦੇ ਇਸ ਦੌਰ ਵਿਚ ਹੌਲੀ-ਹੌਲੀ ਪੰਜਾਬੀ ਵੀ ਵਿਦੇਸ਼ੀ ਸੱਭਿਆਚਾਰ ਅਨੁਸਾਰ ਆਪਣੇ-ਆਪ ਨੂੰ ਢਾਲ ਰਹੇ ਹਨ। ਅੱਜ-ਕੱਲ੍ਹ ਔਰਤਾਂ ਦੇ ਸਿਰੋਂ ਚੁੰਨੀ ਗੁਆਚਦੀ ਜਾ ਰਹੀ ਹੈ। ਮੁੰਡੇ-ਕੁੜੀਆਂ ਸਿਹਤ ਦੀ ਪਰਵਾਹ ਕੀਤੇ ਬਿਨਾਂ ਜੰਕ ਫੂਡ ਵੱਲ ਆਕਰਸ਼ਿਤ ਹੋ ਰਹੇ ਹਨ ਤੇ ਰਵਾਇਤੀ ਖਾਣਿਆਂ ਤੋਂ ਦੂਰ ਹੁੰਦੇ ਜਾ ਰਹੇ ਹਨ।

ਹੁਣ ਸਾਗ ਕੱਟਣ ਵਾਲੀ ਦਾਤ, ਤੰਦੂਰ ਤੇ ਚੁੱਲ੍ਹਿਆਂ ਨੂੰ ਲੋਕ ਭੁੱਲਦੇ ਜਾ ਰਹੇ ਹਨ। ਘਰ-ਘਰ ਵਿਚ ਮਾਈਕ੍ਰੋਵੇਵ, ਆਟੇ ਗੁੰਨ੍ਹਣ ਵਾਲੀਆਂ ਮਸ਼ੀਨਾਂ ਤੇ ਭਾਂਡੇ ਧੋਣ ਵਾਲੀਆਂ ਮਸ਼ੀਨਾਂ ਆ ਗਈਆਂ ਹਨ।

ਸੱਚੀਓਂ, ਹੋਰ ਹੀ ਜ਼ਮਾਨਾ ਆ ਗਿਆ ਹੈ। ਇਕ ਹੋਰ ਮਸਲਾ ਹੈ। ਪੰਜਾਬੀ ਮਾਂ-ਬੋਲੀ ਵਿਚ ਵਿਗਾੜ ਆਉਣ ਦੇ ਨਾਲ-ਨਾਲ ਸਾਡੇ ਰਹਿਣ-ਸਹਿਣ, ਪਹਿਰਾਵੇ ਅਤੇ ਖੇਡਾਂ ਵਿਚ ਵੀ ਬਦਲਾਅ ਆ ਗਿਆ ਹੈ। ਹੁਣ ਦੇ ਬੱਚੇ ਚੋਪੜ, ਕੋਟਲਾ ਛਪਾਕੀ, ਗੁੱਲੀ ਡੰਡਾ ਵਰਗੀਆਂ ਖੇਡਾਂ ਨਹੀਂ ਖੇਡਦੇ। ਨਾ ਹੀ ਨੌਜਵਾਨ ਕਬੱਡੀ, ਗੱਤਕੇ ਅਤੇ ਕੁਸ਼ਤੀਆਂ ਕਰਦੇ ਹਨ। ਸਵਖਤੇ ਕੋਈ-ਕੋਈ ਬੱਚਾ ਹੀ ਉੱਠਦਾ ਹੈ। ਮੈਦਾਨਾਂ ਦੀ ਥਾਂ ਟੀਵੀ ਗੇਮਾਂ ਨੇ ਲੈ ਲਈ ਹੈ। ਇਹੀ ਕਾਰਨ ਹੈ ਕਿ ਛੋਟੇ-ਛੋਟੇ ਬੱਚੇ ਵੀ ਗੰਭੀਰ ਬਿਮਾਰੀਆਂ ਦੀ ਲਪੇਟ ਵਿਚ ਆ ਰਹੇ ਹਨ।

ਰਵਾਇਤੀ ਤੇ ਆਰਾਮਦਾਇਕ ਪਹਿਰਾਵੇ ਦੀ ਥਾਂ ਊਲ-ਜਲੂਲ ਜਿਹੇ ਵਸਤਰ ਅੱਜ ਦਾ ਫੈਸ਼ਨ ਹਨ। ਲੋਕ-ਦਿਖਾਵਾ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ ਜਦਕਿ ਆਪਸੀ ਪਿਆਰ, ਮੋਹ ਮੁਹੱਬਤ ਤੇ ਅਪਣੱਤ ਨਿਘਾਰ ਵੱਲ ਜਾ ਰਹੇ ਹਨ। ਸਾਂਝੇ ਪਰਿਵਾਰ ਟੁੱਟ ਰਹੇ ਹਨ। ਇਕੱਲਿਆਂ ਰਹਿਣਾ ਅੱਜ-ਕੱਲ੍ਹ ਫੈਸ਼ਨ ਬਣ ਗਿਆ ਹੈ।

ਲੋਕ ਪਰਿਵਾਰ ਵਿਚ ਬਜ਼ੁਰਗਾਂ ਦੀ ਗੱਲ ਨੂੰ ਸਹਾਰਦੇ ਨਹੀਂ। ਬਜ਼ੁਰਗਾਂ ਨੂੰ ਪਹਿਲਾਂ ਵਰਗਾ ਸਤਿਕਾਰ ਨਹੀਂ ਦਿੱਤਾ ਜਾਂਦਾ। ਸਹਿਣਸ਼ੀਲਤਾ ਦੀ ਘਾਟ ਕਾਰਨ ਸਮਾਜ ਵਿਚ ਦਿਨ-ਬ-ਦਿਨ ਅਣਸੁਖਾਵੀਆਂ ਘਟਨਾਵਾਂ ਵਾਪਰ ਰਹੀਆਂ ਹਨ। ਅੱਜ ਲੋੜ ਹੈ ਸੰਭਲਣ ਦੀ। ਜੇ ਇਸੇ ਤਰ੍ਹਾਂ ਅਸੀਂ ਆਪਣਾ ਮੂਲ ਭੁੱਲਦੇ ਰਹੇ ਤਾਂ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਜਾਵਾਂਗੇ।

# ਭਾਰਤ-ਚੀਨ ਸਬੰਧਾਂ 'ਚ ਚੁਣੌਤੀਆਂ ਹੀ ਚੁਣੌਤੀਆਂ

(ਸਫ਼ਾ 2 ਦੀ ਬਾਕੀ)

ਕਿ ਉਹ ਚੀਨ ਦੀਆਂ ਸ਼ਰਤਾਂ ਸਾਹਮਣੇ ਝੁਕਦਾ ਹੋਇਆ ਨਜ਼ਰ ਆਵੇ।

ਉਹ ਸਿਰਫ਼ ਅਮਰੀਕਾ ਤੱਕ ਸੀਮਤ ਨਹੀਂ ਹੈ। ਭਾਰਤ ਇਹ ਵੀ ਨੇੜਿਓਂ ਵੇਖ ਰਿਹਾ ਹੈ ਕਿ ਉਸ ਦਾ ਲੰਬੇ ਸਮੇਂ ਤੋਂ ਸਹਿਯੋਗੀ ਅਤੇ ਵੱਡਾ ਹਥਿਆਰ ਸਪਲਾਈ ਕਰਤਾ ਰੂਸ ਯੂਕਰੇਨ ਜੰਗ ਕਾਰਨ ਚੀਨ ਵੱਲ ਕਿਸ ਤਰ੍ਹਾਂ ਝੁਕ ਰਿਹਾ ਹੈ। ਯੂਕਰੇਨ 'ਤੇ ਰੂਸ ਦੇ ਹਮਲੇ ਦੇ ਜਵਾਬ ਵਿਚ ਲੱਗੇ ਪੱਛਮੀ ਵਿਰੋਧੀਆਂ ਦੇ ਚੱਲਦਿਆਂ ਰੂਸ ਹੁਣ ਊਰਜਾ ਬਰਾਮਦ ਲਈ ਚੀਨ 'ਤੇ ਜ਼ਿਆਦਾ ਨਿਰਭਰ ਹੋ ਗਿਆ ਹੈ।

ਰੂਸ ਨੂੰ ਮਹੱਤਵਪੂਰਨ ਦਰਾਮਦ ਅਤੇ ਨਿਵੇਸ਼ ਲਈ ਚੀਨ 'ਤੇ ਨਿਰਭਰ ਰਹਿਣਾ ਪੈ ਰਿਹਾ ਹੈ। ਇਹੋ ਗੱਲ ਹੈ ਕਿ ਚੀਨ ਨਾਲ ਕਿਸੇ ਵੀ ਭਵਿੱਖੀ ਟਕਰਾਅ ਦੀ ਸਥਿਤੀ ਵਿਚ ਭਾਰਤ ਨੂੰ ਰੂਸ ਦੀ ਭੂਮਿਕਾ ਬਾਰੇ ਸ਼ੰਕਾ ਹੋ ਰਹੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨਾਲ ਪਾਈ ਜੱਫੀ ਤੋਂ ਰੂਸ ਨਾਰਾਜ਼ ਚੱਲ ਰਿਹਾ ਹੈ। ਉਹ ਭਾਰਤ-ਪਾਕਿ ਟਕਰਾਅ ਦੌਰਾਨ ਹੋਰ ਕਈ ਦੇਸ਼ਾਂ ਵਾਂਗ 'ਚੁੱਪ' ਰਿਹਾ ਸੀ।

ਮਾਹਿਰਾਂ ਦਾ ਕਹਿਣਾ ਹੈ ਕਿ ਤੇਜ਼ੀ ਨਾਲ ਬਦਲਦੇ ਦੁਨੀਆ ਦੇ ਸਮੀਕਰਨਾਂ ਨੇ ਵੀ ਭਾਰਤ ਨੂੰ ਚੀਨ ਨਾਲ ਗੱਲਬਾਤ ਕਰਨ ਲਈ ਮਜਬੂਰ ਕੀਤਾ ਹੈ। ਇਸ ਵਿਚ ਟਰੰਪ ਦਾ ਦੂਸਰੀ ਵਾਰ ਰਾਸ਼ਟਰਪਤੀ ਬਣਨਾ ਅਹਿਮ ਤੱਥ ਹੈ। ਨਿਊਯਾਰਕ 'ਚ ਸਥਿਤ ਯੂਨੀਵਰਸਿਟੀ ਆਫ ਆਲਬਨੀ ਦੇ ਪ੍ਰੋਫੈਸਰ ਕ੍ਰਿਸਟੋਫਰ ਕਲੈਰੀ ਨੇ ਦੱਸਿਆ ਕਿ ਭਾਰਤ ਨੂੰ ਲੱਗਿਆ ਸੀ ਕਿ ਉਹ ਅਮਰੀਕਾ ਦਾ ਰਣਨੀਤਕ ਭਾਈਵਾਲ ਬਣੇਗਾ ਪਰ ਅਮਰੀਕਾ ਤੋਂ ਉਸ ਨੂੰ ਉਹੋ ਜਿਹੀ ਹਮਾਇਤ ਨਹੀਂ ਮਿਲੀ ਜਿਸ ਤਰ੍ਹਾਂ ਦੀ ਉਸ ਨੂੰ ਉਮੀਦ ਸੀ। ਹਾਲ ਹੀ ਵਿਚ 'ਚ ਪਾਕਿ ਨਾਲ ਸਰਹੱਦ 'ਤੇ ਵਧਦੇ ਟਕਰਾਅ ਦੌਰਾਨ ਭਾਰਤ ਨੇ ਚੀਨ ਅਤੇ ਪਾਕਿਸਤਾਨ ਵਿਚਾਲੇ ਵਧਦੇ ਫ਼ੌਜੀ ਸਹਿਯੋਗ ਨੂੰ ਵੀ ਵੇਖਿਆ।

ਪਿਛਲੇ ਸਾਲ ਦੇ ਅੰਤ ਵਿਚ ਲੱਦਾਖ ਦੇ ਮੁੱਖ ਤਣਾਅ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਾਲੇ ਸਹਿਮਤੀ ਬਣੀ ਸੀ। ਇਹ ਵੀ ਤੈਅ ਕੀਤਾ ਗਿਆ ਕਿ 2020 ਦੀ ਝੜਪ ਤੋਂ ਬਾਅਦ ਸਿੱਧੀਆਂ ਉਡਾਣਾਂ ਤੇ ਵੀਜ਼ਿਆਂ 'ਤੇ ਜਿਹੜੀਆਂ ਪਾਬੰਦੀਆਂ ਲਗਾਈਆਂ ਸਨ, ਉਨ੍ਹਾਂ ਨੂੰ ਮੁੜ ਤੋਂ ਆਮ ਵਰਗਾ ਕੀਤਾ ਜਾਵੇਗਾ।

ਸਦਭਾਵਨਾ ਦਾ ਸਬੂਤ ਦਿੰਦਿਆਂ ਚੀਨ ਨੇ ਭਾਰਤੀ ਤੀਰਥ ਯਾਤਰੀਆਂ ਨੂੰ 6 ਸਾਲ ਮਗਰੋਂ ਕੈਲਾਸ਼ ਮਾਨਸਰੋਵਰ ਦੀ ਯਾਤਰਾ ਦੀ ਆਗਿਆ ਦੇ ਦਿੱਤੀ ਹੈ। ਓਧਰ ਜਾਪਾਨ ਨੇ ਚੀਨ ਦੀਆਂ ਫ਼ੌਜੀ ਗਤੀਵਿਧੀਆਂ ਨੂੰ ਸਭ ਤੋਂ ਵੱਡੀ ਰਣਨੀਤਕ ਚੁਣੌਤੀ ਦੱਸਿਆ ਸੀ। ਭਾਰਤ ਚੀਨ ਦੇ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਦੋਵਾਂ ਦੇਸ਼ਾਂ ਵਿਚਾਲੇ ਸੰਵਾਦ ਬਹੁਤ ਜ਼ਰੂਰੀ ਹੈ। ਇਨ੍ਹਾਂ ਵਾਰਤਾਵਾਂ ਸਦਕਾ ਕਿਸੇ ਹੱਦ ਤੱਕ ਦਰਪੇਸ਼ ਚੁਣੌਤੀਆਂ ਘਟਾਈਆਂ ਜਾ ਸਕਣਗੀਆਂ।

# ਤੰਦਰੁਸਤੀ ਲਈ ਕਿੰਨੀ ਕੁ ਸੈਰ ਕਰਨ ਦੀ ਲੋੜ ਨਹੀਂ

ਦਿਨ ਵਿੱਚ ਸੱਤ ਹਜ਼ਾਰ ਕਦਮ ਤੁਰਨਾ ਦਿਮਾਗ ਨੂੰ ਸਿਹਤਮੰਦ ਰੱਖਣ ਅਤੇ ਸਰੀਰ ਨੂੰ ਕਈ ਬਿਮਾਰੀਆਂ ਤੋਂ ਬਚਾਉਣ ਲਈ ਕਾਫ਼ੀ ਹੋ ਸਕਦਾ ਹੈ। ਇੱਕ ਤਾਜ਼ਾ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ। ਖੋਜ ਦੇ ਅਨੁਸਾਰ, ਸੱਤ ਹਜ਼ਾਰ ਕਦਮਾਂ ਦਾ ਟੀਚਾ ਅਕਸਰ ਦੱਸੇ ਜਾਣ ਵਾਲੇ ਦਸ ਹਜ਼ਾਰ ਕਦਮਾਂ ਨਾਲੋਂ ਸੌਖਾ ਅਤੇ ਹਕੀਕਤ ਦੇ ਨੇੜੇ ਹੈ। ਲੈਂਸੇਟ ਪਬਲਿਕ ਹੈਲਥ ਵਿੱਚ ਪ੍ਰਕਾਸ਼ਿਤ ਇਸ ਖੋਜ ਵਿੱਚ ਪਾਇਆ ਗਿਆ ਹੈ ਕਿ ਰੋਜ਼ਾਨਾ ਸੱਤ ਹਜ਼ਾਰ ਕਦਮ ਤੁਰਨ ਨਾਲ ਕੈਂਸਰ, ਡਿਮੈਂਸ਼ੀਆ ਅਤੇ ਦਿਲ ਨਾਲ ਸਬੰਧਤ ਗੰਭੀਰ ਬਿਮਾਰੀਆਂ ਦਾ ਖ਼ਤਰਾ ਘਟ ਜਾਂਦਾ ਹੈ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਇਹ ਨਤੀਜੇ ਲੋਕਾਂ ਨੂੰ ਰੋਜ਼ਾਨਾ ਆਪਣੇ ਕਦਮ ਗਿਣਨ ਅਤੇ ਆਪਣੀ ਸਿਹਤ ਵਿੱਚ ਸੁਧਾਰ ਕਰਨ ਲਈ ਪ੍ਰੇਰਿਤ ਕਰ ਸਕਦੇ ਹਨ।

**ਦਸ ਹਜ਼ਾਰ ਕਦਮ ਚੱਲਣ ਦੀ ਥਿਊਰੀ ਕਿੱਥੋਂ ਆਈ?**

ਇਸ ਅਧਿਐਨ ਦੀ ਅਗਵਾਈ ਕਰਨ ਵਾਲੇ ਡਾਕਟਰ ਮੇਲੋਡੀ ਡਿੰਗ ਕਹਿੰਦੇ ਹਨ ਕਿ "ਸਾਡੇ ਮਨ 'ਚ ਇਹ ਧਾਰਨਾ ਹੈ ਕਿ ਹਰ ਰੋਜ਼ 10,000 ਕਦਮ ਤੁਰਨਾ ਜ਼ਰੂਰੀ ਹੈ। ਪਰ ਇਸਦਾ ਕੋਈ ਵਿਗਿਆਨਕ ਸਬੂਤ ਨਹੀਂ ਹੈ।"

10,000 ਕਦਮ ਲਗਭਗ ਅੱਠ ਕਿਲੋਮੀਟਰ ਦੇ ਬਰਾਬਰ ਹੁੰਦੇ ਹਨ। ਇਹ ਦੂਰੀ ਹਰੇਕ ਵਿਅਕਤੀ ਲਈ ਵੱਖਰੀ ਹੋ ਸਕਦੀ ਹੈ। ਇਹ ਕਦਮ ਦੀ ਲੰਬਾਈ 'ਤੇ



ਨਿਰਭਰ ਕਰਦੀ ਹੈ, ਜੋ ਕਿ ਵਿਅਕਤੀ ਦੇ ਕੱਦ, ਲਿੰਗ ਅਤੇ ਤੁਰਨ ਦੀ ਗਤੀ ਦੇ ਨਾਲ ਬਦਲਦੀ ਹੈ। ਤੇਜ਼ ਤੁਰਨ ਵਾਲੇ ਆਮ ਤੌਰ 'ਤੇ ਲੰਬੇ ਕਦਮ ਰੱਖਦੇ ਹਨ।

10 ਹਜ਼ਾਰ ਕਦਮਾਂ ਦਾ ਅੰਕੜਾ 1960 ਦੇ ਦਹਾਕੇ ਵਿੱਚ ਜਾਪਾਨ ਵਿੱਚ ਇੱਕ ਮਾਰਕੀਟਿੰਗ ਮੁਹਿੰਮ ਤੋਂ ਆਇਆ ਸੀ। 1964 ਦੇ ਟੋਕੀਓ ਓਲੰਪਿਕ ਤੋਂ ਪਹਿਲਾਂ ਇੱਕ ਪੈਡੋਮੀਟਰ ਲਾਂਚ ਕੀਤਾ ਗਿਆ ਸੀ - 'ਮੈਨਪੋ-ਕੇ', ਜਿਸਦਾ ਅਰਥ ਹੁੰਦਾ ਹੈ - 10,000 ਕਦਮ। ਡਾਕਟਰ ਡਿੰਗ ਕਹਿੰਦੇ ਹਨ ਕਿ ਇਹ ਅੰਕੜਾ 'ਸੰਦਰਭ ਤੋਂ ਹਟਾ ਕੇ' ਇੱਕ ਗੈਰ-ਰਸਮੀ ਦਿਸ਼ਾ-ਨਿਰਦੇਸ਼ ਬਣ ਗਿਆ, ਜਿਸ ਦਾ ਸੁਝਾਅ ਅੱਜ ਵੀ ਬਹੁਤ ਸਾਰੇ ਫਿਟਨੈਸ ਟਰੈਕਰ ਅਤੇ ਐਪਸ ਦਿੰਦੇ ਹਨ। ਲੈਂਸੇਟ ਵਿੱਚ ਪ੍ਰਕਾਸ਼ਿਤ ਇਸ ਖੋਜ 'ਚ ਦੁਨੀਆਂ ਭਰ ਦੇ 1।6 ਲੱਖ ਤੋਂ ਵੱਧ ਲੋਕਾਂ ਦੀ ਸਿਹਤ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ। ਜੋ ਲੋਕ ਰੋਜ਼ਾਨਾ 2,000 ਕਦਮ ਤੁਰਦੇ ਸਨ, ਉਨ੍ਹਾਂ ਦੀ ਤੁਲਨਾ ਵਿੱਚ 7000 ਕਦਮ ਤੁਰਨ ਵਾਲਿਆਂ ਵਿੱਚ ਇਨ੍ਹਾਂ ਬਿਮਾਰੀਆਂ ਦਾ ਘੱਟ ਖ਼ਤਰਾ ਪਾਇਆ ਗਿਆ:

ਦਿਲ ਸਬੰਧਿਤ ਬਿਮਾਰੀਆਂ: 25 ਫੀਸਦੀ ਘੱਟ
ਕੈਂਸਰ: 6 ਫੀਸਦੀ ਘੱਟ
ਡਿਮੈਂਸ਼ੀਆ: 38 ਫੀਸਦੀ ਘੱਟ
ਡਿਪਰੈਸ਼ਨ: 22 ਫੀਸਦੀ ਘੱਟ

ਹਾਲਾਂਕਿ, ਖੋਜਕਰਤਾਵਾਂ ਦਾ ਕਹਿਣਾ ਹੈ ਕਿ ਕੁਝ ਅੰਕੜੇ ਘੱਟ ਸਟੀਕ ਹੋ ਸਕਦੇ ਹਨ, ਕਿਉਂਕਿ ਉਹ ਸੀਮਤ ਅਧਿਐਨਾਂ ਤੋਂ ਲਏ ਗਏ ਹਨ। ਕੁੱਲ ਮਿਲਾ ਕੇ, ਖੋਜ ਦੱਸਦੀ ਹੈ ਕਿ ਦਿਨ ਵਿੱਚ ਚਾਰ ਹਜ਼ਾਰ ਕਦਮ ਤੁਰਨ ਨਾਲ ਵੀ ਉਨ੍ਹਾਂ ਲੋਕਾਂ ਨਾਲੋਂ ਬਿਹਤਰ ਸਿਹਤ ਮਿਲਦੀ ਹੈ ਜੋ ਸਿਰਫ਼ ਦੋ ਹਜ਼ਾਰ ਕਦਮ ਤੁਰਦੇ ਹਨ। ਜ਼ਿਆਦਾਤਰ ਬਿਮਾਰੀਆਂ ਲਈ, ਸੱਤ ਹਜ਼ਾਰ ਕਦਮਾਂ ਤੋਂ ਬਾਅਦ ਫਾਇਦੇ ਸਥਿਰ ਹੋ ਜਾਂਦੇ ਹਨ, ਪਰ ਦਿਲ ਦੀ ਚੰਗੀ ਸਿਹਤ ਲਈ ਉਸ ਤੋਂ ਵੱਧ ਤੁਰਨ ਦੇ ਵੀ ਵਾਧੂ ਫਾਇਦੇ ਹਨ।

**ਕਿੰਨੇ ਹਜ਼ਾਰ ਕਦਮ ਤੁਰਨਾ ਜ਼ਰੂਰੀ ਹਨ?**

ਜ਼ਿਆਦਾਤਰ, ਕਸਰਤ ਸਬੰਧੀ ਦਿਸ਼ਾ-ਨਿਰਦੇਸ਼ ਇਸ ਗੱਲ 'ਤੇ ਕੇਂਦਰਿਤ ਹੁੰਦੇ ਹਨ ਕਿ ਲੋਕ ਕਿੰਨੀ ਦੇਰ ਤੱਕ ਸਰੀਰਕ ਗਤੀਵਿਧੀ ਕਰਦੇ ਹਨ, ਨਾ ਕਿ ਉਹ ਕਿੰਨੇ ਕਦਮ ਚੁੱਕਦੇ ਹਨ। ਉਦਾਹਰਣ ਵਜੋਂ, ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਕਹਿੰਦਾ ਹੈ ਕਿ ਬਾਲਗਾਂ ਨੂੰ ਹਰ ਹਫ਼ਤੇ ਘੱਟੋ-ਘੱਟ 150 ਮਿੰਟ ਦੀ ਦਰਮਿਆਨੀ ਕਸਰਤ ਜਾਂ 75 ਮਿੰਟ ਦੀ ਤੇਜ਼ ਕਸਰਤ ਕਰਨੀ ਚਾਹੀਦੀ ਹੈ। ਡਾਕਟਰ ਡਿੰਗ ਕਹਿੰਦੇ ਹਨ ਕਿ ਇਹ ਸਲਾਹ ਬਹੁਤ ਸਾਰੇ ਲੋਕਾਂ ਲਈ ਸਮਝਣੀ ਔਖੀ ਹੋ ਸਕਦੀ ਹੈ ਪਰ ਮੌਜੂਦਾ ਦਿਸ਼ਾ-ਨਿਰਦੇਸ਼ ਮਹੱਤਵਪੂਰਨ ਹਨ। ਉਨ੍ਹਾਂ ਕਿਹਾ, "ਕੁਝ ਲੋਕ ਤੈਰਾਕੀ ਕਰਦੇ ਹਨ, ਸਾਈਕਲ ਚਲਾਉਂਦੇ ਹਨ ਜਾਂ ਉਨ੍ਹਾਂ ਦੀਆਂ ਅਜਿਹੀਆਂ ਸਰੀਰਕ ਸੀਮਾਵਾਂ ਹੁੰਦੀਆਂ ਹਨ, ਜਿਸ ਕਾਰਨ ਉਹ ਜ਼ਿਆਦਾ ਨਹੀਂ ਚੱਲ ਸਕਦੇ।

ਪਰ ਉਨ੍ਹਾਂ ਦਾ ਮੰਨਣਾ ਹੈ ਕਿ ਲੋਕਾਂ ਨੂੰ ਹਰ ਰੋਜ਼ ਕਿੰਨੇ ਕਦਮ ਚੁੱਕਣੇ ਚਾਹੀਦੇ ਹਨ, ਇਸ ਬਾਰੇ ਵੀ ਸਲਾਹ ਦਿੱਤੀ ਜਾ ਸਕਦੀ ਹੈ, ਤਾਂ ਜੋ ਉਹ ਦਿਨ ਭਰ ਵੱਖ-ਵੱਖ ਤਰੀਕਿਆਂ ਨਾਲ ਐਕਟਿਵ ਰਹਿਣ ਬਾਰੇ ਸੋਚਣ।

ਬਰੂਨਲ ਯੂਨੀਵਰਸਿਟੀ, ਲੰਡਨ ਦੇ ਡਾਕਟਰ ਡੈਨੀਅਲ ਬੇਲੀ ਦਾ ਕਹਿਣਾ ਹੈ ਕਿ ਇਹ ਅਧਿਐਨ ਇਸ "ਮਿੱਥ" ਨੂੰ ਚੁਣੌਤੀ ਦਿੰਦਾ ਹੈ ਕਿ ਰੋਜ਼ 10,000 ਕਦਮ ਤੁਰਨਾ ਜ਼ਰੂਰੀ ਹੈ। ਉਨ੍ਹਾਂ ਅਨੁਸਾਰ, ਵਧੇਰੇ ਸਰਗਰਮ ਲੋਕਾਂ ਲਈ ਦਸ ਹਜ਼ਾਰ ਕਦਮ ਇੱਕ ਚੰਗਾ ਟੀਚਾ ਹੋ ਸਕਦਾ ਹੈ, ਪਰ ਬਾਕੀ ਲੋਕਾਂ ਲਈ ਪੰਜ ਤੋਂ ਸੱਤ ਹਜ਼ਾਰ ਕਦਮ ਇੱਕ ਵਧੇਰੇ ਆਸਾਨ ਅਤੇ ਪ੍ਰਾਪਤ ਕਰਨ ਯੋਗ ਟੀਚਾ ਹੈ। ਯੂਨੀਵਰਸਿਟੀ ਆਫ਼ ਪੋਰਟਸਮਾਊਥ ਦੇ ਡਾਕਟਰ ਐਂਡਰਿਊ ਸਕਾਟ ਦਾ ਵੀ ਮੰਨਣਾ ਹੈ ਕਿ ਕਦਮਾਂ ਦੀ ਸਟੀਕ ਸੰਖਿਆ ਜ਼ਰੂਰੀ ਨਹੀਂ ਹੈ। ਉਹ ਕਹਿੰਦੇ ਹਨ, "ਜ਼ਿਆਦਾ ਤੁਰਨਾ ਹਮੇਸ਼ਾ ਬਿਹਤਰ ਹੈ ਅਤੇ ਲੋਕਾਂ ਨੂੰ ਕਿਸੇ ਖਾਸ ਟੀਚੇ ਬਾਰੇ ਬਹੁਤ ਜ਼ਿਆਦਾ ਚਿੰਤਾ ਨਹੀਂ ਕਰਨੀ ਚਾਹੀਦੀ, ਖਾਸ ਕਰਕੇ ਉਨ੍ਹਾਂ ਦਿਨਾਂ ਵਿੱਚ ਜਦੋਂ ਸਰੀਰਕ ਗਤੀਵਿਧੀ ਘੱਟ ਹੁੰਦੀ ਹੈ।"

# ਵੋਟਾਂ ਦੀ ਸੁਧਾਈ ਦਾ ਕੀ ਰੌਲਾ ਹੈ

ਜਗਦੀਪ ਸਿੰਘ ਛੋਕਰ

ਭਾਰਤੀ ਚੋਣ ਕਮਿਸ਼ਨ ਵੱਲੋਂ ਬਿਹਾਰ ਵਿੱਚ ਵੋਟਰ ਸੂਚੀ ਦੀ ਵਿਸ਼ੇਸ਼ ਵਿਆਪਕ ਸੁਧਾਈ (ਐੱਸਆਈਆਰ) 24 ਜੂਨ 2025 ਨੂੰ ਸ਼ੁਰੂ ਹੋਣ ਤੋਂ ਬਾਅਦ ਹੀ ਸੁਰਖੀਆਂ ਵਿੱਚ ਹੈ। ਇਸ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ ਜਿਸ ਨੂੰ ਦੁਹਰਾਉਣ ਦੀ ਲੋੜ ਨਹੀਂ ਹੈ। ਜਿਵੇਂ ਕਿਹਾ ਜਾਂਦਾ ਹੈ, ਇਹ ਚੋਣ ਕਮਿਸ਼ਨ ਦੇ ਜਾਰੀ ਕੀਤੇ ਪ੍ਰੈੱਸ ਨੋਟਾਂ, ਬਿਹਾਰ ਦੇ ਮੁੱਖ ਚੋਣ ਅਫਸਰ (ਸੀਈਓ) ਦੇ ਜਾਰੀ ਕੀਤੇ ਅਖ਼ਬਾਰੀ ਇਸ਼ਤਿਹਾਰਾਂ ਅਤੇ ਮੁੱਖ ਧਾਰਾ ਤੇ ਸੋਸ਼ਲ ਮੀਡੀਆ ਦੀਆਂ ਰਿਪੋਰਟਾਂ ਦਾ ਖ਼ੁਲਾਸਾ ਕਰਨ ਕਰ ਕੇ ਹਰ ਰੋਜ਼ ਵਾਪਰ ਰਹੇ ਘਟਨਾਕ੍ਰਮਾਂ ਸਦਕਾ ਇਹ ਕਹਾਣੀ ਅਜੇ ਉੱਭਰ ਰਹੀ ਹੈ। ਜੇ ਚੋਣ ਕਮਿਸ਼ਨ ਦੀ ਕਵਾਇਦ ਅਗਾਂਹ ਚਲਦੀ ਹੈ ਤਾਂ ਇਸ ਦੇ ਕਿਹੋ ਜਿਹੇ ਸਿੱਟੇ ਹੋਣਗੇ ਅਤੇ ਇਨ੍ਹਾਂ ਦਾ ਚਿਹਰਾ ਮੋਹਰਾ ਕੀ ਹੋ ਸਕਦਾ ਹੈ।

ਬਿਹਾਰ ਦੇ ਮੁੱਖ ਚੋਣ ਅਫਸਰ ਦੇ 5 ਜੁਲਾਈ 2025 ਨੂੰ ਜਾਰੀ ਕੀਤੇ ਪੂਰੇ ਪੰਨੇ ਦੇ ਇਸ਼ਤਿਹਾਰ ਅਨੁਸਾਰ ਬਿਹਾਰ ਵਿੱਚ ਵੋਟਰ 25 ਜੁਲਾਈ 2025 ਤੱਕ ਆਪਣੇ ਗਣਨਾ ਫਾਰਮ (ਈਐੱਫ) ਜਮ੍ਹਾ ਕਰਵਾ ਸਕਦੇ ਹਨ। 6 ਜੁਲਾਈ 2025 ਨੂੰ ਭਾਰਤੀ ਚੋਣ ਕਮਿਸ਼ਨ ਨੇ ਪ੍ਰੈੱਸ ਨੋਟ ਜਾਰੀ ਕੀਤਾ ਜਿਸ ਵਿੱਚ ਕਿਹਾ ਗਿਆ ਹੈ, "ਵੋਟਰ ਆਪਣੇ ਦਸਤਾਵੇਜ਼ 25 ਜੁਲਾਈ 2025 ਤੋਂ ਪਹਿਲਾਂ ਕਿਸੇ ਵੀ ਸਮੇਂ ਜਮ੍ਹਾ ਕਰਵਾ ਸਕਦੇ ਹਨ। ਵੋਟਰ ਸੂਚੀਆਂ ਦੇ ਖਰੜੇ ਦੇ ਪ੍ਰਕਾਸ਼ਨ ਤੋਂ ਬਾਅਦ ਜੇ ਕਿਸੇ ਦਸਤਾਵੇਜ਼ ਦੀ ਘਾਟ ਰਹਿੰਦੀ ਹੈ ਤਾਂ ਈਆਰਓ ਵੋਟਰਾਂ ਜਿਨ੍ਹਾਂ ਦਾ ਨਾਂ ਵੋਟਰ ਸੂਚੀਆਂ ਦੇ ਖਰੜੇ ਵਿੱਚ ਆਏ ਹਨ, ਉਨ੍ਹਾਂ ਤੋਂ ਦਾਅਵਿਆਂ ਅਤੇ ਇਤਰਾਜ਼ ਦੀ ਮਿਆਦ ਵਿੱਚ ਪੜਤਾਲ ਦੌਰਾਨ ਅਜਿਹੇ ਦਸਤਾਵੇਜ਼ ਪ੍ਰਾਪਤ ਕਰ ਸਕਦੇ ਹਨ।

ਵੋਟਰ ਸੂਚੀਆਂ ਦਾ ਖਰੜਾ ਪਹਿਲੀ ਅਗਸਤ 2025 ਨੂੰ ਪ੍ਰਕਾਸ਼ਿਤ ਕੀਤਾ ਜਾਣਾ ਹੈ ਅਤੇ "ਦਾਅਵਿਆਂ ਅਤੇ ਇਤਰਾਜ਼ਾਂ ਦੀ ਮਿਆਦ" ਪਹਿਲੀ ਸਤੰਬਰ 2025 ਨੂੰ ਖ਼ਤਮ ਹੋਣੀ ਹੈ। ਲੰਘੀ 6 ਜੁਲਾਈ ਦੇ ਪ੍ਰੈੱਸ ਨੋਟ ਤੋਂ ਇਹ ਸਪੱਸ਼ਟ ਨਹੀਂ ਹੈ ਕਿ ਦਸਤਾਵੇਜ਼ ਜਮ੍ਹਾ ਕਰਨ ਦੀ ਆਖ਼ਿਰੀ ਮਿਤੀ 25 ਜੁਲਾਈ ਹੈ ਜਾਂ ਪਹਿਲੀ ਸਤੰਬਰ 2025। ਇਸ ਸਭ ਦੇ ਹੁੰਦੇ ਸੁੰਦੇ ਇੱਕ ਦ੍ਰਿਸ਼ ਜੋ ਉੱਭਰਨ ਦੀ ਸੰਭਾਵਨਾ ਹੈ, ਬਾਰੇ ਕਿਆਸ ਇਵੇਂ ਹੈ: 26 ਜੁਲਾਈ 2025 ਜਾਂ ਇਸ ਤੋਂ ਪਹਿਲਾਂ ਭਾਰਤੀ ਚੋਣ ਕਮਿਸ਼ਨ ਪ੍ਰੈੱਸ ਨੋਟ ਜਾਰੀ ਕਰੇਗਾ ਜਿਸ ਵਿੱਚ ਦਾਅਵਾ ਕੀਤਾ ਜਾਵੇਗਾ ਕਿ 99।99% ਜਾਂ 7।9 ਕਰੋੜ ਦਸਤਾਵੇਜ਼ ਇਕੱਠੇ ਕੀਤੇ ਗਏ ਹਨ। ਇਹ ਸਪੱਸ਼ਟ ਨਹੀਂ ਹੋਵੇਗਾ ਕਿ ਕਿੰਨੇ ਗਣਨਾ ਫਾਰਮ ਸੰਪੂਰਨ ਜਾਂ ਵਰਤੋਂ ਯੋਗ ਹਨ ਅਤੇ ਕਿੰਨੇ ਨਹੀਂ। ਖਰੜਾ ਵੋਟਰ ਸੂਚੀਆਂ ਪਹਿਲੀ ਅਗਸਤ 2025 ਨੂੰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਇਹ ਸੰਭਾਵਨਾ ਹੈ ਕਿ ਵੱਡੀ ਗਿਣਤੀ ਵੋਟਰ ਖ਼ਾਸ ਤੌਰ 'ਤੇ ਜਿਹੜੇ ਵੱਖ-ਵੱਖ ਰਾਜਾਂ ਵਿੱਚ ਪਰਵਾਸੀਆਂ ਅਤੇ ਬਿਹਾਰ ਦੇ ਦੂਰ-ਦੁਰਾਡੇ ਪਿੰਡਾਂ ਵਿੱਚ ਕੰਮ ਕਰ ਰਹੇ ਹਨ (ਜਿਨ੍ਹਾਂ ਦੀ ਗਿਣਤੀ 20 ਫ਼ੀਸਦੀ ਤੋਂ 50 ਫ਼ੀਸਦੀ ਤੱਕ ਕਿਤੇ ਵੀ ਹੋ ਸਕਦੀ ਹੈ) ਬਾਰੇ ਵੱਖ-ਵੱਖ ਕਾਰਨਾਂ ਕਰ ਕੇ ਇਹ ਪੜਤਾਲ ਨਹੀਂ ਹੋ ਸਕੇਗੀ ਕਿ ਕੀ ਖਰੜਾ ਵੋਟਰ ਸੂਚੀਆਂ ਵਿੱਚ ਉਨ੍ਹਾਂ ਦੇ ਨਾਮ ਅਸਲ ਵਿੱਚ ਦਿਖਾਈ ਦੇ ਰਹੇ ਹਨ ਤੇ ਇਸ ਦਾ ਇੱਕ ਪ੍ਰਮੁੱਖ ਕਾਰਨ ਇਹ ਹੈ ਕਿ ਉਹ ਆਪਣੀ ਰੋਜ਼ੀ-ਰੋਟੀ ਅਤੇ ਛੱਤ ਦੇ ਮੁੱਦਿਆਂ ਵਿੱਚ ਰੁੱਝੇ ਹੋਏ ਹਨ ਅਤੇ ਉਨ੍ਹਾਂ ਕੋਲ ਖਰੜਾ ਵੋਟਰ ਸੂਚੀ ਦੀ ਜਾਂਚ ਕਰਨ ਲਈ ਸਾਈਬਰ ਕੈਫੇ 'ਤੇ ਜਾਣ ਦੀ ਲਗਜ਼ਰੀ ਜਾਂ ਸਾਧਨ ਨਹੀਂ ਹੈ। ਇਸ ਲਈ ਉਨ੍ਹਾਂ ਵੱਲੋਂ ਜਾਂ ਉਨ੍ਹਾਂ ਦੀ ਤਰਫ਼ੋਂ ਕੋਈ "ਦਾਅਵੇ ਅਤੇ ਇਤਰਾਜ਼" ਦਾਇਰ ਨਹੀਂ ਕੀਤੇ ਜਾਣਗੇ।



ਫਿਰ 30 ਸਤੰਬਰ 2025 ਨੂੰ ਅੰਤਿਮ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਜਾਵੇਗੀ। ਉੱਪਰਲੇ ਪੈਰੇ ਵਿੱਚ ਦੱਸੇ ਕਾਰਨਾਂ ਕਰ ਕੇ, ਅੰਤਿਮ ਵੋਟਰ ਸੂਚੀ ਮੁਤੱਲਕ ਕੋਈ ਇਤਰਾਜ਼ ਦਰਜ ਨਹੀਂ ਕੀਤਾ ਜਾਵੇਗਾ। ਫਿਰ ਆਵੇਗਾ ਵੋਟਾਂ ਦਾ ਦਿਨ। ਵੋਟਾਂ ਪੈਣ ਤੋਂ ਇੱਕ ਦਿਨ ਪਹਿਲਾਂ ਸਾਰੇ ਪਰਵਾਸੀ ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਕੰਮ ਕਰ ਰਹੇ ਹਨ, ਆਪੋ-ਆਪਣੇ ਤੌਰ 'ਤੇ ਜਾਂ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਮੁਹੱਈਆ ਕਰਵਾਈਆਂ ਰੇਲ ਟਿਕਟਾਂ ਜਾਂ ਖਾਸ ਬੱਸਾਂ ਰਾਹੀਂ ਆਪੋ-ਆਪਣੇ ਪਿੰਡ ਪਹੁੰਚਣਗੇ। ਹੁਣ ਕਿਸੇ ਦੂਰ-ਦੁਰਾਡੇ ਪਿੰਡ ਦੀ ਕਲਪਨਾ ਕਰੋ ਜਿੱਥੇ 500 ਵੋਟਰ ਹਨ ਜਿਨ੍ਹਾਂ ਨੇ 2024 ਦੀਆਂ ਲੋਕ ਸਭਾ ਚੋਣਾਂ ਸਮੇਤ ਪਿਛਲੇ 15 ਤੋਂ 20 ਸਾਲਾਂ ਵਿੱਚ ਹੋਈਆਂ ਸਾਰੀਆਂ ਚੋਣਾਂ ਵਿੱਚ ਵੋਟ ਪਾਈ ਸੀ। ਜਦੋਂ ਵੋਟਾਂ ਵਾਲੇ ਦਿਨ ਉਹ ਸਾਰੇ 500 ਪੋਲਿੰਗ ਬੂਥ 'ਤੇ ਜਾਂਦੇ ਹਨ ਤਾਂ ਫਰਜ਼ ਕਰੋ ਕਿ ਉੱਪਰ ਬਿਆਨੀ ਕਵਾਇਦ ਦੇ ਨਤੀਜੇ ਵਜੋਂ ਉਨ੍ਹਾਂ ਵਿੱਚੋਂ ਅੱਧੇ, ਭਾਵ 500 ਵਿੱਚੋਂ ਲਗਭਗ 200-250 ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਦੇ ਨਾਮ ਵੋਟਰ ਸੂਚੀ ਵਿੱਚੋਂ ਗਾਇਬ ਹਨ।

ਤਦ ਫਿਰ ਕੀ ਹੋ ਸਕਦਾ ਹੈ? ਸੰਭਾਵੀ ਦ੍ਰਿਸ਼ ਇਹ ਹੋ ਸਕਦਾ ਹੈ। ਵੋਟਰ ਸੂਚੀ ਵਿੱਚੋਂ ਲੋਕਾਂ ਦੇ ਨਾਮ ਗਾਇਬ ਹੋਣਾ ਕੋਈ ਅਸੰਭਵ ਗੱਲ ਨਹੀਂ। ਹਰ ਚੋਣ ਵਿੱਚ ਕਿਸੇ ਨਾ ਕਿਸੇ ਪੋਲਿੰਗ ਬੂਥ 'ਤੇ ਕੁਝ ਲੋਕਾਂ ਦੇ ਨਾਮ ਵੋਟਰ ਸੂਚੀ 'ਚੋਂ ਗਾਇਬ ਹੁੰਦੇ ਹਨ। ਜੇ ਉਨ੍ਹਾਂ 'ਚੋਂ ਕੁਝ, ਮਸਲਨ 10-15 ਅਜਿਹੇ ਹੋ ਸਕਦੇ ਹਨ ਜੋ ਬਹੁਤ ਨਾਖੁਸ਼ ਮਹਿਸੂਸ ਕਰਦੇ ਹਨ, ਗੁੱਸੇ ਦਾ ਪ੍ਰਗਟਾਵਾ ਵੀ ਕਰ ਸਕਦੇ ਹਨ ਪਰ ਆਮ ਤੌਰ 'ਤੇ ਉਹ ਆਪਣੇ ਗੁੱਸਾ ਪੀ ਜਾਂਦੇ ਹਨ, ਚੋਣ ਕਮਿਸ਼ਨ ਜਾਂ "ਸਿਸਟਮ" ਨੂੰ ਬੁਰਾ ਭਲਾ ਆਖ ਕੇ ਘਰ ਵਾਪਸ ਚਲੇ ਜਾਂਦੇ ਹਨ। ਬਹਰਹਾਲ, ਜੇ ਬਿਹਾਰ ਦੇ ਕਿਸੇ ਦੂਰ-ਦੁਰਾਡੇ ਪਿੰਡ ਵਿੱਚ 500 ਵਿੱਚੋਂ 200 ਵਿਅਕਤੀਆਂ ਨਾਲ ਅਜਿਹਾ ਹੁੰਦਾ ਹੈ ਤਾਂ ਸਥਿਤੀ ਵੱਖਰੀ ਹੋ ਸਕਦੀ ਹੈ। ਸੰਭਵ ਹੈ ਕਿ ਪੋਲਿੰਗ ਬੂਥ ਦਾ ਪ੍ਰਬੰਧ ਕਰਨ ਵਾਲੇ 6 ਤੋਂ 8 ਚੋਣ ਕਰਮੀਆਂ ਅਤੇ ਬੂਥ ਦੀ ਸੁਰੱਖਿਆ ਲਈ ਤਾਇਨਾਤ 6 ਤੋਂ 8 ਪੁਲੀਸ ਜਾਂ ਨੀਮ ਫ਼ੌਜੀ ਬਲਾਂ ਦੇ ਜਵਾਨ 200 ਵਿਅਕਤੀਆਂ ਦੇ ਰੋਹ 'ਤੇ ਕਾਬੂ ਨਾ ਪਾ ਸਕਣ ਅਤੇ ਸਥਿਤੀ ਕਾਬੂ ਤੋਂ ਬਾਹਰ ਹੋ ਸਕਦੀ ਹੈ।

ਜੇਕਰ ਅਜਿਹਾ ਇੱਕਾ-ਦੁੱਕਾ ਜਾਂ ਇੱਥੋਂ ਤੱਕ ਕਿ 8 ਜਾਂ 10 ਪਿੰਡਾਂ ਵਿੱਚ ਹੁੰਦਾ ਹੈ ਤਾਂ ਸਥਿਤੀ ਉੱਪਰ ਕਿਵੇਂ ਨਾ ਕਿਵੇਂ ਕਾਬੂ ਪਾਇਆ ਜਾ ਸਕਦਾ ਹੈ ਜਾਂ ਦਬਾਇਆ ਜਾ ਸਕਦਾ ਹੈ; ਜਿਵੇਂ ਮਹਾਰਾਸ਼ਟਰ ਦੇ ਮਰਕਾਰਵਾੜੀ ਵਿੱਚ ਕੀਤਾ ਗਿਆ ਸੀ। ਉਦੋਂ ਪਿੰਡ ਵਾਸੀ ਇਹ ਦੇਖਣ ਲਈ ਆਪਣੀ ਚੋਣ ਕਰਵਾਉਣਾ ਚਾਹੁੰਦੇ ਸਨ ਕਿ ਉਨ੍ਹਾਂ ਦੇ ਹਲਕੇ ਵਿੱਚ ਜੇਤੂ ਉਮੀਦਵਾਰ ਨੂੰ ਉਨ੍ਹਾਂ ਦੇ ਪਿੰਡ ਵਿੱਚ ਘੱਟ ਵੋਟਾਂ ਕਿਵੇਂ ਪਈਆਂ। ਪੁਲਿਸ ਦੀ ਵੱਡੀ ਟੁਕੜੀ ਰਾਤ ਨੂੰ ਪਿੰਡ ਵਿੱਚ ਪਹੁੰਚੀ ਅਤੇ ਪਿੰਡ ਵਾਸੀਆਂ ਨੂੰ ਵੋਟਿੰਗ ਤੋਂ ਰੋਕਿਆ। ਹਾਲਾਂਕਿ, ਸੌ ਜਾਂ ਇਸ ਤੋਂ ਵੱਧ ਪਿੰਡਾਂ ਵਿੱਚ ਅਜਿਹਾ ਹੋਣ ਦੀ ਹਾਲਤ ਵਿੱਚ ਸਥਿਤੀ ਵੱਖਰੀ ਹੋ ਸਕਦੀ ਹੈ। ਜੇ ਅਜਿਹਾ ਨਹੀਂ ਹੁੰਦਾ ਤਾਂ ਮੈਨੂੰ ਬਹੁਤ ਰਾਹਤ ਤੇ ਖੁਸ਼ੀ ਮਹਿਸੂਸ ਹੋਵੇਗੀ ਅਤੇ ਮੈਨੂੰ ਇਸ ਦੀ ਉਮੀਦ ਵੀ ਹੈ, ਪਰ ਖਦਸ਼ਾ ਇਹ ਹੈ ਕਿ ਜਦੋਂ ਤੱਕ ਭਾਰਤੀ ਚੋਣ ਕਮਿਸ਼ਨ ਜਿਸ ਰਾਹ 'ਤੇ ਚੱਲ ਰਿਹਾ ਹੈ, ਉਸ ਦੇ ਸੰਭਾਵੀ ਨਤੀਜਿਆਂ ਦਾ ਅਹਿਸਾਸ ਨਹੀਂ ਕਰ ਲੈਂਦਾ ਜਾਂ ਸੁਪਰੀਮ ਕੋਰਟ ਇਸ ਪ੍ਰਕਿਰਿਆ ਨੂੰ ਨਹੀਂ ਰੋਕਦੀ ਹੈ ਜਾਂ ਸਥਿਤੀ ਨੂੰ ਸੁਧਾਰਨ ਲਈ ਕੋਈ ਹੋਰ ਕਾਰਵਾਈ ਨਹੀਂ ਕਰਦੀ ਤਾਂ ਦੇਸ਼ ਨੂੰ ਬਹੁਤ ਮੁਸ਼ਕਿਲ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਹਾਤਮਾ ਗਾਂਧੀ ਦੇ ਹਵਾਲੇ ਨਾਲ ਇਹ ਕਹਾਵਤ ਅਕਸਰ ਸੁਣਾਈ ਜਾਂਦੀ ਹੈ ਕਿ ਉਸ ਆਦਮੀ ਦਾ ਬਹੁਤ ਧਿਆਨ ਰੱਖਣਾ ਚਾਹੀਦਾ ਹੈ ਜਿਸ ਕੋਲ ਗੁਆਉਣ ਲਈ ਕੁਝ ਵੀ ਨਹੀਂ ਹੈ। ਇਹ ਵੱਡੀ ਗਿਣਤੀ 'ਚ ਉਨ੍ਹਾਂ ਲੋਕਾਂ 'ਤੇ ਲਾਗੂ ਹੋ ਸਕਦਾ ਹੈ ਜੋ ਰੋਜ਼ੀ-ਰੋਟੀ ਦੀ ਭਾਲ ਵਿੱਚ ਬਿਹਾਰ ਤੋਂ ਬਾਹਰ ਜਾਂਦੇ ਹਨ। ਉਨ੍ਹਾਂ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਭਾਵੇਂ ਕਿਸੇ ਤਰ੍ਹਾਂ ਦੀ ਵੀ ਹੋਵੇ, ਭਾਰਤ ਦਾ ਹਰ ਵਿਅਕਤੀ ਜਿਸ ਵਿੱਚ ਸਭ ਤੋਂ ਮਹਿਰੂਮ ਗਿਣੇ ਜਾਂਦੇ ਹਨ ਪਰ ਉਹ ਆਪਣੇ ਵੋਟ ਦੇ ਅਧਿਕਾਰ ਪ੍ਰਤੀ ਪੂਰੀ ਤਰ੍ਹਾਂ ਸਚੇਤ ਹਨ।

ਜੇਕਰ ਅਜਿਹੀ ਨੌਬਤ ਆਉਂਦੀ ਹੈ ਜਦੋਂ ਵੱਡੀ ਗਿਣਤੀ ਵਿੱਚ ਬੇਜ਼ਮੀਨੇ ਪਰਵਾਸੀ ਮਜ਼ਦੂਰ ਆਪਣੇ ਆਪ ਨੂੰ ਇੱਕਮਾਤਰ ਹੱਕ ਤੋਂ ਵੀ ਵਿਰਵੇ ਹੋ ਜਾਣ ਦਾ ਅਹਿਸਾਸ ਕਰਦੇ ਹਨ ਤਾਂ ਪਤਾ ਨਹੀਂ ਕਿ ਉਹ ਕੀ ਕਰ ਬੈਠਣ। ਇਹ ਉਮੀਦ ਕੀਤੀ ਜਾਂਦੀ ਹੈ ਕਿ ਭਾਰਤੀ ਚੋਣ ਕਮਿਸ਼ਨ ਨੂੰ ਇਹ ਅਹਿਸਾਸ ਹੋ ਸਕੇਗਾ ਤਾਂ ਕਿ ਉਸ ਦੀਆਂ ਕਾਰਵਾਈਆਂ ਦੇ ਸੰਭਾਵੀ ਨਤੀਜੇ ਵਜੋਂ ਵੇਲੇ ਸਿਰ ਅਜਿਹੀ ਕਿਸੇ ਬਿਪਤਾ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ।

# ਭਾਰਤ-ਯੂਕੇ ਵਪਾਰ ਸਮਝੌਤਾ: ਕੁਝ ਅਹਿਮ ਪੱਖ



ਰਾਜੀਵ ਖੋਸਲਾ

ਲੰਡਨ ਵਿੱਚ 24 ਜੁਲਾਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਮੌਜੂਦਗੀ ਵਿੱਚ ਰਸਮੀ ਤੌਰ 'ਤੇ ਭਾਰਤ-ਯੂਕੇ ਵਿਆਪਕ ਆਰਥਿਕ ਅਤੇ ਵਪਾਰ ਸਮਝੌਤਾ (ਸੀਈਟੀਏ) ਜਾਂ ਮੁਕਤ ਵਪਾਰ ਸਮਝੌਤਾ (ਐੱਫਟੀਏ) 'ਤੇ ਦਸਤਖਤ ਕੀਤੇ ਗਏ। ਇਸ ਸਮਝੌਤੇ ਨੂੰ ਸਿਰੇ ਚੜ੍ਹਾਉਣ ਲਈ ਤਿੰਨ ਸਾਲਾਂ ਵਿੱਚ 14 ਦੌਰ ਦੀ ਗੱਲਬਾਤ ਹੋਈ। ਯੂਕੇ ਨੇ ਭਾਰਤ ਦੀ 99% ਬਰਾਮਦ ਨੂੰ ਡਿਊਟੀ-ਮੁਕਤ ਪਹੁੰਚ ਦਿੱਤੀ, ਜਿਸ ਨਾਲ ਕੱਪੜੇ, ਚਮੜਾ, ਜੁੱਤੀਆਂ, ਸਮੁੰਦਰੀ ਉਤਪਾਦ, ਗਹਿਣੇ, ਇੰਜਨੀਅਰਿੰਗ ਸਮਾਨ ਅਤੇ ਆਟੋ ਪਾਰਟਸ ਵਰਗੇ ਖੇਤਰਾਂ ਨੂੰ ਲਾਭ ਹੋਵੇਗਾ। ਇਨ੍ਹਾਂ 'ਤੇ ਪਹਿਲਾਂ 20% ਤੱਕ ਡਿਊਟੀ ਲੱਗਦੀ ਸੀ, ਜੋ ਹੁਣ ਹਟਾਈ ਗਈ ਹੈ। ਇਸੇ ਤਰ੍ਹਾਂ ਭਾਰਤ ਤੋਂ ਯੂਕੇ ਨੂੰ ਬਰਾਮਦ ਹੋਣ ਵਾਲੇ 95% ਖੇਤੀ ਉਤਪਾਦਾਂ (ਫਲ, ਸਬਜ਼ੀਆਂ, ਅਨਾਜ, ਮਸਾਲੇ, ਫਲਾਂ ਦਾ ਗੁੱਦਾ) ਨੂੰ ਡਿਊਟੀ-ਮੁਕਤ ਪਹੁੰਚ ਮਿਲੇਗੀ, ਜਿਸ ਨਾਲ ਅਗਲੇ ਤਿੰਨ ਸਾਲਾਂ ਵਿੱਚ ਭਾਰਤ ਵਿਚ ਖੇਤੀ ਬਰਾਮਦ ਵਿੱਚ 20% ਵਾਧੇ ਦੀ ਉਮੀਦ ਹੈ।

ਭਾਰਤ ਨੇ ਵੀ ਯੂਕੇ ਦੇ 85% ਉਤਪਾਦਾਂ 'ਤੇ ਡਿਊਟੀਆਂ ਘਟਾਈਆਂ ਹਨ, ਜਿਸ ਵਿੱਚ 10 ਸਾਲਾਂ ਵਿੱਚ 85% ਟੈਰਿਫ ਲਾਈਨਾਂ ਡਿਊਟੀ-ਮੁਕਤ ਹੋਣਗੀਆਂ। ਵ੍ਹਿਸਕੀ ਅਤੇ ਜਿਨ 'ਤੇ ਡਿਊਟੀ 150% ਤੋਂ 75% ਅਤੇ 10 ਸਾਲਾਂ ਵਿੱਚ 40% ਕੀਤੀ ਜਾਵੇਗੀ। ਯੂਕੇ ਦੇ ਵਾਹਨਾਂ 'ਤੇ ਡਿਊਟੀ 100% ਤੋਂ 10% ਅਤੇ ਸਾਫਟ ਡਰਿੰਕਸ, ਸੁੰਦਰਤਾ ਉਤਪਾਦ, ਚਾਕਲੇਟ, ਬਿਸਕੁਟ, ਸੈਲਮਨ, ਮੈਡੀਕਲ ਡਿਵਾਈਸਿਸ ਤੇ ਚਾਂਦੀ 'ਤੇ ਵੀ ਡਿਊਟੀਆਂ ਘਟਾਈਆਂ ਜਾਣਗੀਆਂ, ਜਿਸ ਨਾਲ ਭਾਰਤੀ ਖਪਤਕਾਰਾਂ ਲਈ ਇਹ ਸਸਤੇ ਹੋਣਗੇ। ਸਮਝੌਤੇ ਨਾਲ ਭਾਰਤੀ ਪੇਸ਼ੇਵਰਾਂ (ਸ਼ੈੱਫ, ਯੋਗ ਇੰਸਟ੍ਰਕਟਰ, ਸੰਗੀਤਕਾਰ) ਨੂੰ ਯੂਕੇ ਵਿੱਚ ਸੌਖੀ ਪਹੁੰਚ ਮਿਲੇਗੀ ਅਤੇ ਅਸਥਾਈ ਕਾਮਿਆਂ ਨੂੰ ਤਿੰਨ ਸਾਲਾਂ ਲਈ ਸਮਾਜਿਕ ਸੁਰੱਖਿਆ ਯੋਗਦਾਨ ਤੋਂ ਛੋਟ ਮਿਲੇਗੀ। ਦੋਵੇਂ ਦੇਸ਼ 2030 ਤੱਕ ਦੁਵੱਲੇ ਵਪਾਰ ਨੂੰ 56 ਅਰਬ ਡਾਲਰ ਤੋਂ ਦੁੱਗਣਾ ਕਰਨ ਦਾ ਟੀਚਾ ਰੱਖਦੇ ਹਨ। ਭਾਰਤ ਯੂਕੇ ਨਾਲ ਹੋਏ ਵਪਾਰ ਸਮਝੌਤੇ ਦੀ ਸਫਲਤਾ ਦਾ ਜਸ਼ਨ ਮਨਾ ਰਿਹਾ ਹੈ, ਦੂਜੇ ਪਾਸੇ ਕੁਝ ਨਿਰਾਸ਼ਾ ਵੀ ਹੈ ਕਿਉਂਕਿ ਭਾਰਤ-ਅਮਰੀਕਾ ਵਪਾਰ ਸਮਝੌਤਾ ਅਜੇ ਤੱਕ ਸਿਰੇ ਨਹੀਂ ਚੜ੍ਹ ਸਕਿਆ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਪਹਿਲੀ ਅਗਸਤ ਤੋਂ ਉਨ੍ਹਾਂ ਅਰਥਵਿਵਸਥਾਵਾਂ 'ਤੇ ਟੈਰਿਫ (ਦਰਾਮਦ ਡਿਊਟੀਆਂ) ਲਗਾਏ ਜਾਣਗੇ, ਜਿਨ੍ਹਾਂ ਨਾਲ ਅਜੇ ਤੱਕ ਕੋਈ ਵਪਾਰਕ ਸਮਝੌਤਾ ਨਹੀਂ ਹੋ ਸਕਿਆ। ਭਾਰਤ-ਯੂਕੇ ਵਪਾਰ ਸਮਝੌਤੇ ਦੀ ਸਫਲਤਾ ਦੇ ਮੁੱਖ ਕਾਰਕ: ਸਾਲ 2020 ਵਿੱਚ ਬ੍ਰੈਗਜ਼ਿਟ (ਯੂਕੇ ਦਾ ਯੂਰੋਪੀਅਨ ਯੂਨੀਅਨ ਤੋਂ ਬਾਹਰ ਆਉਣਾ) ਤੋਂ ਬਾਅਦ, ਯੂਕੇ ਨੂੰ ਆਪਣੇ ਵਪਾਰਕ ਸਬੰਧ ਮਜ਼ਬੂਤ ਕਰਨ ਦੀ ਸਖ਼ਤ ਲੋੜ ਸੀ। ਯੂਕੇ ਮੁੱਖ ਤੌਰ 'ਤੇ ਸੇਵਾਵਾਂ (ਜਿਵੇਂ ਵਿੱਤੀ ਤੇ ਕਾਨੂੰਨੀ ਸੇਵਾਵਾਂ, ਸਿੱਖਿਆ) ਅਤੇ ਉੱਚ-ਮੁੱਲ ਵਾਲੇ ਸਮਾਨ (ਜਿਵੇਂ ਪ੍ਰੀਮੀਅਮ ਕਾਰਾਂ, ਮੈਡੀਕਲ ਯੰਤਰ, ਸਪਿਰਿਟਸ) ਦੀ ਬਰਾਮਦ ਕਰਦਾ ਹੈ ਅਤੇ ਇਸ ਲਈ ਉਸ ਨੂੰ ਭਾਰਤ ਵਰਗੇ ਵੱਡੇ ਮੁਲਕ ਦੀ ਭਾਲ ਸੀ, ਜਿੱਥੇ ਉਹ ਆਪਣੇ ਇਨ੍ਹਾਂ ਉਤਪਾਦਾਂ ਤੇ ਸੇਵਾਵਾਂ ਨੂੰ ਵੇਚ ਸਕੇ। ਭਾਰਤ ਨੂੰ ਵੀ ਆਪਣੇ ਮਜ਼ਦੂਰ ਕੇਂਦਰਿਤ ਉਤਪਾਦਾਂ ਜਿਵੇਂ ਟੈਕਸਟਾਈਲ, ਕੱਪੜੇ, ਚਮੜੇ ਦੇ ਉਤਪਾਦ, ਜੁੱਤੇ ਅਤੇ ਗਹਿਣਿਆਂ ਲਈ ਡਿਊਟੀ-ਮੁਕਤ ਪਹੁੰਚ ਪ੍ਰਾਪਤ ਕਰਨ ਲਈ ਵਿਕਸਤ ਅਰਥਵਿਵਸਥਾ ਦੀ ਲੋੜ ਸੀ। ਇਸ ਨਾਲ ਭਾਰਤ ਦੀ ਬਰਾਮਦ ਅਤੇ ਰੁਜ਼ਗਾਰ ਵਧ ਸਕਦਾ ਸੀ। ਇਸ ਤੋਂ ਇਲਾਵਾ ਭਾਰਤ ਆਪਣੇ ਹੁਨਰਮੰਦ ਪੇਸ਼ੇਵਰਾਂ ਲਈ ਯੂਕੇ ਵਿੱਚ ਕੰਮ ਕਰਨ ਦੇ ਆਸਾਨ ਮੌਕੇ ਅਤੇ ਹੋਰ ਨਿਵੇਸ਼ ਆਕਰਸ਼ਿਤ ਕਰਨਾ ਚਾਹੁੰਦਾ ਸੀ ਤਾਂ ਜੋ ਆਰਥਿਕ ਵਾਧੇ ਨੂੰ ਹੁਲਾਰਾ ਮਿਲ ਸਕੇ। ਇਉਂ ਦੋਵਾਂ ਮੁਲਕਾਂ ਦੀਆਂ ਵਪਾਰਕ ਲੋੜਾਂ ਇੱਕ ਦੂਜੇ ਦੀਆਂ ਪੂਰਕ ਸਨ, ਜਿਸ ਨਾਲ ਸਮਝੌਤਾ ਕਰਨਾ ਆਸਾਨ ਹੋ ਗਿਆ।

ਗੱਲਬਾਤ ਦੌਰਾਨ ਦੋਵਾਂ ਪੱਖਾਂ ਨੇ ਰਿਆਇਤਾਂ ਦਿੱਤੀਆਂ, ਪਰ ਕਿਸੇ ਵੀ 'ਰੈੱਡ ਲਾਈਨ' ਮੁੱਦੇ 'ਤੇ ਚਰਚਾ ਨਹੀਂ ਕੀਤੀ ਗਈ ਜਿਸ ਨਾਲ ਸਮਝੌਤੇ ਨੂੰ ਕਿਸੇ ਤਰ੍ਹਾਂ ਦਾ ਖ਼ਤਰਾ ਪੈ ਸਕਦਾ। ਭਾਰਤ ਨੇ ਆਪਣੇ ਬਹੁਤ ਸੰਵੇਦਨਸ਼ੀਲ ਖੇਤੀਬਾੜੀ ਖੇਤਰਾਂ (ਜਿਵੇਂ ਡੇਅਰੀ ਉਤਪਾਦ, ਅਨਾਜ, ਫਲ, ਸਬਜ਼ੀਆਂ ਤੇ ਖਾਣ ਵਾਲੇ ਤੇਲ) ਦੀ ਸਫਲਤਾਪੂਰਵਕ ਸੁਰੱਖਿਆ ਕੀਤੀ, ਜਿਨ੍ਹਾਂ 'ਤੇ ਮੌਜੂਦਾ ਡਿਊਟੀਆਂ ਬਰਕਰਾਰ ਰਹੀਆਂ। ਇਹ ਭਾਰਤੀ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਬਹੁਤ ਮਹੱਤਵਪੂਰਨ ਸੀ। ਇਸੇ ਤਰ੍ਹਾਂ ਯੂਕੇ ਨੇ ਆਪਣੇ ਮੁੱਖ ਬਰਾਮਦ ਉਤਪਾਦਾਂ ਜਿਵੇਂ ਵ੍ਹਿਸਕੀ ਅਤੇ ਲਗਜ਼ਰੀ ਕਾਰਾਂ 'ਤੇ ਮਹੱਤਵਪੂਰਨ ਡਿਊਟੀ ਕਟੌਤੀਆਂ ਹਾਸਲ ਕੀਤੀਆਂ, ਜਿਸ ਨੇ ਇਸ ਆਪਸੀ ਸਮਝੌਤੇ ਅਤੇ ਗੱਲਬਾਤ ਨੂੰ ਅੱਗੇ ਵਧਾਉਣ ਵਿੱਚ ਮਦਦ ਕੀਤੀ।

ਇਹ ਸਮਝੌਤਾ ਸਿਰਫ ਵਸਤੂਆਂ ਤੱਕ ਹੀ ਸੀਮਤ ਨਹੀਂ ਰਿਹਾ, ਬਲਕਿ ਸੇਵਾਵਾਂ ਖੇਤਰ 'ਤੇ ਵੀ ਮਹੱਤਵਪੂਰਨ ਪ੍ਰਗਤੀ ਹੋਈ; ਖਾਸ ਤੌਰ 'ਤੇ ਦੋਵਾਂ ਪੱਖਾਂ ਵੱਲੋਂ ਪੇਸ਼ੇਵਰਾਂ ਦੀ ਗਤੀਸ਼ੀਲਤਾ ਦਾ ਮੁੱਦਾ ਹੱਲ ਕੀਤਾ ਗਿਆ। ਹੁਣ ਭਾਰਤ ਦੇ ਆਈਟੀ ਪੇਸ਼ੇਵਰਾਂ, ਡਾਕਟਰਾਂ, ਇੰਜਨੀਅਰਾਂ ਆਦਿ ਲਈ ਯੂਕੇ ਵਿੱਚ ਕੰਮ ਕਰਨਾ ਵਧੇਰੇ ਸੁਵਿਧਾਜਨਕ ਹੋਵੇਗਾ। ਇਸ ਵਿੱਚ ਡਬਲ ਕੰਟ੍ਰੀਬਿਊਸ਼ਨ ਕਨਵੈਨਸ਼ਨ ਵੀ ਸ਼ਾਮਲ ਹੈ। ਇਸ ਦਾ ਅਰਥ ਹੈ- ਥੋੜ੍ਹੇ ਸਮੇਂ ਲਈ ਦੇਸ਼ ਤੋਂ ਬਾਹਰ ਕੰਮ ਕਰਨ ਗਏ ਕਰਮਚਾਰੀਆਂ ਨੂੰ ਦੋ ਵੱਖ-ਵੱਖ ਦੇਸ਼ਾਂ 'ਚ ਇੱਕੋ ਸਮੇਂ ਸਮਾਜਿਕ ਸੁਰੱਖਿਆ ਯੋਗਦਾਨ ਨਹੀਂ ਪਾਉਣਾ ਪਵੇਗਾ, ਜਿਸ ਨਾਲ ਉਨ੍ਹਾਂ ਅਤੇ ਉਨ੍ਹਾਂ ਦੀਆਂ ਕੰਪਨੀਆਂ ਦਾ ਵਿੱਤੀ ਬੋਝ ਘਟੇਗਾ।

ਵਿਸ਼ਵ 'ਚ ਵਧ ਰਹੇ ਵਪਾਰਕ ਤਣਾਅ ਤੇ ਸੁਰੱਖਿਆਵਾਦ ਦੇ ਮਾਹੌਲ 'ਚ ਭਾਰਤ ਤੇ ਯੂਕੇ ਆਪਸੀ ਵਪਾਰ ਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਚਾਹੁੰਦੇ ਸਨ। ਇਸ ਨਾਲ ਉਨ੍ਹਾਂ ਨੂੰ ਅਰਥਵਿਵਸਥਾਵਾਂ ਮਜ਼ਬੂਤ ਕਰਨ ਅਤੇ ਵਿਸ਼ਵ ਵਪਾਰ ਵਿੱਚ ਆਪਣੀ ਭੂਮਿਕਾ ਨੂੰ ਬਰਕਰਾਰ ਰੱਖਣ ਵਿੱਚ ਮਦਦ ਮਿਲੇਗੀ। ਇਸ ਆਲਮੀ ਆਰਥਿਕ ਸਥਿਤੀ ਨੇ ਵੀ ਇਸ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਪ੍ਰੇਰਿਆ ਹੈ। ਹੇਠਾਂ ਉਨ੍ਹਾਂ ਕਾਰਨਾਂ ਬਾਰੇ ਚਰਚਾ ਕੀਤੀ ਗਈ ਹੈ ਜਿਨ੍ਹਾਂ ਨੇ ਭਾਰਤ ਅਤੇ ਅਮਰੀਕਾ ਵਿਚਕਾਰ ਸਮਝੌਤਾ ਸਿਰੇ ਚੜ੍ਹਨ ਵਿੱਚ ਅੜਿੱਕਾ ਪਾਇਆ।

**ਭਾਰਤ-ਅਮਰੀਕਾ ਵਪਾਰ ਸਮਝੌਤਾ ਅਟਕਣ ਦੇ ਮੁੱਖ ਕਾਰਨ:** ਸਭ ਤੋਂ ਪਹਿਲਾਂ ਤਾਂ ਅਮਰੀਕਾ ਲਗਾਤਾਰ ਆਪਣੇ ਖੇਤੀਬਾੜੀ ਤੇ ਡੇਅਰੀ ਉਤਪਾਦਾਂ ਅਤੇ ਜੈਨੇਟਿਕਲੀ ਮੋਡੀਫਾਈਡ (ਜੀਐੱਮ) ਫਸਲਾਂ ਲਈ ਭਾਰਤੀ ਬਾਜ਼ਾਰ ਵਿੱਚ ਵੱਡੀਆਂ ਟੈਰਿਫ ਕਟੌਤੀਆਂ ਅਤੇ ਸੌਖੀ ਪਹੁੰਚ ਦੀ ਮੰਗ ਕਰ ਰਿਹਾ ਹੈ। ਭਾਰਤ ਵਿੱਚ ਅਮਰੀਕੀ ਡੇਅਰੀ ਉਤਪਾਦਾਂ ਪ੍ਰਤੀ ਧਾਰਮਿਕ ਅਤੇ ਸੱਭਿਆਚਾਰਕ ਸੰਵੇਦਨਸ਼ੀਲਤਾਵਾਂ ਹਨ, ਕਿਉਂਕਿ ਅਮਰੀਕਾ ਦੇ ਪਸ਼ੂ ਪਾਲਣ ਕਾਰਕਰਦਗੀ ਭਾਰਤੀ ਤਰਜੀਹਾਂ ਨਾਲ ਮੇਲ ਨਹੀਂ ਖਾਂਦੀ। ਇਸੇ ਤਰ੍ਹਾਂ ਭਾਰਤ ਵਿੱਚ ਜੀਐੱਮ ਫਸਲਾਂ ਲਈ ਸਖਤ ਨਿਯਮ ਅਤੇ ਜਨਤਕ ਵਿਰੋਧ ਹੈ। ਦੂਜਾ, ਭਾਰਤ ਦਾ ਖੇਤੀਬਾੜੀ ਖੇਤਰ ਲੱਖਾਂ ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਰੋਜ਼ੀ-ਰੋਟੀ ਦਾ ਮੁੱਖ ਸਾਧਨ ਹੈ। ਅਮਰੀਕਾ ਵਰਗੇ ਦੇਸ਼ਾਂ ਤੋਂ ਵੱਡੇ ਪੈਮਾਨੇ 'ਤੇ ਸਬਸਿਡੀਆਂ ਵਾਲੀ ਖੇਤੀ ਲਈ ਭਾਰਤੀ ਬਾਜ਼ਾਰਾਂ ਨੂੰ ਖੋਲ੍ਹਣਾ ਇਨ੍ਹਾਂ ਕਿਸਾਨਾਂ ਅਤੇ ਭਾਰਤ ਦੀ ਖੁਰਾਕ ਸੁਰੱਖਿਆ ਲਈ ਸਿੱਧਾ ਖ਼ਤਰਾ ਮੰਨਿਆ ਜਾਂਦਾ ਹੈ। ਇਹ ਭਾਰਤ 'ਚ ਸੰਵੇਦਨਸ਼ੀਲ ਸਿਆਸੀ ਮੁੱਦਾ ਹੈ, ਜਿੱਥੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨਾ ਸਰਕਾਰਾਂ ਲਈ ਸਭ ਤੋਂ ਉੱਪਰ ਹੈ। ਜੇ ਅਮ-ਾਜ਼ੋਨ, ਕੋਸਟਕੋ ਜਾਂ ਵਾਲਮਾਰਟ ਵਰਗੀਆਂ ਕੰਪਨੀਆਂ ਨੂੰ ਭਾਰਤੀ ਖੇਤੀ ਉਤਪਾਦਾਂ ਦੀ ਸਿੱਧੀ ਖਰੀਦ ਅਤੇ ਵੰਡ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਇਸ ਨਾਲ ਛੋਟੇ ਕਿਸਾਨਾਂ ਨੂੰ ਬਹੁਤ ਨੁਕਸਾਨ ਹੋ ਸਕਦਾ ਹੈ। ਇਹ ਕੰਪਨੀਆਂ ਘੱਟ ਕੀਮਤਾਂ 'ਤੇ ਵੱਡੀ ਮਾਤਰਾ ਵਿੱਚ ਉਤਪਾਦ ਖਰੀਦ ਸਕਦੀਆਂ ਹਨ, ਜਿਸ ਨਾਲ ਛੋਟੇ ਕਿਸਾਨਾਂ ਲਈ ਮੁਕਾਬਲਾ ਕਰਨਾ ਮੁਸ਼ਕਿਲ ਹੋ ਜਾਵੇਗਾ। ਇਸ ਨਾਲ ਉਨ੍ਹਾਂ ਦੀ ਆਮਦਨ ਘਟੇਗੀ ਅਤੇ ਕਈਆਂ ਨੂੰ ਖੇਤੀ ਛੱਡਣੀ ਪੈ ਸਕਦੀ ਹੈ, ਜਿਸ ਨਾਲ ਪੇਂਡੂ ਖੇਤਰਾਂ ਵਿੱਚ ਬੇਰੁਜ਼ਗਾਰੀ ਵਧੇਗੀ। ਇਸ ਦੇ ਨਾਲ ਹੀ ਅਮਰੀਕਾ ਦੀ ਵਪਾਰਕ ਰਣਨੀਤੀ ਵਿੱਚ ਅਕਸਰ ਖਾਸ ਅਮਰੀਕੀ ਉਤਪਾਦਾਂ, ਜਿਵੇਂ ਬੋਇੰਗ ਜਹਾਜ਼ਾਂ ਦੀ ਖਰੀਦ ਦੀ ਮੰਗ ਅਤੇ ਅਮਰੀਕੀ ਕਿਸਾਨਾਂ ਦੇ ਉਤਪਾਦਾਂ ਲਈ ਜ਼ੋਰਦਾਰ ਬਾਜ਼ਾਰ ਬਣਾਉਣ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਹ ਵਪਾਰਕ ਘਾਟੇ ਘਟਾਉਣ ਦੀ 'ਅਮਰੀਕਾ ਪਹਿਲਾਂ' ਦੀ ਨੀਤੀ ਦਾ ਹਿੱਸਾ ਹੈ, ਜਿਸ ਵਿੱਚ ਦੂਜੇ ਦੇਸ਼ਾਂ 'ਤੇ ਡਿਊਟੀਆਂ ਲਗਾਉਣ ਦੀਆਂ ਧਮਕੀਆਂ ਵੀ ਸ਼ਾਮਲ ਹਨ।

ਅਮਰੀਕਾ ਨੇ ਭਾਰਤ ਤੋਂ ਫਾਰਮਾਸਿਊਟੀਕਲ ਅਤੇ ਤਕਨੀਕੀ ਖੇਤਰਾਂ ਵਿੱਚ ਸਖਤ ਬੌਧਿਕ ਸੰਪਤੀ ਅਧਿਕਾਰ (IPR) ਸੁਰੱਖਿਆ ਦੀ ਮੰਗ ਕੀਤੀ ਹੈ। ਅਮਰੀਕੀ ਕੰਪਨੀਆਂ, ਜਿਵੇਂ ਫਾਈਜ਼ਰ ਤੇ ਮਾਈਕ੍ਰੋਸੌਫਟ, ਚਾਹੁੰਦੀਆਂ ਹਨ ਕਿ ਭਾਰਤ ਆਪਣੇ ਪੇਟੈਂਟ ਕਾਨੂੰਨਾਂ ਨੂੰ ਹੋਰ ਸਖਤ ਕਰੇ ਤਾਂ ਜੋ ਉਨ੍ਹਾਂ ਦੀਆਂ ਨਵੀਆਂ ਦਵਾਈਆਂ ਅਤੇ ਸੌਫਟਵੇਅਰ 'ਤੇ ਲੰਮੇ ਸਮੇਂ ਤੱਕ ਏਕਾਧਿਕਾਰ ਰਹੇ। ਭਾਰਤ, ਜੋ ਸਸਤੀਆਂ ਜੈਨਰਿਕ ਦਵਾਈਆਂ ਦਾ ਵਿਸ਼ਵ ਦਾ ਸਭ ਤੋਂ ਵੱਡਾ ਸਪਲਾਇਰ ਹੈ, ਅਜਿਹੀਆਂ ਸਖਤ ਸ਼ਰਤਾਂ ਨੂੰ ਮੰਨਣ ਤੋਂ ਹਿਚਕਿਚਾਉਂਦਾ ਹੈ, ਕਿਉਂਕਿ ਇਹ ਘਰੇਲੂ ਦਵਾਈ ਉਦਯੋਗ ਅਤੇ ਸਿਹਤ ਸੰਭਾਲ ਦੀ ਸੁਲਭਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸੇ ਤਰ੍ਹਾਂ ਅਮਰੀਕਾ ਨੇ ਭਾਰਤ ਦੀਆਂ ਡੇਟਾ ਸਥਾਨੀਕਰਨ ਨੀਤੀਆਂ ਵਿੱਚ ਢਿੱਲ ਦੀ ਮੰਗ ਕੀਤੀ ਹੈ ਤਾਂ ਜੋ ਅਮਰੀਕੀ ਟੈਕ ਕੰਪਨੀਆਂ ਜਿਵੇਂ ਗੂਗਲ ਅਤੇ ਅਮਾਜ਼ੋਨ ਲਈ ਰੁਕਾਵਟਾਂ ਖ਼ਤਮ ਹੋ ਸਕਣ। ਭਾਰਤ ਦੀਆਂ ਨੀਤੀਆਂ ਮੁਤਾਬਿਕ, ਸੰਵੇਦਨਸ਼ੀਲ ਡੇਟਾ ਨੂੰ ਸਥਾਨਕ ਸਰਵਰਾਂ 'ਤੇ ਸਟੋਰ ਕਰਨਾ ਜ਼ਰੂਰੀ ਹੈ, ਜੋ ਅਮਰੀਕੀ ਕੰਪਨੀਆਂ ਦੀ ਗਲੋਬਲ ਡੇਟਾ ਪ੍ਰਾਸੈਸਿੰਗ ਰਣਨੀਤੀ ਨਾਲ ਮੇਲ ਨਹੀਂ ਖਾਂਦਾ।

ਸੰਸਾਰ 'ਚ ਬਦਲਦੇ ਭੂ-ਰਾਜਨੀਤਕ ਤੇ ਆਰਥਿਕ ਸਮੀਕਰਨਾਂ ਦੇ ਦੌਰ 'ਚ ਦੇਸ਼ਾਂ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਸੱਚੀ ਭਾਈਵਾਲੀ ਸਿਰਫ਼ ਵਪਾਰਕ ਲਾਭਾਂ 'ਤੇ ਆਧਾਰਿਤ ਨਹੀਂ ਹੁੰਦੀ। ਇਹ ਆਪਸੀ ਵਿਸ਼ਵਾਸ, ਸੱਭਿਆਚਾਰਕ ਸੰਵੇਦਨਸ਼ੀਲਤਾਵਾਂ ਦਾ ਸਤਿਕਾਰ, ਅਤੇ ਸਾਂਝੇ ਮੁੱਲਾਂ 'ਤੇ ਨਿਰਭਰ ਕਰਦੀ ਹੈ। ਅਮਰੀਕਾ ਦੀ 'ਅਮਰੀਕਾ ਪਹਿਲਾਂ' ਵਾਲੀ ਵਪਾਰਕ ਰਣਨੀਤੀ ਜੋ ਤੁਰੰਤ ਲਾਭ ਲਈ ਸਖ਼ਤ ਸ਼ਰਤਾਂ ਥੋਪਦੀ ਹੈ, ਅਕਸਰ ਲੰਮੇ ਸਮੇਂ ਦੇ ਸਬੰਧਾਂ ਵਿੱਚ ਅੜਿੱਕਾ ਪੈਦਾ ਕਰਦੀ ਹੈ। ਆਲਮੀ ਸਹਿਯੋਗ ਦਾ ਭਵਿੱਖ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਦੇਸ਼ ਕਿਵੇਂ ਆਪਣੀ ਵੰਨ-ਸਵੰਨਤਾ ਨੂੰ ਪਛਾਣਦੇ ਹੋਏ, ਸਾਂਝੇ ਹਿੱਤਾਂ ਲਈ ਇਕਜੁੱਟ ਹੋ ਸਕਦੇ ਹਨ, ਨਾ ਕਿ ਸਿਰਫ਼ ਆ-ਪਣੀਆਂ ਸ਼ਰਤਾਂ ਥੋਪਣ 'ਤੇ ਜ਼ੋਰ ਦੇਣ ਲਈ। ਹਰ ਮੁਲਕ ਦੀ ਆਪਣੀ ਵਿਲੱਖਣ ਪਛਾਣ ਅਤੇ ਤਰਜੀਹਾਂ ਹਨ, ਜਿਨ੍ਹਾਂ ਨੂੰ ਸਮਝੇ ਬਿਨਾਂ ਕੋਈ ਵੀ ਸਮਝੌਤਾ ਅਧੂਰਾ ਰਹੇਗਾ।

Ranjit Kandola
Broker (MAC Real Estate Services)
CHECK DAILY MORTGAGE RATES @
WWW.DesiMortgageBroker.com
HIRING & TRAINING: MORTGAGE LOAN ORIGINATORS
MAC REAL ESTATE SERVICES
Mortgage Brokerage Since 2003
EQUAL HOUSING LENDER
BBB ACCREDITED BUSINESS A+ rating
(916) 917-2393 Mobile
(916) 516-1116 Office
Broker@DesiMortgageBroker.com
5701 Lonetree Blvd, Suite 126 H
Rocklin CA 95765
Company NMLS 1133016 DRE 01800662 NMLS 347022



Rajiv "Raj" Bagga
Realtor/Notary Public
Bagga Realty Group
MAC Real Estate Services
MAC REAL ESTATE SERVICES
Since 2003
EQUAL HOUSING OPPORTUNITY
BBB A+ rating
(916) 450 - 0851
BaggaRealtyGroup@gmail.com
5701 Lonetree Blvd, Suite 126 H
Rocklin CA 95765
DRE 02147757 Company DRE 01800662